Digitized by Arya Samaj Foundation Chennai and eGangotri

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਿਕ ਵਿਸ਼ੇਸ਼ਤਾ

ਡਾ. ਗੋਪਾਲ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਿਕ ਵਿਸ਼ੇਸ਼ਤਾ

ਡਾ. ਗੋਪਾਲ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਗ੍ਰੰਥ ਸਾਹਿਬ ਦੀ ਸਾਹਿਤਿਕ ਦੇਣ ਨੂੰ ਇਸ ਹਥਲੀ ਪੁਸਤਕ ਵਿਚ ਪਹਿਲੀ ਵੇਰ ਨਿਖਰਿਆ, ਪਰਖਿਆ ਗਿਆ ਹੈ । ਅਗੇ ਸਦਾ ਇਸ ਨੂੰ ਇਕ ਪੂਜਯ ਧਰਮ ਗ੍ਰੰਥ ਵਾਂਗ ਹੀ ਵਿਚਾਰਿਆ ਜਾਂਦਾ ਰਿਹਾ ਹੈ । ਪਰ ਇਸਦੀ ਕਵਿਤਾ ਕਿਤਨੀ ਮਹਾਨ ਹੈ, ਕ੍ਵਿੇਂ ਇਸ ਨੇ ਸਾਡੇ ਸਭਨਾਂ ਦੇ ਸਦਾਚਾਰਕ ਵਿਰਸੇ ਨੂੰ ਢਾਲਿਆ ਹੈ, ਇਸ ਦੀ ਇਤਿਹਾਸਕ ਵਡਿਆਈ ਕੀ ਹੈ, ਇਸ ਨੇ ਸਾਡੀ ਬੋਲੀ ਨੂੰ ਕਿਤਨਾ ਅਮੀਰ ਬਣਾਇਆ ਹੈ ਤੇ ਸਾਡੇ ਸੋਹਜ-ਸਵਾਦ ਵਿਚ ਕਿਤਨਾ ਵਾਧਾ ਕੀਤਾ ਹੈ, ਇਹ ਅਗੇ ਕਿਸੇ ਪਾਰਖੂ ਨੇ ਨਹੀਂ ਸੀ ਦਰਸਾਇਆ ।

ਸਾਡਾ ਵਿਸ਼ਵਾਸ਼ ਹੈ ਕਿ ਇਸ ਦੇ ਮਹਾਨ ਸਾਹਿਤ ਨੂੰ ਨਾ ਕੇਵਲ ਸ਼ਰਧਾਵਾਨ ਸਿੱਖ ਹੀ, ਸਗੋਂ ਸਭੇ ਪੰਜਾਬੀ, ਬਿਨਾਂ ਜਾਤ ਜਾਂ ਧਰਮ ਦੇ ਵਿਤਕਰੇ ਦੇ ਮਾਣ ਸਕਦੇ ਹਨ । ਇਸੇ ਲਈ ਹੀ ਇਹ ਯਤਨ ਦਸਾਂ ਕੁ ਵਰ੍ਹਿਆਂ ਦੀ ਖੋਜ ਤੋਂ ਪਿਛੋਂ ਅਸੀਂ ਪਾਠਕਾਂ ਦੇ ਪੇਸ਼ ਕਰ ਰਹੇ ਹਾਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

5934

पुस्तकालय
गुरुकुल काँगड़ी विश्वविद्यालय, हरिद्वार

वर्ग संख्या.................आगत संख्या..............

पुस्तक-वितरण की तिथि नीचे अंकित है। इस तिथि सहित २० वें दिन तक यह पुस्तक पुस्तकालय में वापिस आ जानी चाहिए। अन्यथा १० पैसे के हिसाब से विलम्ब-दण्ड लगेगा।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ੍ਰੀ ਗੁਰੂ ਗ੍ਰੰਥ ਸਾਹਿਬ

ਦੀ

ਸਾਹਿਤਿਕ ਵਿਸ਼ੇਸ਼ਤਾ

DONATION

6934

पुस्तकालय
पुस्तकालय
कांगड़ी विश्वविद्यालय

ਕ੍ਰਿਤ

ਡਾ. ਗੋਪਾਲ ਸਿੰਘ

ਐਮ.ਏ., ਪੀ.ਐਚ.ਡੀ.

ਵਰਲਡ ਬੁਕ ਸੈਂਟਰ, ਨਵੀਂ ਦਿੱਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ADI GRANTH AS LITERATURE

Dr. Gopal Singh—1987

ਮੁਲ : 50 ਰੁਪਏ

ਪ੍ਰਿੰਟਰ : ਨੈਸ਼ਨਲ ਪ੍ਰੈਸ ਆਫ਼ ਇੰਡੀਆ ਤੇ ਆਰਸ ਕੰਪੋਜ਼ਿੰਗ ਹਾਊਸ, ਦਿੱਲੀ-110006
ਪ੍ਰਕਾਸ਼ਕ : ਵਰਲਡ ਬੁਕ ਸੈਂਟਰ, 12/3-ਆਸਫ਼ ਅਲੀ ਰੋਡ, ਨਵੀਂ ਦਿੱਲੀ-110002

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੂਮਿਕਾ ੭

੧. ਗੁਰੂ ਗ੍ਰੰਥ ਸਾਹਿਬ ਵਿਚ ਰੱਬ ਦਾ ਸੁਹਜਵਾਦੀ ਸਰੂਪ ੯

੨. ਗੁਰੂ ਗ੍ਰੰਥ ਦੇ ਫ਼ਲਸਫ਼ੇ ਦਾ ਕਾਵਿਕ ਰੂਪ ੨੧

੩. ਗੁਰੂ ਗ੍ਰੰਥ ਦਾ ਸਮਾਜਕ ਆਦਰਸ਼ ੩੯

੪. ਗੁਰੂ ਗ੍ਰੰਥ ਦੀ ਕੁਦਰਤ-ਕਵਿਤਾ ੫੯

੫. ਗੁਰੂ ਗ੍ਰੰਥ ਦੀ ਰੂਪ ਕਲਾ ੮੩

੬. ਗੁਰੂ ਗ੍ਰੰਥ ਦੀ ਕਵਿਤਾ ਵਿਚ ਸੁਹਜ-ਰਸ ੧੧੦

੭. ਗੁਰੂ ਗ੍ਰੰਥ ਦੀ ਮੂਲ ਸ਼ਬਦਾਵਲੀ ੧੩੫

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਸਦੀ ਦੇ ਚੋਣਵੇਂ ਸਿੱਖ ਵਿਦਵਾਨਾਂ

ਭਾ: ਕਾਹਨ ਸਿੰਘ, ਭਾ: ਵੀਰ ਸਿੰਘ, ਭਾ: ਜੋਧ ਸਿੰਘ,

ਪ੍ਰੋ: ਤੇਜਾ ਸਿੰਘ, ਡਾ: ਗੰਡਾ ਸਿੰਘ ਤੇ ਡਾ: ਤਾਰਨ ਸਿੰਘ

ਦੇ

ਨਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੂਮਿਕਾ

ਬਾਲਪਨ ਸਭ ਦਾ ਕਵਾਰਾ ਹੁੰਦਾ ਹੈ, ਆਤਮਾ ਦਾ ਵੀ; ਪਰ ਜਵਾਨੀ ਨੂੰ ਜਦ ਫੁੱਲ ਲਗਦੇ ਹਨ, ਤਾਂ ਖ਼ੁਸ਼ਬੂਈ ਦਾ ਝੱਖੜ ਆਪਣੇ ਤੋਂ ਬਾਹਿਰ ਖਿਲਰਨ ਨੂੰ ਤਾਂਘਦਾ ਹੈ, ਖੰਭ ਜਿਵੇਂ ਉਸ ਨੂੰ ਅਚੇਤ ਹੀ ਆ ਲਗੇ ਹੋਣ—ਉਡਦਾ ਹੈ, ਗਾਉਂਦਾ ਹੈ, ਅਸਗਾਹਾਂ ਨੂੰ ਗਾਹੁਣਾ ਲੋਚਦਾ ਹੈ, ਮੂਕ ਭਾਵੇਂ ਉਸ ਦੀ ਜ਼ਬਾਨ ਹੋਵੇ, ਜਿਵੇਂ ਜਵਾਨ ਹੋਈ ਧੀ ਦਾ ਅੰਗ ਅੰਗ ਬੋਲਦਾ ਹੈ :—

'ਤੇਰੇ ਬਾਗ਼ਾਂ ਦੇ ਵਿਚ ਵਿਚ ਜੀ,
ਬਾਬਲ ਸਾਨੂੰ ਪਿਆਸ ਲਗੀ ।'

ਪਰ ਕੋਈ ਵੀ ਬਾਬਲ ਧੀ ਦੀ ਪਿਆਸ ਘਰ ਦੇ ਖੂਹੇ ਵਿਚੋਂ ਮਿਟਾ ਨਹੀਂ ਸਕਦਾ :

'ਧੀਏ ਖੂਹਾ ਖੁਟਾ ਦੇਸਾਂ ਨੀ,
ਜਾਈਏ ਘਰ ਜਾ ਆਪਣੇ ।'

ਘਰ ਆਪਣੇ ਹੀ ਉਸ ਦੀ ਤ੍ਰਿਸ਼ਨਾ ਬੁਝਦੀ ਹੈ । ਬੁਝਦੀ ਹੈ ਕਿ ਚਮਕਦੀ ਹੈ, ਕਿ ਨ੍ਹਵੀਆਂ 'ਦੂਖ ਭੂਖ' ਦੀਆਂ ਲਹਿਰਾਂ ਆਣ ਚਮੁਟਦੀਆਂ ਹਨ, ਇਸ ਦਾ ਵੀ ਪਤਾ ਨਹੀਂ—'ਵੀਵਾਹੀ ਤਾਂ ਮਾਮਲੇ', ਹੁਣ ਮੁੜ ਕੰਵਾਰੇ ਨਾ ਹੋਣ ਦਾ ਪਛੋਤਾਓ ਹੱਡਾਂ ਨੂੰ ਖਾਂਦਾ ਹੈ । ਕੋਈ ਕੋਈ ਤਾਂ 'ਆਸਾ ਮਾਹਿ ਨਿਰਾਸ' ਰਹਿਣ ਦਾ ਪਰਤਾਵਾ ਕਰ ਕੇ ਚਿੱਕੜ-ਫਾਥੇ ਕੰਵਲ ਹਾਰ ਸਹਿਜ-ਘਰ ਵਿਚ ਜਾ ਟਿਕਦੇ ਹਨ । ਜਾਂ ਆਪਾ-ਆਪੀ ਤੇ 'ਮੈਂ ਮੇਰੀ' ਦਾ ਵਿਨਾਸ਼ ਕਰ, ਆਪਣੇ ਸ਼ਹੁ-ਸਾਗਰ ਵਿਚ ਆਪਣੀ ਹਉਮੈ ਹਸਤੀ ਹਲੂਲ ਕਰ ਦੇਂਦੇ, ਦੁਖ ਸੁਖ ਥੀਂ ਉਚੇ ਉਠ ਖੜੋਂਦੇ ਹਨ—'ਕਤ ਜਾਈਐ ਰੇ, ਘਰ ਲਾਗੋ ਰੰਗ', ਪਰ ਬਾਕੀ ਸਭੇ ਹਫਦੇ, ਲੋਚਦੇ, ਹਾਬੜੇ, ਜਦੋਂ ਤੀਕ ਜੀਂਵਦੇ, ਪਲ ਪਲ ਮਰਦੇ, ਮ੍ਰਿਗ ਤ੍ਰਿਸ਼ਨਾ ਵਿਚ ਫਾਥੇ, ਭੋਗਾਂ ਦੇ ਹਥੀਂ ਭੋਗੀਂਦੇ, ਜੁਆਰੀਆਂ ਵਾਂਗੂੰ ਦੋਇ ਹਾਥ ਝਾੜ ਜੀਰਾਣ ਵਿਚ ਜਾਂ ਸੰਵਦੇ ਹਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਦਰੋਂ ਜਾਗਿਆ ਮਨੁੱਖ ਕਿਹੜੀ ਪਿਰਤ ਨੂੰ ਪਾਲੇ, ਇਸ ਲਈ ਗੁਰੂ ਗ੍ਰੰਥ ਦੀ ਸੁਚੀ ਬਾਣੀ ਮੈਂ ਕਈ ਵੇਰ ਪੜ੍ਹੀ ਹੈ, ਕਿਸੇ ਉਕਤੀ ਯੁਕਤੀ ਜਾਂ ਫ਼ਲਸਫ਼ੇ ਜਾਂ ਨਿਆਏ ਨੂੰ ਲਭਣ ਲਈ ਨਾਂਹ, ਕਿਉਂਕਿ ਇਹ ਭਾਲ ਤਾਂ ਕਉਏ ਦੇ ਚੁੰਚ ਗਿਆਨ ਨੂੰ ਲੋਂਕਣ ਵਾਂਗ ਸਾਡੀ ਆਤਮਾ ਨੂੰ ਵੰਗਾਰ ਨਹੀਂ ਪਾਉਂਦੀ, ਕੇਵਲ ਮਨ ਨੂੰ ਹੀ ਵਿਵਾਦ ਤੇ ਤਰਕ-ਪਰਖ ਦੀ ਦਾਤ੍ਰੀ ਬਖ਼ਸ਼ਦੀ ਹੈ। ਜੀਵਨ ਭਰ ਜੀਉਣ ਲਈ, ਸਰੀਰਕ ਤੇ ਆਤਮਕ ਦੋਹਾਂ ਪੱਧਰਾਂ ਉਤੇ, ਤੇ ਇਵੇਂ ਕਿ ਸਭ ਕੁਝ ਗ੍ਰਹਿਣ ਕੀਤਿਆਂ ਸਭ ਕੁਝ ਤਿਆਗਿਆ ਲਗੇ ਤੇ ਤਿਆਗ 'ਹੁੰਦੇ ਸੁੰਦੇ' ਦਾ ਹੋਵੇ, ਭੁੱਖੇ, ਬੁੜ੍ਹੇ, ਅਪਾਹਜ, ਮੰਗਤੇ, ਵੈਰਾਗੀ ਦਾ ਨਾ ਹੋਵੇ, ਇਹ ਰਮਜ਼ ਜਦ ਮੈਂ ਗੁਰੂ ਗ੍ਰੰਥ ਜੀ ਵਿਚ ਤਕੀ ਤੇ ਉਸ ਦੇ ਰੱਬ; ਸਹਿਜ-ਘਰ, ਸੰਜੋਗ-ਵਿਜੋਗ, ਘਾਲ-ਕਮਾਈ, ਜੀਵਨ-ਮੌਤ, ਆਦਿ ਨੂੰ ਅਤਿ ਨੇੜੇ ਦੇ, ਹੱਡੀਂ ਬੀਤੇ, ਸੁਹਜਵਾਦੀ, ਕਾਵਿ-ਮਈ ਚਿੰਨ੍ਹਾਂ ਵਿਚ ਬੱਧਾ ਡਿਠਾ ਤਾਂ ਮੇਰੀ ਆਤਮਾ ਸੁਆਦ ਵਿਚ ਗੜੂੰਦੀ ਗਈ। ਉਸੇ ਸੁਆਦ ਦਾ ਕੁਝ ਝਲਕਾਰਾ ਅਗਲੇ ਪੰਨਿਆਂ ਵਿਚ ਹੈ। ਇਹ ਇਕ ਰਸ-ਭਿੰਨੀ ਆਤਮਾ ਦਾ ਮਾਨੋਂ ਉਛਾਲਾ ਹੈ ਜੋ 'ਮੋਹੀ ਦੇਖ ਦਰਸ ਨਾਨਕ ਬਲਿਹਾਰੀਆਂ' ਹੁੰਦੀ ਜਾਂਦੀ ਹੈ। ਮਨ ਦੇ ਮੋਤੀ ਚੁਗਣੇ ਤਾਂ ਵਿਚਾਰ ਦੀ ਖੇਡ ਹੈ; ਆਤਮਾ ਤਾਂ ਨੂਰ ਨੂੰ ਨੰਗਾ ਵੇਖ ਵਿਸਮਾਦ ਹੀ ਹੋ ਸਕਦੀ ਹੈ।

ਕਰਤਾ

ਰਾਜ ਭਵਨ,
ਗੋਆ
25 ਦਿਸੰਬਰ, 1987

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

1

ਗੁਰੂ ਗ੍ਰੰਥ ਵਿਚ ਰੱਬ ਦਾ ਸੂਹਜਵਾਦੀ ਸਰੂਪ

ਹਰ ਉਚੇਰੇ ਸਾਹਿਤ ਦਾ ਪਾਠ ਸਾਨੂੰ ਨਿਰੋਲ ਨਿੱਜੀ, ਵਿਕੋਲਿਤਰੇ, ਹੱਡ ਚੰਮ ਦੇ ਜਾਂ ਜਿਸ ਨੂੰ 'ਹਉਮੈ' ਦਾ ਜੀਵਨ ਵੀ ਆਖਿਆ ਜਾਂਦਾ ਹੈ, ਤੋਂ ਉਪਰ ਉਠਾ ਕੇ ਕਿਸੇ ਸਰਬ-ਸਾਂਝੇ ਆਤਮਕ ਜਾਂ ਆਦਰਸ਼ਕ ਜੀਵਨ ਪਿਛੇ ਮਚਾਂਦਾ ਹੈ। ਉਹ ਜੀਵਨ ਨੂੰ ਦਿਸਦੇ, ਨਿਤ ਦੇ ਤਜਰਬੇ ਵਿਚ ਆਉਂਦੇ ਸਰੀਰਕ ਸੁਆਦਾਂ ਤੇ ਰੰਗ ਰਲੀਆਂ ਨੂੰ ਮਾਣਦੇ, ਲੌਕਿਕ ਪਾਸੇ ਦੀ ਥਾਂ ਕਿਸੇ ਅਲੌਕਾਰ, ਅਕਹਿ, ਮਹਾਨ ਨਿਸ਼ਾਨੇ ਦੀ ਝਾਤ ਪੁਆਉਂਦਾ ਹੈ। ਸਾਹਿਤ ਭਾਵੇਂ ਕਿੰਨਾ ਵੀ ਸ੍ਰੀਰਕ, ਅਸਲਵਾਦੀ ਕਿਉਂ ਨ ਹੋਵੇ, ਉਸ ਵਿਚੋਂ ਕਿਸੇ ਨ ਕਿਸੇ ਤਰ੍ਹਾਂ ਦਾ ਆਦਰਸ਼ ਜ਼ਰੂਰ ਝਲਕਦਾ, ਝਰਦਾ ਦਿਸ ਆਉਂਦਾ ਹੈ। ਧਾਰਮਕ ਜਾਂ ਰਹੱਸਵਾਦੀ ਸਾਹਿਤ ਆਮ ਕਰ ਕੇ ਸ੍ਰੀਰਕ ਜੀਵਨ ਦੀ ਨਾਸ਼ਮਾਨਤਾ ਨੂੰ ਦਰਸਾ ਕੇ ਆਤਮਾ ਦੇ ਘਰ ਜੀਊਣ ਦੀ ਜਾਚ ਦਸਦਾ ਹੈ। ਇਸ ਨਾਲ ਮਨੁਖ ਨੂੰ ਇਉਂ ਮਹਿਸੂਸ ਹੁੰਦਾ ਹੈ, ਜਿਵੇਂ ਉਹ ਉਹ ਕੁਝ ਨਹੀਂ, ਜੋ ਉਸ ਨੂੰ ਦਿਸਦਾ ਹੈ, ਉਸ ਦੀ ਹੰਗਤਾ, ਦੂਈ, ਨਫ਼ਸ, ਤੇ 'ਮੈਂ ਮੇਰੀ' ਦਾ ਨਾਸ ਹੁੰਦਾ, ਤੇ ਇੱਕ ਅਜੇਹੇ ਤੱਤ ਦਾ ਪ੍ਰਕਾਸ਼ ਅੰਦਰ ਬਲਦਾ ਹੈ, ਜਿਸ ਨਾਲ ਸਭ ਕੁਝ 'ਉਹੀ, ਤੁਸੀਂ, ਤੂੰਹੀਂ' ਹੋ ਜਾਂਦਾ ਹੈ, ਅਰਥਾਤ ਮਨੁਖ ਸਾਰੀ ਕਾਇਨਾਤ ਨਾਲ ਇਕ-ਸੁਰ ਹੋ ਜਾਂਦਾ ਹੈ। ਫਿਰ ਉਹ ਕਿਸੇ ਜੀਵ ਅਜੀਵ ਤੋਂ ਭਿੰਨ ਨਹੀਂ ਰਹਿੰਦਾ, 'ਜੁਜ਼' ਕੁਲ ਵਿਚ ਵਟ ਜਾਂਦੀ ਹੈ, ਨਿੱਜ ਦਾ ਬੁਲਬੁਲਾ ਪਾਟ ਕੇ ਜੀਵਨ ਦੇ ਅਥਾਹ ਸਾਗਰ ਨਾਲ ਇਕ-ਮਿਕ ਹੋ ਜਾਂਦਾ ਹੈ। ਇਸ ਅਸਗਾਹ, ਅਥਾਹ ਸਾਗਰ ਨੂੰ ਧਾਰਮਕ ਬੋਲੀ ਵਿੱਚ 'ਰੱਬ' ਆਖਿਆ ਗਿਆ ਹੈ। ਰਹੱਸਵਾਦੀ ਤਜਰਬਾ ਰੱਬ ਨੂੰ ਇਕ ਅਜੇਹੀ ਜੋਤੀ, ਪਰਮ ਤਤ ਜਾਂ ਮੂਲ-ਸੱਤਾ ਮੰਨਦਾ ਹੈ, ਜਿਸ ਤੋਂ ਸਭ ਤੱਤ, ਜੋਤਾਂ ਤੇ ਸੱਤਾਂ ਪੈਦਾ ਹੁੰਦੀਆਂ ਹਨ। ਪਰ ਇਸ ਦਾ ਸਰੂਪ ਅਡੋ ਅਡ ਰਹੱਸਵਾਦੀ ਸ਼੍ਰੇਣੀਆਂ ਨੇ ਅੱਡ ਅੱਡ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੰਨਿਆ ਹੈ । ਕਈਆਂ ਨੇ ਮਿੱਥ ਲਿਆ ਹੈ, ਜਿਵੇਂ ਵੇਦਾਂਤ ਨੇ, ਕਿ ਪਰਮ-ਆਤਮਾ ਦਾ ਨਿਵਾਸ ਸਾਡੇ ਅੰਦਰ ਹੀ ਹੈ, ਨਹੀਂ ਨਹੀਂ ਅਸੀਂ ਹੀ ਪਰਮ-ਆਤਮਾ ਹਾਂ, ਕੇਵਲ 'ਦੂਈ' ਦਾ ਪਰਦਾ ਗਿਆਨ ਅਥਵਾ ਵੈਰਾਗ ਰਾਹੀਂ ਪਾੜ ਸੁਟਣ ਨਾਲ ਅਸੀਂ ਆਪਣੇ ਆਪ ਵਿਚ ਜੋਤੀ ਸਰੂਪ ਨੂੰ ਵੇਖ ਲੈਂਦੇ ਜਾਂ ਆਪ ਹੀ ਬ੍ਰਹਮ ਹੋ ਜਾਂਦੇ ਹਾਂ । ਸੂਫ਼ੀਆਂ ਨੇ ਵੀ ਇਸੇ ਖ਼ਿਆਲ ਨੂੰ ਅਪਣਾਇਆ ਹੈ, ਜਿਵੇਂ ਬੁਲ੍ਹੇ ਸ਼ਾਹ ਲਿਖਦਾ ਹੈ :—

'ਕੁਪੀ ਦੇ ਵਿਚ ਰੋੜ ਖੜਕਦਾ, ਮੂਰਖ ਆਖੇ ਬੋਲੇ ਕੌਣ ?'

ਜਾਂ 'ਸਾਧੋ ਕਿਸ ਨੂੰ ਕੂਕ ਸੁਣਾਵਾਂ, ਮੇਰੀ ਬੁਕਲ ਦੇ ਵਿਚ ਚੋਰ,
ਚੁੱਕ ਗਏ ਸਭ ਝਗੜੇ ਝੇੜੇ, ਨਿਕਲ ਪਿਆ ਕੋਈ ਹੋਰ ।'

ਇਹ ਰਮਜ਼ ਵੇਦਾਂਤ ਦੀ ਹੈ । ਕੇਵਲ ਕਹਿਣ ਦਾ ਢੰਗ ਅੱਡਰਾ ਹੈ । ਸੂਫ਼ੀ ਗੱਲ ਨੂੰ ਵਧੀਕ ਜੋਸ਼, ਸ਼ੋਖ਼ੀ, ਹਾੜੇ, ਪ੍ਰਤੀਤੀ ਤੇ ਮਿਹਣੇ ਨਾਲ ਆਖਦਾ ਹੈ, ਜਿਸ ਤੋਂ ਭੁਲੇਵਾਂ ਦੁਨਿਆਵੀ ਇਸ਼ਕ ਦਾ ਪੈਂਦਾ ਹੈ । ਵੇਦਾਂਤੀ ਉਹੀ ਰਮਜ਼ ਜੀਵਨ ਦੇ ਸੁਆਦਾਂ, ਜਜ਼ਬਿਆਂ ਤੋਂ ਘ੍ਰਿਣਤ ਕਰ ਕੇ ਵੈਰਾਗ ਵਿਚ ਲਿਆ ਗਿਆਨ ਦੀ ਸਮਝਾਉਣੀ ਰਾਹੀਂ ਖੋਲ੍ਹਦਾ ਹੈ, ਪਰ ਜਦ ਉਹ ਨਿਰਗੁਣ ਯਾ ਸਰਗੁਣ ਧਾਰਾ ਦੀ ਬਾਣੀ ਉਚਾਰਦਾ ਹੈ, ਅਰਥਾਤ ਰੱਬ ਨੂੰ ਨਿਰਾਕਾਰ ਮੰਨਣ ਦੀ ਥਾਂ ਕਿਸੇ ਅਵਤਾਰ ਜਾਂ ਮਹਾਂ ਪੁਰਖ ਨੂੰ ਉਸ ਦਾ ਸਰੂਪ ਮਿੱਥ ਲੈਂਦਾ ਹੈ, ਤਾਂ ਉਸ ਵਿਚ ਵੀ ਸ਼ੋਖ਼ੀ ਤੇ ਇਸ਼ਕ ਮਜਾਜ਼ੀ ਦੀ ਗਰਮੀ ਘਟ ਨਹੀਂ ਹੁੰਦੀ :—

'ਮੈਂ ਵਿਚ ਮੈਂ ਨਾ ਮੈਂਡੀ ਕਾਈ ।
ਪਹਿਲੀ ਦਿਸਟਿ ਘੜੋਟਾ ਭੰਨਾ,
ਘੁੰਡਿ ਕਢੇਂਦੀ ਨੂੰ ਤਾਬਿ ਨਾ ਆਈ ।
ਸਜਣ ਤਾਂ ਮੈਂਡਾ ਅੱਖੀਆਂ ਵਿਚ ਵਸਦਾ ।
ਮੂਲ ਨ ਦੇਇ ਦਿਖਾਈ ।' [ਵਲੀ ਰਾਮ]

ਕ੍ਰਿਸ਼ਨ-ਲੀਲ੍ਹਾ ਦੇ ਗਾਂਵੇਂ ਗੀਤ ਹਿੰਦੀ ਸਾਹਿੱਤ ਵਿਚ ਇਸ ਤਰ੍ਹਾਂ ਦੇ ਅਨੇਕ ਮੋਤੀ ਪੇਸ਼ ਕਰਦੇ ਹਨ । ਪਰ ਸਾਮੀ ਮੱਤ (ਜਿਵੇਂ ਇਸਲਾਮ) ਤਾਂ ਰੱਬ ਨੂੰ ਅਰਬ ਦੇਸ਼ਾਂ ਦੇ ਰਾਜਸੀ ਨਿਜ਼ਾਮ ਵਾਂਗ ਸ੍ਰਿਸ਼ਟੀ ਤੋਂ ਬਾਹਰ, ਉੱਚਾ, ਅਤਿ ਉੱਚੇ ਦਰਜੇ ਦਾ ਹਾਕਮ, ਤੇ ਪਾਤਸ਼ਾਹ ਦਰਸਾਂਦੇ ਹਨ, ਜਿਸ ਪਾਸ ਦੰਡ ਦੇਣ ਲਈ ਕੁੰਭੀ ਨਰਕ ਤੇ ਇਨਾਮ ਵੰਡਣ ਲਈ ਖਿੱਚਦੀ ਸ੍ਵਰਗ ਹੈ, ਜਿਸ ਵਿਚ ਦੁੱਧ ਦੀਆਂ ਨਹਿਰਾਂ ਵਗਦੀਆਂ ਤੇ ਹੂਰਾਂ ਚੋਜ ਕਰਨ ਲਈ ਹਰ ਵੇਲੇ ਤਤਪਰ ਰਹਿੰਦੀਆਂ ਹਨ : ਬੁੱਧ ਮਤ ਨੇ ਰੱਬ ਦੀ ਨਿਰਾਕਾਰ ਜਾਂ ਸਾਕਾਰ ਹਸਤੀ ਵਲ ਇਸ਼ਾਰਾ ਨਹੀਂ ਕੀਤਾ, ਗਿਆਨ ਰਾਹੀਂ ਹੀ ਮਨ ਦੀਆਂ ਇੱਛਾਵਾਂ ਨੂੰ ਸਿਧਾ ਕੇ ਇਕ ਦਰਮਿਆਨੇ ਮਾਨੋ ਸਹਿਜ ਅਵਸਥਾ ਦੇ ਰਸਤੇ ਨੂੰ ਵਿਆਖਿਆ ਹੈ, ਜਿਸ ਵਿਚ ਮਨ ਵਿਚੋਂ ਵਿਕਾਰ ਨਹੀਂ ਉਠਦੇ, ਕਿਸੇ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਰਨ, ਦੁਖਾਣ ਤੇ ਜੀਅ ਨਹੀਂ ਕਰਦਾ। ਬੋਲੀ ਸ਼ੁੱਧ, ਸੁੱਚੀ ਤੇ ਨਿਰ-ਅਭਿਮਾਨ ਹੋ ਜਾਂਦੀ ਹੈ; ਜੋ ਕੰਮ ਹੁੰਦਾ ਹੈ, ਦੂਜਿਆਂ ਦੇ ਭਲੇ ਲਈ ਹੁੰਦਾ ਹੈ, ਬਸ ਅਜੇਹੀ ਆਤਮਾ ਨੂੰ ਮੁੜ ਕੇ ਜਨਮ ਧਾਰਨ ਦੀ ਲੋੜ ਨਹੀਂ ਪੈਂਦੀ, ਜੋ ਕਿ ਮਨੁੱਖੀ ਜੀਵਨ ਦਾ ਬੁੱਧ ਮਤ ਅਨੁਸਾਰ ਅੰਤਮ ਮਨੋਰਥ ਹੈ। ਈਸਾਈ ਮਤ ਰੱਬ ਨੂੰ ਜੱਗੋਂ ਬਾਹਰਾ, ਅਸਮਾਨਾਂ ਦਾ ਸੱਚਾ ਹਾਕਮ ਤੇ ਇਕੋ ਇਕ ਪਰ ਪਿਤਾ ਸਮਾਨ ਸਭ ਦੀ ਰਾਖੀ ਕਰਨ ਵਾਲਾ, ਦਰਸਾਉਂਦਾ ਹੈ, ਜਿਸ ਨੂੰ ਹਮੇਸ਼ਾ ਲਈ ਦੁਨੀਆਂ ਦੇ ਪਾਪ ਕਟਣ ਵਾਸਤੇ ਆਪਣੇ ਪੁੱਤਰ ਈਸਾ ਮਸੀਹ ਨੂੰ ਸੰਸਾਰ ਉਤੇ ਭੇਜਿਆ ਹੈ। ਜੋ ਕੋਈ ਵੀ ਉਸ ਦਾ ਰਸਤਾ ਫੜੇਗਾ, ਗ਼ਰੀਬੀ ਦਾ, ਨਿਸ਼ਕਟਤਾ ਦਾ, ਮਨੁੱਖ-ਪਿਆਰ ਦਾ, ਸ਼ਾਂਤੀ ਦਾ, ਅਰਥਾਤ ਸਮਾਜਕ ਸਮਝੌਤੇ ਦਾ, ਉਸ ਨੂੰ ਰੱਬ ਦੇ ਸਦੀਵੀ ਸਵਰਗ ਦੀ ਮਿੱਠੀ ਸ਼ਾਂਤੀ ਪ੍ਰਾਪਤ ਹੋਵੇਗੀ। ਜਿਹੜਾ ਰਹੱਸਵਾਦੀ ਸਾਹਿਤ ਈਸਾਈ ਮਤ ਦੀ ਪ੍ਰੇਰਨਾ ਨਾਲ ਲਿਖਿਆ ਗਿਆ ਹੈ, ਉਸ ਵਿਚ ਉਨ੍ਹਾਂ ਵਿਸਮਾਦੀ ਤਜਰਬਿਆਂ ਦਾ ਵੀ ਜ਼ਿਕਰ ਆਉਂਦਾ ਹੈ, ਜਦ ਕਿਸੇ ਸੱਚੀ ਤੇ ਸੁਚੀ ਆਤਮਾ ਨੂੰ ਬ੍ਰਹਮ ਦੇ ਕਿਸੇ ਅਪੂਰਨ, ਝਲਕੇ-ਝਾਂਵਲੇ ਦਾ ਦੀਦਾਰ ਨੂਰ ਦੇ ਝਮੱਕੇ ਵਾਂਗ ਆ ਕੇ ਚਕਾਚੂੰਧ ਕਰ ਜਾਂਦਾ ਹੈ। ਉਸ ਅਕਹਿ ਅਵਸਥਾ ਦਾ ਬਿਆਨ ਕਿਤੇ ਨਹੀਂ ਕੀਤਾ ਗਿਆ, ਕਿਉਂਕਿ ਉਹ ਸਮਝ ਤੋਂ ਪਰੇ ਹੈ। ਗੁੰਗੇ ਦੀ ਖਾਧੀ ਮਿਠਿਆਈ ਵਾਂਗ ਜਿਹੜਾ ਚਖਦਾ ਹੈ, ਉਹੀ ਇਸ ਅਨੁਭਵ ਦਾ ਅਨੰਦ ਲੈਂਦਾ ਹੈ, ਦੂਜਾ ਨਹੀਂ।

ਅਗਾਂਹ-ਵਧੂ ਸਾਹਿੱਤ, ਜਿਸਦੀ ਪ੍ਰੇਰਨਾ ਬਹੁਤੀ ਰੂਸ ਦੇ ਇਨਕਲਾਬ ਨੇ ਦਿਤੀ ਹੈ, ਕਿਸੇ ਅਜਿਹੀ ਹਸਤੀ ਜਾਂ ਜੋਤ ਮਨੁੱਖ ਦੇ ਅੰਦਰ ਜਾਂ ਬਾਹਰ ਦਾ ਕਾਇਲ ਨਹੀਂ, ਪਰ ਉਸ ਦਾ ਆਦਰਸ਼ ਵੀ ਵਿਅੱਕਤੀਗਤ ਜੀਵਨ ਤੋਂ ਉਪਰ ਉਠ ਕੇ ਜਾਤੀ ਦੇ ਜੀਵਨ ਨਾਲ (ਭਾਵੇਂ ਸ੍ਰੀਰਕ ਪੱਧਰ ਉਤੇ ਹੀ) ਅਭੇਦ ਹੋਣਾ ਹੈ। ਇਹ ਆਦਰਸ਼ ਭਾਵੇਂ ਕਹਿਣ ਨੂੰ ਅਮਲ ਵਿਚ ਪੂਰੇ ਤੌਰ ਤੇ ਆ ਸਕਣ ਤੇ ਮਾਣੇ ਜਾਣ ਵਾਲਾ ਹੈ, ਪਰ ਅਸਲ ਵਿਚ ਇਹ ਵੀ ਇਕ ਲੁਭਾਇਮਾਨ, ਪਰ ਦੂਰ, ਬਹੁਤ ਦੂਰ, ਦਾ ਅਕਹਿ ਤੇ ਅਣਡਿਠ ਤਜਰਬਾ ਹੈ, ਜਿਸ ਦਾ ਕੇਵਲ ਨਿੱਕਾ ਮੋਟਾ ਭਾਗ ਹੀ ਕਿਸੇ ਵੇਲੇ ਮਾਣਿਆ ਜਾ ਸਕਦਾ ਹੈ। ਸੰਪੂਰਨਤਾ ਤਾਂ ਉਦੋਂ ਹੋਵੇਗੀ ਜਦ ਸਾਰੇ ਸੰਸਾਰ ਦੀ ਪਦਾਰਥਕ ਬਿਰਤੀ ਇਕ ਸਤਹ ਉਤੇ ਆ ਖੜੋਵੇਗੀ; ਦੇਸਾਂ ਜਾਤੀਆਂ ਤੇ ਆਰਥਿਕ ਨਾ-ਬਰਾਬਰੀ ਆਦਿ ਦੀਆਂ ਵਿੱਥਾਂ ਮਿਟਣਗੀਆਂ; ਪੈਦਾਵਾਰ ਏਨੀ ਅਥਾਹ ਹੋਵੇਗੀ ਕਿ ਹਰ ਕੋਈ ਲੋੜ ਅਨੁਸਾਰ ਜਿਨੀ ਚਾਹੇ ਲੈ ਸਕੇਗਾ; ਨਾ ਫ਼ੌਜਾਂ ਦੀ ਲੋੜ ਹੋਵੇਗੀ, ਨਾ ਰਖਵਾਲਿਆਂ ਦੀ, ਨਾ ਰਾਜ-ਅਧਿਕਾਰੀਆਂ ਦੀ, ਨਾ ਰਾਜਸੀ ਸੰਸਥਾਵਾਂ ਦੀ। ਪਰ ਕਦੋਂ ? ਓਦੋਂ, ਜਦ ਅਸਲੀ ਅਰਥਾਂ ਵਿਚ ਰਾਮ-ਰਾਜ ਸਾਰੇ ਵਿਸ਼ਵ ਉਤੇ ਫੈਲ ਜਾਵੇਗਾ, ਜਦ ਵਿਅਕਤੀਆਂ ਤੇ ਜਾਤੀਆਂ, ਆਪਣੀ ਹਉਮੈ ਭਾਵ, ਕੀਨੇ-ਸਾੜੇ, ਕਲਹ-ਲੜਾਈਆਂ, ਊਚ-ਨੀਚ, ਨਸਲ, ਰੰਗ, ਕੌਮ, ਵਿਕੋਲਿਤਰੇ ਦ੍ਰਿਸ਼ਟੀ-ਕੋਣ ਆਦਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਭਰਮ ਭੇਦ ਮਿਟਾ ਕੇ ਇਕ ਮਨੁਖ-ਜਾਤੀ ਵਿਚ ਅਭੇਦ ਹੋ ਜਾਣਗੀਆਂ ਤੇ ਵਿਅਕਤੀ ਦੇ ਲਾਭ-ਹਾਣ ਜ਼ਾਤੀ ਨਾਲ ਸਾਂਝੇ ਹੋ ਜਾਣਗੇ। ਹਾਂ, ਇਹ ਵੀ ਇਕ ਆਦਰਸ਼ ਹੈ, ਬ੍ਰਹਮ ਵਿਚ ਅਭੇਦ ਹੋਣ ਦਾ, ਦੂਈ ਨੂੰ ਪਾੜਨ ਦਾ, ਚੰਮ-ਸਤਹ ਤੋਂ ਉਪਰ ਦੇਖਣ ਦਾ, ਸਾਰੇ ਸੰਸਾਰ ਨੂੰ ਇਕ ਜੱਫੀ ਵਿਚ ਘੁਟਣ ਦਾ, ਇਸ ਨੂੰ ਭਾਵੇਂ ਕੋਈ ਆਤਮਕ ਨਾਂ ਦਿਓ, ਚਾਹੇ ਨਾ ਦਿਓ।

ਗੁਰੂ ਗ੍ਰੰਥ ਵਿਚ ਵੀ ਇਸ ਅਵਸਥਾ ਨੂੰ ਵਿਆਖਿਆ ਗਿਆ ਹੈ :—

'ਬੇਗਮ ਪੁਰਾ ਸਹਿਰ ਕੋ ਨਾਂਉ।
ਦੂਖ ਅੰਦੋਹੁ ਨਹੀਂ ਤਿਹਿ ਠਾਉ।
ਨਾ ਤਸਵੀਸ, ਖਿਰਾਜੁ ਨਾ ਮਾਲ।
ਖਉਫ ਨ ਖਤਾ ਨ ਤਰਸੁ ਜਵਾਲੁ।' [ਭਗਤ ਰਵਿਦਾਸ]

ਜਾਂ 'ਹੁਣ ਹੁਕਮ ਹੋਆ ਮਿਹਰਵਾਣ ਦਾ।
ਪੈ ਕੋਇ ਨ ਕਿਸੈ ਰਵਾਣਦਾ।
ਸਭ ਸੁਖਾਲੀ ਵੁਠੀਆ,
ਇਹ ਹੋਆ ਹਲੇਮੀ ਰਾਜੁ ਜੀਉ।' [ਗੁਰੂ ਅਰਜਨ]

ਪਰ ਇਸ ਅਵਸਥਾ ਦੀ ਬਹਿਸ ਕਰਨੀ ਇਥੇ ਸਾਡਾ ਮਨੋਰਥ ਨਹੀਂ। ਅਗੇ ਜਾ ਕੇ ਇਸ ਉਤੇ ਵਧੀਕ ਚਾਨਣਾ ਪਾਇਆ ਜਾਵੇਗਾ। ਇਥੇ ਕੇਵਲ ਇਹੀ ਦਰਸਾਉਣਾ ਮਕਸੂਦ ਹੈ, ਜੁ ਜੀਵਨ ਦਾ ਨਿਸ਼ਾਨਾ ਗੁਰੂ ਗ੍ਰੰਥ ਜੀ ਦੇ ਸਾਹਿੱਤ ਵਿਚ ਇਕ ਅਜਿਹੇ ਰੱਬ ਦੇ ਚਰਨਾਂ ਦੀ ਪ੍ਰੀਤੀ ਹੈ (ਮਰ ਕੇ ਮੁਕਤੀ ਪ੍ਰਾਪਤ ਕਰਨਾ ਨਹੀਂ, ਨਾ ਹੀ ਰਾਜ-ਭਾਗ ਨੂੰ ਮਾਣਨਾ ਹੈ) ਜਿਹੜਾ ਸਾਡਾ ਕਰਤਾ ਹੁੰਦਾ ਹੋਇਆ ਵੀ ਤੇ ਸਾਨੂੰ ਸ੍ਰੀਰਕ ਅੱਖਾਂ ਨਾਲ ਨਾ ਦਿਸਦਾ ਹੋਇਆ ਭੀ ਸਾਡੇ ਏਨਾ ਨੇੜੇ ਹੈ, ਜਿਵੇਂ ਫੁਲ ਦੀ ਵਾਸ਼ਨਾ, ਲਕੜੀ ਵਿਚ ਵਸਦੀ ਅੱਗ, ਮਿਰਗ ਵਿਚ ਲੁਕੀ ਕਸਤੂਰੀ, ਦੁੱਧ ਵਿਚ ਅਣਰਿੜਕਿਆ ਘਿਉ, ਜਾਂ ਸ਼ੀਸ਼ੇ ਵਿਚ ਛੁਪਿਆ ਸਾਡਾ ਆਪਣਾ ਪ੍ਰਤੀਬਿੰਬ। ਦਿਸਦਾ ਕਿਉਂ ਨਹੀਂ? ਕਿਉਂਕਿ ਅਸੀਂ ਆਪਣੇ ਵਿਅਕਤੀਗਤ ਜੀਵਨ ਦੀ ਹਉਮੈਂ ਕਰ ਕੇ ਉਸ ਤੋਂ ਆਪਣੇ ਆਪ ਨੂੰ ਨਖੇੜ ਲਿਆ ਹੈ। ਬਸ, ਚਾਹੁਣ ਦੀ ਦੇਰ ਹੈ, ਕਿ ਉਹ ਆ ਮਿਲੇ, ਤਾਂ ਉਹ ਆ ਮਿਲਦਾ ਹੈ, ਕਿਉਂ ਜੁ ਸਿਕਦਾ ਸਾਨੂੰ ਵੀ ਉਹ ਉਸੇ ਬਿਹਬਲਤਾ ਨਾਲ ਹੈ, ਜਿਸ ਨਾਲ ਅਸੀਂ ਉਸ ਨੂੰ। ਉਹ ਸਾਡੇ ਪਾਪ ਵੇਖ ਕੇ ਕ੍ਰੋਧਵਾਨ ਨਹੀਂ ਹੁੰਦਾ, ਬਖਸ਼ਿੰਦ, ਮਿਹਰਵਾਨ ਹੋ ਕੇ ਗਲੇ ਲਾਉਂਦਾ ਹੈ। ਪਿਛਲੇ ਕਰਮ ਆਪਣੇ ਕਰਮ (ਮਿਹਰ) ਨਾਲ ਬਖਸ਼ ਦੇਂਦਾ ਹੈ, 'ਸਭ ਤੇ ਊਚਾ' ਹੋਣ ਦੇ ਬਾਵਜੂਦ ਵੀ ਸਾਡੇ ਏਨਾ ਨੇੜੇ ਹੈ, ਜਿਵੇਂ ਬਾਲਕ ਦੇ ਮੂੰਹ ਵਿਚ ਪਈਆਂ ਮਾਂ ਦੀਆਂ ਦੁਧੀਆਂ। ਕੋਈ ਤਪ ਸਾਧਨ ਦੀ ਲੋੜ ਨਹੀਂ, ਕੋਈ ਉਚੇਚ ਕਰਨ ਜਾਂ ਕਰਮ ਕਾਂਡ ਦੇ ਬਿਖੜੇ ਰਾਹਾਂ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੁਰਨ ਦੀ ਲੋੜ ਨਹੀਂ, ਕਿਸੇ ਵਿਚੋਲੇ ਦੀ ਲੋੜ ਨਹੀਂ, ਲੋੜ ਹੈ ਪਵਿਤਰ ਮਨ ਦੀ, ਆਪਣੇ ਮਨ ਦੀਆਂ ਅੱਖਾਂ ਅਗੋਂ ਦੂਈ ਦੀ ਝਿੱਲੀ ਪਾੜਨ ਦੀ, ਕੁੱਲ ਕਾਇਨਾਤ ਨਾਲ ਇਕਮਿਕ ਹੋਣ ਲਈ ਤਾਂਘਣ ਦੀ ਕਿ 'ਗਲਿ ਮਿਲਿਆ ਸਹਿਜ ਸੁਭਾਇ ਰਾਮ', ਜਿਵੇਂ ਪਾਣੀ ਨੂੰ ਪਾਣੀ ਸਹਿਜ ਸੁਭਾਇ 'ਢੂਲਿ ਢੂਲਿ' ਆ ਮਿਲਦਾ ਹੈ। ਹਾਂ, ਹਾਂ, ਉਹ ਉਵੇਂ, ਦੂਰੋਂ ਦੂਰੋਂ, ਰੁੱਖਾ ਰੁੱਖਾ ਨਹੀਂ ਮਿਲਦਾ, ਘੁਟ ਕੇ ਮਿਲਦਾ ਹੈ, ਸੁਆਦ ਆਉਂਦਾ ਹੈ ਉਸ ਦੀ ਜੱਫੀ ਦਾ, ਹਿੱਕ-ਘੁਟਣੀ ਦਾ :—

'ਹਰਿ ਮਿਲਿਉ ਲਾਇ ਝਪੀੜਾ'

ਉਹ ਮਿਠਾ ਹੈ, ਏਨਾ ਜਿਵੇਂ 'ਖਜੂਰੀਆਂ ਪਕੀਆਂ' ਜਾਂ 'ਮਾਖਿਉਂ ਦੀ ਨਦੀ' ਵਰਗਾ; ਸ਼ੱਕਰ, ਖੰਡ, ਨਬਾਤ, ਗੁੜ ਜਾਂ ਮਾਝੇ ਦੁਧ ਵਰਗਾ ਮਿੱਠਾ :—

'ਗੁਸਾਈਂ ਮਹਿੰਡਾ ਇੱਠੜਾ।
ਅੰਬਿ ਅਬੇ ਥਾਵਹੁ ਮਿੱਠੜਾ।'

ਉਹ ਪ੍ਰਿਯ ਹੈ, ਅੰਮ੍ਰਿਤ ਬਚਨ ਬੋਲਦਾ ਹੈ :—

'ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ।
ਹਉਂ ਸੰਮਲਿ ਥਕੀ ਜੀ, ਉਹ ਕਦੇ ਨਾ ਬੋਲੈ ਕਉਰਾ।'
'ਅਨਦੋ ਅਨਦ ਘਣਾ, ਮੈਂ ਸੋ ਪ੍ਰਭੁ ਡੀਠਾ, ਰਾਮ।
ਚਾਖਿਅੜਾ, ਚਾਖਿਅੜਾ, ਮੈਂ ਹਰਿ ਰਸੁ ਮੀਠਾ ਰਾਮ।'

ਉਸ ਨਾਲ ਨਿਕੀਆਂ ਨਿਕੀਆਂ ਦਿਲ ਦੀਆਂ ਗੱਲਾਂ ਕਰੋ: ਇਉਂ ਭਾਸਦਾ ਹੈ, ਜਿਵੇਂ :—

'ਹਰਿ ਅਮਿਉ ਰਸਾਇਣ ਪੀਵੀਐ।'
'ਹਰਿ ਜਪਿ ਭਈ ਠਰੂਰੇ।'
'ਕਹੁ ਨਾਨਕ ਪ੍ਰਭੁ ਮਿਲੇ ਮਨੋਹਰ।
ਮਨ ਸੀਤਲ ਬਿਗਸਾਰੇ।'

ਉਹ ਮਿਠਾ ਹੀ ਨਹੀਂ, ਸੁੰਦਰ ਵੀ ਹੈ, 'ਅੰਮ੍ਰਿਤ ਭਿੰਨੀ ਦੇਹੁਰੀ' ਵਾਲਾ, 'ਕੰਚਨ ਵੰਨੇ ਪਾਸਿਆਂ' ਵਾਲਾ, 'ਅੰਮ੍ਰਿਤ ਭਿੰਨੇ ਬਾਂਕੇ ਲੋਇਣਾ ਵਾਲਾ', ਕੇਸ਼ਵ, ਲੰਮੜੇ, ਕੁੰਡਲੇ ਵਾਲਾਂ ਵਾਲਾ, ਸੋਹਣੇ ਖਿਚਵੇਂ ਨੱਕ ਵਾਲਾ, ਰੀਸਾਲੂ ਦੰਦਾਂ ਵਾਲਾ, ਤਰਲ ਜਵਾਨ, ਠੁਮਕ ਠੁਮਕ ਨਾਜ਼ ਨਾਲ ਤੁਰਨ ਵਾਲਾ, ਢੋਲਾ, ਲਾਲ ਗੁਲਾਲਾ, ਰੰਗੀਲਾ, ਮਨਮੋਹਨ, ਸ਼ਿਆਮ ਸੁੰਦਰ, ਛਬੀਲਾ, ਚੰਨ ਚਾਨਣੀ ਵਰਗਾ ਚਿਟਾ, ਠੰਢਾ, ਰਸਕ :—

'ਤੇਰੇ ਬੰਕੇ ਲੋਇਣ, ਦੰਤ ਰੀਸਾਲਾ।
ਸੋਹਣੇ ਨੱਕ, ਜਿਨ ਲੰਮੜੇ ਵਾਲਾ,
ਕੰਚਨ ਕਾਇਆ, ਸੁਇਨੇ ਕੀ ਢਾਲਾ।'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇਰੀ ਚਾਲ ਸੁਹਾਵੀ, ਮਧੁਰਾੜੀ ਬਾਣੀ ।
ਕੁਹਕਨਿ ਕੋਕਿਲਾ, ਤਰਲ ਜੁਆਣੀ ।
ਤਰਲਾ ਜੁਆਣੀ, ਆਪਿ ਭਾਣੀ, ਇਛ ਮਨ ਕੀ ਪੂਰੀਏ ।
ਸਾਰੰਗ ਜਿਉਂ ਪਗ ਧਰੈ ਠਿਮਿ ਠਿਮਿ, ਆਪਿ ਆਪੁ ਸੰਧੂਰੀਏ ।'
'ਸਾਵਲ ਸੁੰਦਰ ਰੂਪ ਬਣਾਵਹਿ, ਬੇਣ ਸੁਨਤ ਸਭ ਮੋਹੈਗਾ ।'
'ਬਨਮਾਲਾ ਬਿਭੂਖਨ, ਕਮਲ ਨੈਨ, ਸੁੰਦਰ ਕੁੰਡਲ, ਮੁਕਟ ਬੈਨ ।'

ਅਜੇਹਾ ਪਿਰ ਹੈ ਸਾਡਾ, ਰਲੀਆਲਾ, ਰਸਕ, ਰਸੀਆ, ਚੰਦਰ-ਬਦਨ, ਚਿਟਾ, ਕਮਲ ਨੈਨ :—

'ਕਮਲ ਨੈਨ, ਅੰਜਨ ਸਿਆਮ, ਚੰਦਰ ਬਦਨ, ਚਿਤਕਾਰ ।'

ਜਿਸ ਨੂੰ ਵੇਖਦੇ ਜੀਅੜਾ ਜੀਉ-ਸਦਕੜੇ ਹੋ ਉਠਦਾ ਹੈ 'ਬਲਿ ਬਲਿ ਜਾਉ ਸ਼ਿਆਮ ਸੁੰਦਰ ਕਉ', ਜੀਅ ਆਖਦਾ ਹੈ ਤੇ ਮਨ ਕੀਲਿਆ ਜਾਂਦਾ ਹੈ, ਉਸਦਾ ਦਰਸ ਦੇਖ ਕੇ :—

'ਮੋਹੀ ਦੇਖਿ ਦਰਸੁ, ਨਾਨਕ ਬਲਿਹਾਰੀਆ ।'
'ਮੇਰੇ ਲਾਲ ਰੰਗੀਲੇ, ਹਮ ਲਾਲਨ ਕੇ ਲਾਲੇ;
ਮੋਹਿਨ ਮੋਹਿ ਲਿਆ ਮਨੁ ਮੇਰਾ, ਬੰਧਨ ਖੋਲ ਨਿਰਾਰੇ ।'

ਨਹੀਂ ਨਹੀਂ, ਮਨੁੱਖ ਦਾ ਰੰਗ ਚਲੂਲਿਆ ਜਾਂਦਾ ਹੈ, ਲਾਲਾ ਦੇ ਫੂਲ ਵਰਗਾ ਰੱਤਾ ਸੂਹਾ ਭਖ ਉਠਦਾ ਹੈ, ਮੁਸ਼ਕ ਵਿਚ ਆਤਮਾ ਝਕੋਲੀ ਜਾਂਦੀ ਹੈ, ਮੁਖ ਵਿਚ ਅੰਮ੍ਰਿਤ ਚੋਇ ਜਾਣ ਦਾ ਸੁਆਦ ਸਿੰਜਰਦਾ ਹੈ, ਹੌਲੀ ਹੌਲੀ; ਨਿਸੱਲਤਾ ਵਿਚ, ਸਹਿਜ ਦੇ ਘਰ, ਨਿੰਮ੍ਹਾ ਨਿੰਮ੍ਹਾ ਅੰਮ੍ਰਿਤ ਵਰ੍ਹਦਾ ਹੈ :—

'ਝਿਮਿ ਝਿਮ, ਝਿਮਿ ਝਿਮਿ, ਵਰਸੈ ਅੰਮ੍ਰਿਤਧਾਰਾ ਰਾਮ ।'

ਇਉਂ ਜਾਪਦਾ ਹੈ, ਜਿਵੇਂ ਅੰਦਰ ਬਸੰਤ ਦੀ ਖ਼ੁਸ਼ਬੂਈ ਤੇ ਹਰਿਆਵਲ ਦਾ ਸਾਰਾ ਝੱਖੜ ਮਨ ਦੇ ਬੂਹੇ ਬਾਰੀਆਂ ਖੋਲ੍ਹ ਕੇ ਅੰਦਰ ਆ ਵੜਿਆ ਹੈ :—

'ਨਾਨਕ ਤਿਨਾ ਬਸੰਤ ਹੈ ।
ਜਿਨਿ ਘਰਿ ਵਸਿਆ ਕੰਤ ।'

ਜਾਂ ਇਉਂ ਦਿਸਦਾ ਹੈ, ਜਿਵੇਂ :—

'ਚਾਂਦਨਾ ਚਾਂਦਨ ਆਂਗਨਿ, ਪ੍ਰਭ ਜੀਉ ਅੰਤਰਿ ਚਾਂਦਨਾ ।'

ਹਾਂ, ਹਾਂ, ਸਾਰੀ ਧਰਤ, ਅਕਾਸ਼ ਦੀ ਹੱਡੀ ਹੱਡੀ, ਖੰਨੀ, ਖੰਨੀ, ਮਉਲਦੀ, ਨਿਸਰਦੀ ਨਿਖਾਰ ਵਿਚ ਆਉਂਦੀ ਦਿਸਦੀ ਹੈ :—

'ਮਉਲੀ ਧਰਤੀ, ਮਉਲਿਆ ਅਕਾਸ ।
ਘਟਿ ਘਟਿ ਮਉਲਿਆ ਆਤਮ ਪ੍ਰਗਾਸ ।' [ਕਬੀਰ]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂ ਕੀ ਇਹ ਹੁਨਾਲੇ ਦੇ ਸੋਕੇ ਮਾਰੇ ਜੀਵ ਉਤੇ ਸਾਵਣ ਦੀ ਘਟਾ ਛਮਾਛਮ ਵਸੀ ਹੈ, ਜਿਸ ਨੂੰ ਵੇਖ ਕੇ ਮਨ ਦਾ ਮੋਰ ਪਾਇਲਾਂ ਪਾਂਦਾ ਨਹੀਂ ਥੱਕਦਾ :—

'ਸਾਵਣੁ ਵਰਸੁ ਅੰਮ੍ਰਿਤ, ਜਗੁ ਛਾਇਆ ਜੀਓ ।
ਮਨ ਮੋਰ ਕਹੁਕਿਅੜਾ, ਸਬਦੁ ਮੁਖਿ ਪਾਇਆ ।'

ਮਨ ਵਿੱਚ ਇਕ ਰਣਝੁੰਝਣਾ ਛਿੜਦਾ ਹੈ, ਸਹਿਜ ਦਾ, ਟਿਕਾਉ ਦਾ, ਅਨਹਦ ਰਸ ਦਾ, ਸਹਿਜੇ ਸਹਿਜੇ, ਤੇ ਮੂਧਾ ਪਿਆ ਮਨ ਦਾ ਕੰਵਲ ਚਟਾਕੇ ਮਾਰ ਕੇ ਖਿੜ ਉਠਦਾ ਹੈ :—

'ਪਰਗਾਸੁ ਭਇਆ, ਕਉਲ ਖਿਲਿਆ ।'

ਅੰਦਰ ਹੀ ਪਰਗਾਸ ਨਹੀਂ ਹੁੰਦਾ, ਬਾਹਰ ਦੀ ਸਾਰੀ ਧਰਤੀ ਵੀ ਸਾਵੀ, ਝਮਝਾਂਦੀ ਹਰਿਆਵਲ ਨਾਲ ਕੱਜੀ ਦਿਸਦੀ ਹੈ :—

'ਸਾ ਧਰਤਿ ਭਈ ਹਰਿਆਵਲੀ,
ਜਿਥੈ ਮੇਰਾ ਸਤਿਗੁਰ ਬੈਠਾ ਆਇ ।'

'ਧਰਣਿ, ਸੁਵੰਨੀ, ਖੜਿ ਰਤਨ ਜੜਾਵੀ' ਹੋਈ ਚਮਕਦੀ ਹੈ, ਹੀਰੇ, ਪੰਨਿਆਂ, ਰਤਨਾਂ ਨਾਲ ਜੜੀ, ਜਿਵੇਂ ਪਹੁ-ਫੁਟਾਲੇ ਦੀਆਂ ਪਹਿਲੀਆਂ ਕਿਰਨਾਂ ਵਿਚ, ਜਦ ਚਿੜੀ ਚੂਕਦੀ ਹੈ, ਜਾਂ ਜਦ ਨਿਰਮਲ ਠੰਢੇ ਪਾਣੀ ਦੀ ਧਾਰ ਵਿੱਚ ਸਰੀਰ ਦੀ ਗਰਮੀ ਨੂੰ ਨੁਹਾਲੀਦਾ ਹੈ, ਹਾਂ, ਇਵੇਂ ਲਗਦਾ ਹੈ, ਜਿਵੇਂ ਅਸੀਂ ਅੰਬੀ ਦੀ ਸੰਘਣੀ ਛਾਉਂ ਹੇਠ ਆ ਬੈਠੇ ਹਾਂ :—

'ਜਿਨੀ ਸਖੀ ਸਹੁ ਰਾਵਿਆ, ਸੇ ਅੰਬੀ ਛਾਵੜੀਏਹਿ ਜੀਉ ।'

ਹਾਂ, ਉਹ ਅੰਬੀ, ਜਿਸ ਦੀ ਸੌ ਡਾਲੀ ਹੈ, ਜਿਹੜੀ 'ਛਾਉਂ ਪਤਰਾਲੀ' ਵਾਲੀ ਹੈ ।

ਪਰ ਰੋਜ਼ ਉਸ ਦੀ ਛਾਉਂ ਹੇਠ ਬੈਠਿਆਂ ਇਕ ਨਵਾਂ, ਅਕਹਿ ਜਿਹਾ ਸੁਆਦ ਆਉਂਦਾ ਹੈ, ਸਾਹਿਬ ਸਾਨੂੰ ਹਰ ਘੜੀ, ਹਰ ਪਲ 'ਨੀਤ ਨਵਾਂ' ਦਿਸਦਾ ਹੈ । ਜਿਵੇਂ ਭੁੱਖ ਰੋਜ਼ ਸੱਜਰੀ ਹੋ ਕੇ ਚਮਕਦੀ ਹੈ ਤੇ ਸੂਰਜ-ਉਦੈ ਕਦੀ ਬੇਹਾ ਨਹੀਂ ਹੁੰਦਾ । ਹਾਂ, ਉਹ ਅਜੇਹਾ ਚੰਨ ਹੈ, ਜਿਸ ਦੀ ਸ਼ਾਂਤ, ਕਾਸ਼ਨੀ, ਚਿੱਟੀ ਰੌਸ਼ਨੀ ਵਿੱਚ ਜੀਊਣਾ ਚੰਗਾ ਲਗਦਾ ਹੈ, ਨਾਲੇ ਮਰਨਾ ਵੀ, ਜਦ ਗਾਉਣ, ਨੱਚਣ, ਸਰੂਰ ਵਿਚ ਆਉਣ, ਜੀਵਨ ਤੇ ਮੌਤ ਦੇ ਸਿਰੇ ਮੇਲਣ, ਜਾਗਣ, ਤੱਕਣ, ਹੱਸਣ ਤੇ ਕੂਕਣ ਤੇ ਜੀਅ ਕਰਦਾ ਹੈ :—

'ਕਰਿ ਕਰਿ ਤਾਲੁ, ਪਖਾਵਜੁ ਨੈਨਹੁ, ਮਾਥੈ ਵਜਹਿ ਰਬਾਬਾ ।
ਕਰਨਹੁ ਮਧੁਰ ਬਾਸੁਰੀ ਬਾਜੈ, ਜਿਹਵਾ ਧੁਨਿ ਆਗਾਜਾ ।
ਨਿਰਤਿ ਕਰੇ ਕਰਿ ਮਨੂਆ ਨਾਚੈ, ਆਣੇ ਘੂਘਰ ਸਾਜਾ ।'

ਪਰ ਜਦ ਲਾਲ-ਰੰਗੀਲੇ ਸ਼ਹੁ ਵਿੱਚ ਰਚ ਮਿਚ ਜਾਈਏ, ਤਾਂ ਬਿਸਮ (ਵਿਸਮਾਦ) ਦੀ ਹਾਲਤ ਤਾਰੀ ਹੋ ਜਾਂਦੀ ਹੈ । ਫਿਰ ਨੱਚਣ ਨਹੀਂ ਹੁੰਦਾ, ਹੋਠ ਜੁੜ ਜਾਂਦੇ ਹਨ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਿਠੇ ਮਾਖਿਉਂ ਨਾਲ, ਬੋਲਣ ਨਹੀਂ ਹੁੰਦਾ, ਪੈਰੀਂ ਘੁੰਘਰੂ ਧੜਕਣਾ ਬੰਦ ਕਰ ਦੇਂਦੇ ਹਨ। ਕਿਉਂ ਜੁ ਹੁਣ ਰੂਹ ਵਿਚ 'ਅਨਹਦ ਵਾਜਾ ਵਜੇ ਸ਼ਹਾਨਾ' ਹੋਣ ਲਗ ਪਿਆ ਹੈ।

'ਅਬ ਮੋਰੋ ਨਾਚਨੋ ਰਹੋ।
ਲਾਲ ਰੰਗੀਲਾ ਸਹਿਜੇ ਪਾਇਓ, ਸਤਿਗੁਰ ਬਚਨ ਲਹਉ।'

ਫਿਰ ਬਾਹਰ ਜਾਣ ਨਹੀਂ ਹੁੰਦਾ, ਮੁੜ ਮੁੜ ਅੰਦਰ ਵੜਨ ਤੇ ਜੀਅ ਕਰਦਾ ਹੈ, ਆਤਮਾ ਦੇ ਹਨੇਰੇ ਵਿੱਚ, ਜਿਥੇ ਸਾਂਈਂ ਨਾਲ ਇਕੱਲਿਆਂ ਸਹਿਜ ਦੀ ਰੌਸ਼ਨੀ ਵਿੱਚ ਰਲੀਆਂ ਮਾਣਨੀਆਂ ਹਨ :—

'ਕਤ ਜਾਈਐ ਰੇ, ਘਰਿ ਲਾਗੋ ਰੰਗੁ।
ਮੇਰਾ ਚਿਤ ਨ ਚਲੈ ਮਨ ਭਇਓ ਪੰਗੁ।'

ਜਦ ਘਰ ਵਿੱਚ ਹੀ ਬਨ ਹਰਿਆਵਲਾ ਖਿੜ ਪਿਆ ਹੈ ਤਾਂ ਬਾਹਰ ਕਿਉਂ ਦੌੜੀਏ ? 'ਲਾਲ' ਸਾਡੇ ਮਨ ਦੀ ਸੇਜਾ ਉਤੇ ਆਣ ਚੜ੍ਹਿਆ ਹੈ, 'ਵਣ, ਤ੍ਰਿਣ, ਤ੍ਰਿਭਵਣ ਭਏ ਹਰਿਆ, ਦੇਖਿ ਦਰਸਨ ਮੋਹੀਆ।' ਸ਼ਹੁ-ਮਿਲਾਵੇ ਨਾਲ ਦੁਹਾਗਣ ਸੁਹਾਗਣ ਹੋ ਗਈ, ਉਸਦੇ ਮਨ ਦੀਆਂ ਪੰਜੇਬਾਂ ਮਿਲਾਪ ਦੀ ਪਹਿਲੀ ਕਾਹਲ ਵਿਚ 'ਛਣਕ ਛਣਕ ਛਨਹਰੀ' ਵਜ ਪਈਆਂ। ਫਿਰ ਚੁਪ ਹੋਇ ਗਈਆਂ, 'ਰਸਕ ਪੁਰਖ ਬੈਰਾਗੀ' ਨਾਲ ਭੇਟ ਹੋਣ ਉਤੇ। ਹਾਂ, ਅੰਦਰ ਇਕੋ ਵੇਰ ਧਾ ਕੇ 'ਸਫਲ ਸਵੇਰਾ' ਚੜ੍ਹ ਪਿਆ। ਮੈਂ ਸੌਂ ਗਈ, ਪਿਆਰ ਦੀ ਕਚੀਚ ਵੱਟ ਕੇ ! ਸ਼ਹੁ ਜਾਗਦਾ ਲੋਰੀਆਂ ਥਪਕੀਆਂ ਦੇਂਦਾ ਰਿਹਾ :—

'ਸਹੁ ਜਾਗੈ, ਹਉ ਨਿਸ ਭਰਿ ਸੋਵਾਂ।'

ਕੀ ਇਹੋ ਜਿਹਾ ਰੰਗੀਲਾ ਬਾਂਕਾ, ਰਸਕ ਸ਼ਹੁ ਮਾਣਨ ਵਾਲੇ ਜੀਵ-ਆਤਮਾ ਨੇ ਵੀ, ਕੁਝ ਤਿਆਰੀ ਕੀਤੀ ਸੀ ? ਹਾਂ :—

'ਫੂਲ ਮਾਲਾ, ਗਲ ਪਹਿਰਉਗੀ ਹਾਰੋ।
ਮਿਲੇਗਾ ਪ੍ਰੀਤਮ ਤਬ ਕਰਉਗੀ ਸੀਗਾਰੋ।'

ਸ਼ਿੰਗਾਰ ਕਿਹੜਾ ? ਮਨ ਵਿੱਚੋਂ ਦੂਈ ਦਾ ਪੜਦਾ ਪਾੜਨ ਦਾ, 'ਕੁਲ' ਨਾਲ 'ਜੁਜ਼' ਦੇ ਇਕ ਹੋਣ ਦੇ ਅਹਿਸਾਸ ਦਾ, ਗ਼ਰੀਬੀ ਦਾ, ਵਿਸ਼ਵ-ਸੇਵਾ ਤੇ ਪ੍ਰੀਤੀ ਦਾ। ਫਿਰ ਸ਼ਹੁ ਨੇ ਮੇਰੇ ਪਿਛਲੇ ਕਰਮਾਂ, ਸ਼ਕਲ-ਅਕਲ, ਜਾਤ-ਜਨਮ ਵਲ ਉੱਕਾ ਨਹੀਂ ਵੇਖਿਆ :—

'ਲਟੂਰੀ ਮਧੁਰੀ ਠਾਕਰ ਭਾਈ,
ਉਹ ਸੁੰਦਰ ਹਰਿ ਢੁਲਿ ਮਿਲੀ।'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਉਂ ਮਨੁੱਖ ਨੂੰ 'ਹਸੰਦਿਆਂ ਖੇਡੰਦਿਆਂ ਪੈਨੰਦਿਆਂ ਖਾਵੰਦਿਆਂ' ਵਿੱਚੇ ਹੀ ਮੁਕਤੀ ਪ੍ਰਾਪਤ ਹੋ ਜਾਂਦੀ ਹੈ। ਮੁਕਤੀ, ਮੌਤ ਦੀ ਨੀਂਦਰ ਦੀ ਨਾਂਹ, ਨਾ ਹੀ ਸਵਰਗ ਦੇ ਇਕ-ਸਾਰ ਛਿੱਥੇਪਣ ਦੀ : ਮੁਕਤੀ ਮੌਤ ਤੇ ਉਸ ਦੇ ਡਰ ਤੋਂ; ਮੁਕਤੀ ਲਾਲਚ, ਗ਼ਰਜ਼ ਤੇ ਕਬਜ਼ੇ ਦੀ ਖ਼ਾਹਸ਼ ਤੋਂ; ਮੁਕਤੀ ਆਪਣੇ ਅੰਦਰ ਦੀ ਬਲਦੀ ਬੜਵਾ-ਅਗਨੀ ਤੋਂ, ਜੋ ਮਨੁੱਖ ਨੂੰ ਨਾ ਆਪਣੇ ਆਪ ਨਾਲ, ਨਾ ਆਪਣੇ ਸਮਾਜ ਨਾਲ ਇਕ-ਸੁਰ ਹੋਣ ਦੇਂਦੀ ਹੈ ਤੇ ਮਨੁੱਖ ਨੂੰ ਜਿਸ ਸ਼ਾਂਤੀ ਤੇ ਸੁੱਖ ਦੀ ਭਾਲ ਚਿਰਾਂ ਚਿਰਾਂ ਤੋਂ ਹੈ, ਉਹ ਉਸ ਨੂੰ ਕਦੀ ਵੀ ਨਸੀਬ ਨਹੀਂ ਹੁੰਦਾ।

ਇਸੇ ਸੁਖ, ਸਹਿਜ, ਸਮਾਜਕ ਸਮਝੌਤੇ, ਆਤਮਕ ਅਨੰਦ ਦੀ ਭਾਲ ਵਿੱਚ ਹੀ ਮਨੁੱਖ ਜੰਗਲਾਂ ਨੂੰ ਦੌੜਿਆ, ਨੰਗਾ ਰਿਹਾ, ਤੀਰਥਾਂ ਉਤੇ ਜਾ ਕੇ ਸ੍ਰੀਰ ਨੂੰ ਆਰੇ ਨਾਲ ਚਿਰਵਾਇਆ, ਬਿਦ ਨੂੰ ਸਾਂਭ ਸਾਂਭ ਰਖਦਾ ਰਿਹਾ, ਪਾਣੀ ਛਾਣ ਕੇ ਪੀਂਦਾ ਰਿਹਾ, ਜੀਵ-ਹਤਿਆ ਤੋਂ ਇਸ ਹੱਦ ਤਕ ਪਰਹੇਜ਼ ਕਰਦਾ ਰਿਹਾ, ਕਿ ਸਾਹ ਲੈਣ ਦੇ ਰਸਤੇ ਅਗੇ ਵੀ ਟਾਕੀਆਂ ਲਟਕਾ ਦਿਤੀਆਂ, ਤਾਂ ਜੁ ਕੋਈ ਜੀਵ ਨਰੋਇ ਸੁਅੱਛ ਪਾਣੀ ਜਾਂ ਤਾਜ਼ੀ ਹਵਾ ਵਿਚੋਂ ਸਾਡੇ ਅੰਦਰ ਲੰਘ ਕੇ ਮਾਰਿਆ ਨਾ ਜਾਵੇ, ਪਿੰਡੇ ਉਤੇ ਸੁਆਹ ਮਲੀ, ਮੰਗ ਕੇ ਖਾਧਾ; ਗ੍ਰਿਹਿਸਤ ਤੋਂ ਕੰਬੇ, ਵੈਰਾਗ ਧਾਰਿਆ; ਜਟਾਂ ਵਧਾਈਆਂ, ਪੋਥੀਆਂ ਵਿਚੋਂ ਗਿਆਨ ਪੜ੍ਹਿਆ ਤੇ ਪੰਡਤ ਬਣੇ, ਦੇਵ-ਦਾਸੀਆਂ ਬਣ ਕੇ ਮੂਰਤੀਆਂ ਅੱਗੇ ਨਚੇ, ਦੇਵੀ ਦੇਵਤਿਆਂ ਅੱਗੇ ਕੁਰਬਾਨੀਆਂ ਦਿੱਤੀਆਂ, ਹੋਮ ਜੱਗ ਕੀਤੇ, ਵਰਤ ਰਖੇ, ਕਰਮ-ਕਾਂਡੀ ਬਣੇ, ਨਰਕ ਤੋਂ ਡਰ ਕੇ ਤੇ ਸਵਰਗ ਦੀ ਖ਼ਾਹਸ਼ ਵਿੱਚ ਘੋਰ ਕਠਨ ਤੱਪ ਸਾਧੇ, ਭੋਰਿਆਂ ਵਿੱਚ ਬਹਿ ਕੇ, ਜੀਵਨ ਤੋਂ ਮੁਕਤ ਹੋਣ ਲਈ ਤੇ ਮੁੜ ਜਨਮ ਨਾ ਲੈਣ ਲਈ। ਜੋ ਕੁਝ ਵੀ ਕਦੀ ਕਿਸੇ ਦਸਿਆ, ਉਹ ਕੀਤਾ, ਪਰ ਹਥ ਪੱਲੇ ਕੁਝ ਨਾ ਪਿਆ। ਗੁਰੂ ਗ੍ਰੰਥ ਵਿੱਚ ਇਨ੍ਹਾਂ ਸਾਰਿਆਂ ਕਰਮਾਂ ਨੂੰ ਪਾਖੰਡ ਆਖਿਆ ਗਿਆ ਹੈ, ਕਿਉਂ ਜੁ ਪਿੰਡੇ ਨੂੰ ਸਾੜਨ, ਲੂਹਣ ਨਾਲ ਤਾਂ ਵਿਚੋਂ ਆਤਮਾ ਦੀ ਜੋਤ ਵੀ ਨਿੰਮ੍ਹੀ ਪੈ ਜਾਣੀ ਹੋਈ, ਫਿਰ ਸੁਖ ਕਿਸ ਨੂੰ ਮਿਲਿਆ :—

'ਨਾਨਕ ਸੋ ਪ੍ਰਭ ਸਿਮਰਿਐ, ਤਿਸ ਦੇਹੀ ਕਉ ਪਾਲ।'

ਗੁਰੂ ਅਰਜਨ ਇਸੇ ਲਈ ਆਪਣੇ ਆਪ ਨੂੰ 'ਗੋਸਾਈਂ ਕਾ ਪਹਿਲਵਾਨੜਾ' ਆਖਦੇ ਹਨ ਤੇ ਗੁਰੂ ਰਾਮਦਾਸ ਦੇਹੀ ਨੂੰ ਇਕ ਸੱਜਰੀ, ਅਥਰੀ ਘੋੜੀ ਨਾਲ ਉਪਮਾ ਦੇਂਦੇ ਹਨ :—

'ਦੇਹ ਘੋੜੀ ਤੇਜਣਿ, ਰਾਮਿ ਉਪਾਈਆ ਰਾਮ।'

ਉਹ ਦੇਹੀ ਨੂੰ 'ਕੰਚਨ ਚੰਗੜੀਆ' ਆਖਦੇ ਹਨ। ਗੁਰੂ ਅਮਰਦਾਸ ਦੁਨੀਆਂ ਨੂੰ 'ਸਚੇ ਕੀ ਕੋਠੜੀ' ਆਖਦੇ, ਤੇ ਗੁਰੂ ਨਾਨਕ :—

'ਖਾਣਾ ਪੀਣਾ ਪਵਿਤਰ ਹੈ, ਦਿਤੋਨੁ ਰਿਜਕ ਸੰਬਾਹਿ।'

ਦਾ ਉਪਦੇਸ਼ ਦਿੰਦੇ ਹਨ ਤੇ ਧਰਤੀ ਨੂੰ ਧਰਮਸਾਲ ਆਖਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸੇ ਲਈ ਅਸਾਂ ਖਾਣਾ ਪੀਣਾ ਹੈ, ਸਭ ਕੁਝ ਕਰਨਾ ਹੈ, ਪਰ ਕਿਸੇ ਆਦਰਸ਼ ਲਈ ਜੀਊ ਕੇ, ਭਾਵੇਂ ਕਰਨਾ ਇਹ ਸਹਿਜ ਸੁਭਾਇ ਹੈ, ਹੱਠ ਨਾਲ ਨਹੀਂ, ਜਿਵੇਂ ਨਾਮ ਦੇਵ ਜੀ ਨੇ ਆਖਿਆ ਹੈ :—

'ਆਨੀਲੇ ਕਾਗਦ, ਕਾਟੀਲੇ ਗੂਡੀ, ਆਕਾਸ ਮਧੇ ਭਰਮੀਅਲੇ ।
ਪੰਚ ਜਨਾ ਸਿਉ ਬਾਤ ਬਤਊਆ, ਚੀਤ ਸੁ ਡੋਰੀ ਰਾਖੀਅਲੇ ।
ਆਨੀਲੇ ਕੁੰਭੁ ਭਰਾਈ ਲੇ ਊਦਕ, ਰਾਜ ਕੁਆਰ ਪੁਰੰਦਰੀਏ ।
ਹਸਤ, ਬਿਨੋਦ, ਬੀਚਾਰ ਕਰਤ ਹੈ, ਚੀਤ ਸੁ ਗਾਗਰ ਰਾਖੀਅਲੇ ।
ਮੰਦਰ ਏਕ ਦੁਆਰ ਦੱਸ ਜਾ ਕੇ, ਗਊ ਚਰਾਵਨ ਛਾਡੀਅਲੇ ।
ਪਾਂਚ ਕੋਸ ਪਰ ਗਊ ਚਰਾਵਤ, ਚੀਤ ਸੁ ਬਛਰਾ ਰਾਖੀਅਲੇ ।'

ਇਸ ਲਈ ਬੇਸ਼ਕ ਸਾਡਾ ਸੰਸਾਰੀ ਖਿਲਾਰਾ ਗੁੱਡੀ ਵਾਂਗ ਅਕਾਸ਼ ਉਤੇ ਉਡਦਾ ਹੋਵੇ, ਦਿਲ ਸਾਡਾ ਉਸ ਨੂੰ ਖਿਚਣ ਵਾਲੀ ਡੋਰ ਵਿੱਚ ਹੋਵੇ, ਜਿਥੇ ਮਰਜ਼ੀ ਹੈ, ਮਨ ਦੀ ਗਊ ਚਰਦੀ ਫਿਰੇ, ਆਪਣੇ ਹੀਅੜੇ ਵਿੱਚ ਉਸ ਦੀ ਟੇਕ ਅਪਣੇ ਬਛੜੇ ਵਿੱਚ ਹੋਵੇ। ਜੇ ਇਹ ਟੇਕ ਨਾ ਹੋਵੇ, ਤਾਂ ਗੁੱਡੀ ਦੇ ਕੱਟੇ ਜਾਣ ਤੇ ਸਾਰੇ ਬ੍ਰਹਿਮੰਡਾਂ ਵਿੱਚ ਆਦਰਸ਼-ਹੀਨ ਹੋ ਡਿਕੋ-ਡੋਲੇ ਖਾਂਦੇ ਫਿਰਨ ਦਾ ਖ਼ਤਰਾ ਹੈ ਤੇ ਬਛੜੇ ਦੇ ਕਿਲੇ ਨਾਲੋਂ ਖੁਲ੍ਹ ਜਾਣ ਦਾ ਡਰ ਹੈ, ਜਿਸ ਦੀ ਪਾਲਣਾ ਲਈ ਹੀ ਸਾਡੀਆਂ ਥਣੀਆਂ ਵਿੱਚ ਨਰੋਆ ਦੁਧ ਹੁਣੇ ਹੁਣੇ ਉਤਰ ਕੇ ਆਇਆ ਹੈ। ਇਸ ਦੁਧ ਨੂੰ ਉਪਰ ਚੜ੍ਹਾ ਜਾਓ, ਸਾੜ ਜਾਓ, ਅਪਣੇ ਪਿਆਰੇ ਨੂੰ ਦੁਲੱਤੇ ਮਾਰੋ, ਕੁਰਲਾਵੋ, ਬਾਂ-ਬਾਂ ਕਰੋ, ਢੰਗਾ ਪੁਆਓ, ਫੂਕੇ ਨਾਲ ਦੁਧ ਲਾਹੋ, ਜਾਂ ਨਾ ਲਾਹੋ, ਪਰ, ਉਹ ਸਹਿਜ ਦਾ ਸੁਖ ਸਾਨੂੰ ਪਰਾਪਤ ਨਹੀਂ ਹੁੰਦਾ, ਜੋ ਕੁਝ ਧਾਰਾਂ ਪਹਿਲਾਂ ਬਛੜੇ ਦੇ ਮੂੰਹ ਪਾ ਕੇ ਅਸੀਂ ਬਾਕੀ ਸੰਸਾਰ ਨੂੰ ਉਸ ਤੋਂ ਖੋਹ ਖਿੰਜ ਕੇ ਦੇਂਦੇ ਹਾਂ।

ਪਰ ਅਜੇਹੇ ਰੱਬ ਨੂੰ ਜੋ ਦਿਸਦਾ ਹੈ, ਪਰ ਨਹੀਂ ਦਿਸਦਾ, ਜੋ ਸਦਾ ਸਥਿਰ ਹੈ ਤੇ ਕਾਲ, ਸਥਾਨ, ਜਨਮ-ਮਰਨ ਦੀ ਕੈਦ ਤੋਂ ਰਹਿਤ ਹੈ ਫਿਰ ਵੀ ਉਸ ਦੀ ਇਕ ਬੋਲਦੀ ਸ਼ਖ਼ਸੀਅਤ ਹੈ, ਜੋ ਸਾਰੀ ਰਚਨਾ ਦਾ ਮੂਲ ਹੈ, ਪਰ ਆਪਣਾ ਪਰਕਾਸ਼ ਉਸ ਦੇ ਆਪਣੇ ਆਪ ਤੋਂ ਹੈ ਪ੍ਰੀਤ ਕਰਨ, ਉਸਦੇ ਅਥਾਹ ਚਾਨਣੇ ਵਿੱਚ ਆਪਣੀ ਆਤਮਾ ਨੂੰ ਚੁੰਧਿਆਣ, ਉਸ ਨੂੰ ਮਾਣਨ, ਸਿਕਣ, ਢੂੰਢਣ ਦੀ ਕੀ ਲੋੜ ਹੈ ? ਇਹ ਕਿਹਾ ਆਦਰਸ਼ ਹੈ ਜਿਸ ਦਾ ਸ੍ਰੀਰਕ ਰੂਪ ਕੋਈ ਨਹੀਂ, ਪਰ ਜਿਸ ਦੀ ਪ੍ਰਾਪਤੀ ਦਾ ਸੁਆਦ ਸ੍ਰੀਰਕ ਚਿਨ੍ਹਾਂ ਰਾਹੀਂ ਵਿਆਖਿਆ ਗਿਆ ਹੈ। ਜੇ ਸਾਡੀ ਆਤਮਾ ਪਰਮ-ਆਤਮਾ ਵਿੱਚ ਜੁੜ ਕੇ ਅਨਹਦ ਸ਼ਬਦ ਸੁਣਦੀ ਤੇ ਸਹਿਜ ਨੂੰ ਅਪੜਦੀ ਹੈ ਤਾਂ ਫਿਰ ਕੀ ? ਇਹ ਤਾਂ ਕੋਈ ਵਹਿਮ ਦਾ ਝਾਉਲਾ ਜਿਹਾ ਪਰਤੀਤ ਹੁੰਦਾ ਹੈ, ਜਿਹੜਾ ਜਿਸ ਵਿਅਕਤੀ ਨੂੰ ਪੈਂਦਾ ਹੈ, ਉਹ ਉਸੇ ਨੂੰ ਮਹਿਸੂਸ ਹੁੰਦਾ ਹੈ। ਕੀ ਇਹ ਵੀ ਜੀਵਨ ਨੂੰ ਇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਾ-ਮਹਿਦੂਦ ਦੁਖ ਦਾ ਘਰ ਜਾਣ ਕੇ ਆਪਾ ਭੁਲਾਣ ਦਾ ਇਕ ਸਾਧਨ ਨਹੀਂ, ਜਿਵੇਂ ਨੀਂਦਰ ਦੀ ਬੇਹੋਸ਼ੀ ਜਾਂ ਸ਼ਰਾਬ ਦੀ ਮਸਤੀ ?

ਪਰ ਨਹੀਂ, ਗੁਰੂ ਗ੍ਰੰਥ ਦਾ ਆਦਰਸ਼ ਇਹ ਉਕਾ ਨਹੀਂ । ਰੱਬ ਨੂੰ ਪਾਉਣਾ ਉਸ ਦੇ ਪਰਕਾਸ਼ ਵਿਚ ਅੰਤਰ ਆਤਮੇ ਨੂੰ ਜਗਾਣਾ ਹੈ, ਸੁਆਣਾ, ਨਸ਼ਿਆਣਾ, ਜਾਂ ਮਾਰਨਾ ਨਹੀਂ । ਸਹਿਜ ਕੋਈ (Lotus Eaters ਵਾਲੀ) ਅਧ-ਜਾਗੀ, ਅਧ-ਸੁਤੀ ਅਵਸਥਾ ਨਹੀਂ, ਇਕ ਚਾਉ, ਬਿਗਾਸ ਤੇ ਉਮਾਹ ਵਾਲੀ ਅਵਸਥਾ ਹੈ, ਜਿਸ ਵਿਚ ਪਰਉਪਕਾਰ, ਵਿਸ਼ਵ-ਸੇਵਾ, ਦੁਖ ਤੇ ਪਾਪ ਨਾਲ ਘੋਲ ਮਨੁਖ ਦੀ ਜ਼ਿੰਦਗੀ ਦਾ ਸਾਧਾਰਨ ਕਰਮ ਬਣ ਜਾਂਦਾ ਹੈ :—

'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ।'

ਬੰਦਾ ਮਰ ਕੇ ਮੁਕਤ ਹੋਣ ਨੂੰ ਨਹੀਂ ਲੋਚਦਾ, ਜੀਵਨ-ਮੁਕਤ ਹੋ ਜਾਂਦਾ ਹੈ । ਉਹ ਰਹਿੰਦਾ ਦੁਨੀਆਂ ਦੇ ਪਾਣੀ ਵਿਚ ਹੈ, ਪਰ ਕੰਵਲ ਦੀ ਤਰ੍ਹਾਂ ਨਿਰਲੇਪ, ਅਭਿੱਜ, ਚਿੱਕੜ ਤੋਂ ਉਤੇ ਖੜੋਤਾ, ਟਹਿਕਿਆ, ਹਸਦਾ :—

'ਜੈਸੇ ਜਲ ਮਹਿ ਕਮਲ ਨਿਰਾਲਮ ਮੁਰਗਾਈ ਨੈਸਾਣੇ ।'

ਉਹ ਜੀਵਨ ਤੋਂ ਉਪਰਾਮ ਨਹੀਂ ਹੁੰਦਾ, ਪਰ ਮਰਨ ਤੋਂ ਵੀ ਡਰਦਾ ਨਹੀਂ ਕਿਉਂ ਜੁ ਆਤਮਾ ਜੋ ਪਰਮ-ਆਤਮਾ ਵਿੱਚ ਨਿਵਾਸ ਰਖਦੀ ਹੈ, ਉਹ ਤਾਂ ਮਰਦੀ ਨਹੀਂ । ਦੇਹੀ ਦੀ ਮਿੱਟੀ ਮਿੱਟੀ ਵਿਚ ਰਲ ਗਈ, ਸਵਾਸਾਂ ਦੀ ਪਉਣ, ਪਉਣ ਵਿਚ । ਮਰਿਆ ਕੌਣ ?

'ਦੇਹੀ ਮਾਟੀ, ਬੋਲੇ ਪਉਣ,
ਬੁਝ ਰੇ ਗਿਆਨੀ ਮੂਆ ਹੈ ਕਉਣ ?'

ਮੌਤ ਤਾਂ ਮਾਨੋਂ ਪਾਣੀ ਦਾ ਢੁੱਲ ਪਾਣੀ ਨੂੰ ਜਾ ਮਿਲਣਾ ਹੈ :

'ਸੂਰਜ ਕਿਰਣਿ ਮਿਲੀ, ਜਲ ਕਾ ਜਲ ਹੂਆ ਰਾਮ ।
ਜੋਤੀ ਜੋਤ ਰਲੀ, ਸੰਪੂਰਨ ਥੀਆ ਰਾਮ ।'

ਇੰਞ ਜੀਵਨ ਮਰਨ ਇਕ ਖੇਡ ਜਾਪਣ ਲਗ ਪੈਂਦਾ ਹੈ । ਸਭ ਕੁਝ ਕਰਦਿਆਂ ਹੋਇਆਂ ਵੀ ਕੁਝ ਵੀ ਆਪਣਾ ਕੀਤਾ ਮਹਿਸੂਸ ਨਹੀਂ ਹੁੰਦਾ, ਸਭ ਕੁਝ ਰੱਬ ਦੇ 'ਹੁਕਮ ਵਿਚ' ਕਾਰ ਕਰਦਾ ਦਿਸ ਆਉਂਦਾ ਹੈ । ਪਉਣ, ਪਾਣੀ, ਅਗਨੀ ਚੰਨ, ਸੂਰਜ, ਤਾਰੇ ਸਾਰੇ ਹੁਕਮ ਵਿੱਚ ਬੱਧੇ ਕਾਰ ਕਰਦੇ ਹਨ, ਮਾਨੋਂ ਰਬ ਦੀ ਆਰਤੀ ਉਤਾਰ ਰਹੇ ਹਨ । ਮਨੁਖ ਲਈ ਵੀ :—

'ਆਪੇ ਜੰਤੀ ਜੰਤ ਹੈ ਪਿਆਰਾ,
ਜਨ ਨਾਨਕ ਵਜਹਿ ਵਜਾਇਆ ।'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫਿਰ ਮੌਤ ਦਾ ਡਰ ਕਿਵੇਂ ਪੋਹਵੇ ਆਤਮਾ ਨੂੰ ? ਨਾਲੇ ਜੀਵਨ ਵਿਚੋਂ 'ਆਪਾ ਪਰ ਕਾ ਮਿਟ ਗਿਆ' ਤੇ ਜਿਧਰ ਵੇਖੋ, ਸਾਰਾ ਵਿਸ਼ਵ 'ਤੂੰ ਹੀ ਤੂੰ' ਦੀ ਧੁਨੀ ਨਾਲ ਗੂੰਜਦਾ ਦਿਸਣ ਲਗ ਪਿਆ, ਤਾਂ ਜੀਉਣਾ ਚੰਗਾ ਲਗਣ ਲਗਾ, ਉਸ ਵਿਚੋਂ ਸਭ ਧੋਖੇ, ਦਿਲਗੀਰੀਆਂ, ਅਵਿਸ਼ਵਾਸ਼ੀਆਂ, ਸਹਿਮ, ਆਪਾ-ਗਰਜ਼ੀਆਂ, ਨਾਕਾਮੀਆਂ ਮਿਟ ਗਈਆਂ । ਹੁਣ ਮਨੁੱਖ ਸਾਰੀ ਕਾਇਨਾਤ ਉਤੇ ਸਰਦਾਰੀ ਕਰਨ ਲਗ ਪੈਂਦਾ ਹੈ :—

'ਅਵਰ ਜੋਨਿ ਤੇਰੀ ਪਨਿਹਾਰੀ ।
ਇਸ ਧਰਤੀ ਮੈਂ ਤੇਰੀ ਸਿਕਦਾਰੀ ।'

ਹਾਂ, ਹਾਂ,

'ਭੁਜਬਲ ਬੀਰ ਬ੍ਰਹਮ ਸੁਖ ਸਾਗਰ,
ਪਰਤ ਪਰਤ ਗਹਿ ਲੇਹੁ ਅੰਗਰੀਆ ।
ਸਰਵਨ ਨ ਸੁਰਤਿ ਨੈਣ ਸੁੰਦਰ ਨਹੀਂ,
ਆਰਤ ਦੁਆਰ ਰਟਤ ਪਿੰਗੁਰੀਆ ।
ਦੀਨਾ ਨਾਥ, ਅਨਾਥ, ਕਰੁਣਾਮੈ,
ਸਾਜਨ, ਮੀਤ, ਪਿਤਾ, ਮਹਿਤਰੀਆ ।

ਮੈਨੂੰ ਤਾਂ ਭੁਲੇਖਾ ਸੀ ਜੁ ਮੈਂ ਕਿਸੇ ਯੋਗ ਨਹੀਂ । ਸਾਹਿਬ 'ਇਕ ਦੂੰ ਇਕ ਚੜ੍ਹੰਦੀਆਂ' ਵਿਚੋਂ ਕਿਸੇ ਨਾਲ ਰੰਗ ਮਾਣੇਗਾ । ਪਰ ਨਹੀਂ, ਉਸ ਤਾਂ ਢੂੰਢ ਕੇ ਮੇਰਾ ਬੂਹਾ ਆ ਖੜਕਾਇਆ । ਕਬੀਰ ਵਰਗੀ ਆਤਮਾ ਦਾ ਖ਼ਿਆਲ ਸੀ, ਜੋ ਮਹਿੰਦੀ ਕਿੰਨਾ ਪਈ ਆਪਣਾ ਆਪ ਪਿਸਾਵੇ, ਸੱਜਣ ਪਤਾ ਨਹੀਂ, ਹੱਥ ਉਸ ਨਾਲ ਰੰਗੇ ਨਾ ਰੰਗੇ ? ਇਹੀ ਭੁਲੇਖਾ ਬਾਬੇ ਫ਼ਰੀਦ ਨੂੰ ਵੀ ਸੀ । ਤਲੀਆਂ ਨੂੰ ਕਾਗ ਚੂੰਡ ਗਏ, ਪਰ ਅਜੇ ਉਸ ਨੂੰ ਰੱਬ ਨਹੀਂ ਸੀ ਬਹੁੜਿਆ । ਪਰ ਗੁਰੂ ਬਾਬੇ ਦਾ ਤਜਰਬਾ ਇਹ ਨਹੀਂ ਸੀ । ਉਹ ਤਾਂ ਕੂਕ ਕੂਕ ਆਖਦਾ ਹੈ :—

'ਨਾਨਕ ਮਹਿੰਦੀ ਕਰਕੈ ਰਖਿਆ, ਸੋ ਸਹੁ ਨਦਰਿ ਕਰੇਇ ।
ਆਪੇ ਪੀਸੈ, ਆਪੇ ਘਸੇ, ਆਪੇ ਹੀ ਲਾਇ ਲਏਇ ।

ਮਹਿੰਦੀ ਨੂੰ ਆਪਾ ਪੀਸਾਣ ਦੀ ਵੀ ਲੋੜ ਨਹੀਂ । ਬਸ ਆਪਣੇ ਰੰਗਲੇ ਸਾਜਣ ਵਲ ਆਪਣੀ ਟਹਿਣੀ ਦਾ ਮੂੰਹ ਕਰਨ ਦੀ ਹੈ, ਉਹ ਆਪੇ ਪੀਹ ਕੇ, ਘਸ ਕੇ ਹੱਥੀਂ ਲਾ ਲਵੇਗਾ ।

ਰੱਬ ਨੂੰ ਇਵੇਂ 'ਨਿਕਟ ਖਲੋਇਅੜਾ' ਮਿਹਰਵਾਨ, ਸਜਣ ਸੁਹੇਲਾ, ਮੀਤ, ਪਿਤਾ, ਪੁੱਤਰ, ਲਾਲਨ, ਢੋਲਾ, ਆਖਣ ਵਾਲਾ ਸਾਹਿਤ ਹੈ ਗੁਰੂ ਗ੍ਰੰਥ ਦਾ, ਜਿਸ ਦੇ ਫ਼ਲਸਫ਼ੇ ਨੂੰ ਭਾਵੇਂ ਕੋਈ ਵੀ ਨਾਮ ਦਿਓ, ਉਸ ਦੇ ਬਿਆਨ ਦੇ ਵੇਰਵੇ ਦੇ ਸੁਹਜਵਾਦੀ ਹੋਣ ਬਾਰੇ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

पुस्तकालय
पुस्तकालय
गुरुकुल कांगड़ी विश्वविद्यालय

6934

2

ਗੁਰੂ ਗ੍ਰੰਥ ਦੇ ਫ਼ਲਸਫ਼ੇ ਦਾ ਕਾਵਿਕ ਰੂਪ

ਗੁਰੂ-ਗ੍ਰੰਥ ਦਾ ਇਕ ਜਰਮਨ ਟੀਕਾ-ਕਾਰ, ਡਾਕਟਰ ਟਰੰਪ, ਲਿਖਦਾ ਹੈ :—

''ਗ੍ਰੰਥ ਦਾ ਫ਼ਲਸਫ਼ਾ, ਇਸ ਦੇ ਅਕਾਰ ਦੇ ਮੁਕਾਬਲੇ ਤੇ, ਮੈਨੂੰ ਬੜਾ ਹੀ ਪੇਤਲਾ ਲਗਾ ਹੈ। ਖ਼ਿਆਲਾਂ ਦੀ ਦੁਹਰਾਈ ਇਸ ਵਿਚ ਬੜੀ ਹੈ ਤੇ ਜਿਹੜਾ ਕੋਈ ਇੱਕ ਕਿਸੇ ਰਾਗ ਦੀ ਬਾਣੀ ਨੂੰ ਪੜ੍ਹ ਲਏ, ਉਸ ਨੂੰ ਹੋਰ ਅੱਗੇ ਕੁਝ ਪੜ੍ਹਨ ਦੀ ਤੀਬਰਤਾ ਨਹੀਂ ਜਾਗਦੀ।'' ਕਈ ਪੱਛਮੀ ਤੇ ਪੂਰਬੀ ਵਿਚਾਰਵਾਨਾਂ ਨੇ ਸਿੱਖ ਮਤ ਨੂੰ ਇਸਲਾਮ ਦਾ ਹੀ ਸੂਫ਼ੀ ਅਸਰ ਹੇਠ ਆਇਆ ਪੰਜਾਬੀ ਰੂਪ ਕਰਕੇ ਵਖਾਣਿਆ ਹੈ। ਕਈ ਹੋਰਨਾਂ ਨੇ ਇਸਨੂੰ ਕਬੀਰ ਦੀ ਪਰਨਾਲੀ ਦਾ ਇਕ ਉਸ ਤੋਂ ਘਟੀਆ ਰੂਪ ਦਸ ਕੇ ਆਪਣੀ ਧਾਰਮਕ ਤੇ ਸਾਹਿਤਕ 'ਖੋਜ' ਦੀ ਗਵਾਹੀ ਦਿਤੀ ਹੈ। ਮੈਕਾਲਫ਼ ਤੇ ਮਿਸ ਡਾਰੋਥੀ ਸਮਿੱਥ ਨੇ ਸਿਖ ਮਤ ਰਾਹੀਂ ਧਰਮ ਦੇ ਇਤਿਹਾਸ ਵਿਚ ਇਕ ਨਿਖੜਵਾਂ ਤੇ ਅਲੌਕਿਕ ਚਮਤਕਾਰ ਤੱਕਿਆ ਹੈ। ਸਿਖ ਮੱਤ ਦੇ ਅਨੁਆਈ ਆਪ ਵੀ ਇਹੀ ਮੰਨਦੇ ਤੇ ਪਰਚਾਰਦੇ ਹਨ।

ਕਿਉਂ ਖ਼ਿਆਲਾਂ ਦੀ ਏਨੀ ਖਿਚੋਤਾਣ ਤੇ ਅਜੋੜਤਾ ਵਿਦਵਾਨਾਂ ਵਿਚ ਉਗਮ ਪਈ ਜਾਪਦੀ ਹੈ ? ਇਸ ਕਰ ਕੇ, ਜੁ ਉਨ੍ਹਾਂ ਵਿਚੋਂ ਦਾਰਸ਼ਨਿਕ ਭਾਵਾਂ ਵਾਲੇ ਵਿਚਾਰਵਾਨ ਆਦਿ-ਗ੍ਰੰਥ ਨੂੰ ਨਿਪਟ ਕਿਸੇ ਦਰਸ਼ਨ ਵਾਂਗ ਵਿਚਾਰਦੇ ਹਨ ਤੇ ਕੇਵਲ ਜਿਥੇ ਉਸ ਦਾ ਵਿਚਾਰ ਅੱਤ ਸਜਰਾ, ਨਿਖੜਵਾਂ, ਨਿੱਜੀ, ਵਿਕੋਲਿਤਰਾ ਹੋਵੇ, ਉਸੇ ਲਈ ਉਹ ਆਦਿ ਗ੍ਰੰਥ ਦੀ ਬਾਣੀ ਨੂੰ ਧਾਰਮਕ ਫ਼ਲਸਫ਼ੇ ਦੇ ਇਤਿਹਾਸ ਵਿਚ ਥਾਂ ਦੇਂਦੇ ਹਨ। ਉਹ ਇਹ ਨਹੀਂ ਵਿਚਾਰਦੇ, ਜੁ ਭਾਵੇਂ ਆਦਿ-ਗ੍ਰੰਥ ਵਿਚ ਮੂਲ-ਖ਼ਿਆਲ ਥੋੜੇ ਹਨ ਤੇ ਉਨ੍ਹਾਂ ਦੀ ਦੁਹਰਾਈ ਵੀ ਬੜੀ ਵੇਰ ਹੋਈ ਹੈ (ਨਾਲੇ ਉਨ੍ਹਾਂ ਵਿਚ ਉਸ ਤਰ੍ਹਾਂ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਵਾਂ ਸਜਰਾਪਨ ਵੀ ਨਹੀਂ, ਜੁ ਹਰ 'ਚੁੰਚ-ਗਿਆਨ' ਨਿਤਾ-ਪ੍ਰਤ ਨਿਪਟ ਆਪਣੀ ਮੌਲਿਕਤਾ ਦਾ ਸਿੱਕਾ ਬਿਠਾਉਣ ਲਈ ਘੜਦਾ ਤੇ ਮਨੁਖ-ਮਨਾਂ ਨੂੰ ਨਵੀਆਂ ਗੁੰਝਲਾਂ, ਅਵਿਸ਼ਵਾਸ਼ੀਆਂ, ਬੇ-ਪਰਤੀਤੀਆਂ ਤੇ ਸ਼ੰਕਿਆਂ ਦੇ ਡੂੰਘੇ ਹਨੇਰੇ ਖੂਹ ਵਿਚ ਸੁਟ ਸੁਟ ਘਟਦਾ ਹੈ) ਪਰ ਗੁਰੂ ਗ੍ਰੰਥ ਦੀ ਬਾਣੀ ਦੀ ਵਿਚਲੀ ਧੁਰ ਅੰਦਰ ਦੀ ਰਮਜ਼ ਉਹੀ ਹੈ, ਜੋ ਸਦਾ ਸਦਾ ਲਈ ਜੀਵਨ ਦਾ ਮੂਲ ਰਹੀ ਹੈ ਤੇ ਰਹੇਗੀ। ਉਹ ਹੈ ਮਨੁਖ ਦਾ ਮਨੁਖੀ ਸ਼ਖ਼ਸੀਅਤ ਲਈ ਆਦਰ ਪੈਦਾ ਕਰਨਾ ਤੇ ਇਸ ਨੂੰ ਮਾਰਨ, ਸਾੜਨ, ਲੂਹਣ ਦੀ ਥਾਂ 'ਬਿਗਾਸ' ਵਿਚ ਲਿਆਉਣ ਉਤੇ ਜ਼ੋਰ ਦੇਣਾ; ਸੰਸਾਰ ਨੂੰ ਅਸੱਤ ਜਾਣ ਤੇ ਆਖ ਕੇ ਵੀ ਇਸੇ ਉਤੇ ਪਾਪ ਨਾਲ ਘੋਲ ਕਰਨ ਦੇ ਮਨੁੱਖੀ ਜੀਵਨ ਰਾਹੀਂ ਇਕੋ ਇਕ ਮਿਲਦੇ ਮੌਕੇ ਨੂੰ ਭਰਵੀਂ ਵੰਗਾਰ ਨਾਲ ਸੁਝਾਉਣਾ; ਮੌਤ ਦਾ ਕੂੜਾ ਡਰ ਝਾੜਨਾ; ਅੱਗੇ ਦਾ ਸੁਰਗੀ ਲਾਲਚ ਜਾਂ ਨਰਕੀਲਾ ਸਹਿਮ, ਜਾਂ ਆਵਾਗਾਉਣ ਤੋਂ ਮੁਕਤੀ ਨੂੰ ਜੀਵਨ ਆਦਰਸ਼ ਮਿੱਥਣ ਜਾਂ ਕਿਸੇ ਜੱਗੋਂ-ਬਾਹਰੇ ਰੱਬ-ਹਾਕਮ ਦੇ ਨਿਆਂਕਾਰੀ ਕਰੜੇਪਨ ਦੇ ਡਰ ਨਾਲ 'ਥਰ-ਹਰ-ਕੰਪਾਣ' ਦੀ ਥਾਂ ਜਾਂ 'ਬਾਹਰ' ਨੂੰ ਭੁਲ ਸਭ ਕੁਝ 'ਅੰਦਰ ਹੀ ਅੰਦਰ' ਭਾਲਣ ਤੇ ਅੰਦਰ ਹੀ ਕੋਠੀ-ਬੰਦ ਜੀਊਂਦਿਆਂ ਮਰਨ ਦੀ ਥਾਂ ਰੱਬ ਦੇ ਭਉ-ਭਾਉ ਵਿਚ ਬੱਧੇ ਵਿਸ਼ਵ ਵਿਚ ਰਬ-ਮਿਹਰ, ਤੇ 'ਪ੍ਰੀਤ ਚਰਨ ਕਮਲਾਰੇ' ਦੀ ਆਸ ਡੋਰੀ ਵਿਚ ਬੰਨ੍ਹੀ ਕੇ ਆਪੇ ਤੋਂ ਬਾਹਰ ਹੋ ਵਗਣਾ, ਦੁਨੀਆਂ ਦੇ ਆਤਮਿਕ ਤੇ ਸਮਾਜਕ ਕੋਹੜ ਕੱਟਣ ਨੂੰ।

ਇਸ ਤਰ੍ਹਾਂ ਇਹ ਰਮਜ਼ ਬਾਕੀ ਰਹੱਸਵਾਦੀ ਫ਼ਲਸਫ਼ੇ ਨਾਲੋਂ ਜਿਵੇਂ ਕਿ ਪਿਛੇ ਦਸਿਆ ਹੈ, ਅੱਡਰੀ ਵਿਕੋਲਿਤਰੀ ਵੀ ਹੈ ਤੇ ਨਹੀਂ ਵੀ। ਹੈ ਇਸ ਲਈ ਜੁ ਉਹ ਇਸ ਨੂੰ ਆਦਿ-ਗ੍ਰੰਥ ਦੀ ਬਾਣੀ ਪਹਿਲੀ ਵੇਰ ਨਵੀਂ ਬੋਲੀ ਤੇ ਕਾਵਿਕ ਚਿਨ੍ਹਾਂ ਰਾਹੀਂ ਪ੍ਰਗਟਾਉਂਦੀ ਹੈ। ਨਹੀਂ ਇਸ ਲਈ ਜੁ ਸੱਚ ਕਦੀ ਨਵਾਂ ਨਹੀਂ ਹੁੰਦਾ, ਉਸਦੀ ਨੁਹਾਰ ਨੂੰ ਭਾਵੇਂ ਹਰ ਚੜ੍ਹੇ ਸੂਰਜ ਨਵੇਂ ਗਹਿਣੇ ਕਪੜੇ ਪੁਆ ਦਿਓ। ਓਹੀ ਭੁਖ ਰੋਜ਼ ਚਮਕਦੀ ਹੈ, ਓਹੀ ਸੂਰਜ ਉਦੈ ਰੋਜ਼ ਰਾਤ ਦੇ ਹਨੇਰੇ ਜਾਂ ਚੰਨ ਦੀ ਚਾਨਣੀ ਦੇ ਮੱਧਮ ਸੁਤੇ ਪਰਕਾਸ਼ ਵਿਚ ਡੁਬਦਾ ਦਿਸਦਾ ਹੈ, ਪਰ ਵਾਸਤਵ ਵਿਚ ਨਹੀਂ ਡੁਬਦਾ, ਉਹੀ ਜੀਵਨ ਦੀ ਖੇਡ ਸਾਡੇ ਸਾਹਮਣੇ ਹਰ ਘੜੀ ਆਪਣੇ ਮੌਤ ਘੁੰਗਰੂਆਂ ਨਾਲ ਤਾਂਡਵ ਨਾਚ ਨਚਦੀ ਦਿਸਦੀ, ਫਿਰ ਖਿਚਦੀ ਹੈ, ਪਰਕਿਰਤੀ ਵਿਚ ਫੁੱਲ ਉਵੇਂ ਹੀ ਖ਼ੁਸ਼ਬੋਆਂ ਵਿਚ ਨਿਤ ਮੌਲਦੇ ਹਨ, ਜਿਵੇਂ ਗੌਤਮ ਜਾਂ ਈਸਾ ਮਸੀਹ ਦੇ ਵੇਲੇ, ਪਸ਼ੂ-ਪਿਆਰ ਉਵੇਂ ਹੀ ਮਨੁਖਾਂ ਵਿਚ ਹੁਣ ਵੀ ਪਹਿਲਾਂ ਵਾਂਗ ਜਾਗਦਾ ਤੇ ਕਬਜ਼ੇ ਦਾ ਲਾਲਚ ਜੰਗਾਂ, ਜੁੱਧਾਂ, ਵਿਚ ਪਲਟਦਾ ਹੈ, ਜਿਵੇਂ ਵੇਦ-ਰਚਨਾ ਦੇ ਵੇਲੇ, ਮਨੁੱਖੀ ਆਤਮਾ ਦੇ ਦੁਖ-ਸੁਖ ਉਵੇਂ ਹੀ ਉਸਰਦੇ ਨਿਸਰਦੇ ਹਨ, ਉਨ੍ਹਾਂ ਹੀ ਮੂਲ-ਜਜ਼ਬਿਆਂ, ਆਸ਼ਿਆਂ ਨਾਲ ਪ੍ਰੇਰਿਤ ਹੋ ਕੇ, ਜਿਵੇਂ ਕਦੀ ਪਹਿਲਾਂ। ਸਮਾਜਕ ਆਲਾ-ਦੁਆਲਾ ਕੁਝ ਵਟਿਆ, ਕੁਝ ਵਟਦਾ ਜਾਏਗਾ, ਪਰ ਮਨੁੱਖੀ ਆਤਮਾ ਜਾਂ ਉਸ ਨੂੰ ਹਲੂਣਨ, ਪ੍ਰੇਰਨ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਚਿਆਣ, ਵਿਗਾੜਨ ਦੇ ਪ੍ਰੇਰਕ ਮੂਲ-ਆਸ਼ੇ ਨਹੀਂ ਵਟੇ। ਜੇ ਇਹਨਾਂ ਨਾਲ ਹੀ ਸੰਬੰਧਤ ਹੈ ਗੁਰੂ-ਗ੍ਰੰਥ ਦਾ ਸਾਹਿੱਤ, ਤਾਂ ਇਹ ਦੋਸ਼ ਕਿਵੇਂ ਹੋਇਆ ? ਨਵਾਂਪਨ ਤਾਂ ਸੱਚ ਨੂੰ ਮੁੜ ਕੇ ਨਵੇਂ ਕਾਵਿਕ-ਚਿੰਨ੍ਹਾਂ, ਚਿਤਰਾਂ ਵਿਚ ਵਿਆਖਣ ਤੋਂ ਹੀ ਲੱਭਦਾ ਹੈ, ਜਾਂ ਉਸ ਹੀਲੇ ਤੋਂ, ਜੋ ਸੱਤਯ ਨੂੰ ਹਵਾਈ, ਵਹਿਮੀ, ਕਰਮ-ਕਾਂਡੀ, ਅਪਹੁੰਚ, ਜਾਂ ਰੁੱਖੀ, ਬੇ-ਰਹਿਮ ਹੱਠ-ਪਰਾਪਤੀ ਦੇ ਘਰ ਵਿਚੋਂ ਕਢ ਕੇ ਨੇੜੇ ਗੁਆਂਢ ਦੀ, ਪਕੜ ਦੀ, ਸ੍ਰੀਰਕ ਸਹਿਜ, ਸੁਭਾਵਕ, ਤੇ ਸਾਰਥਕ, ਅਮਲ ਤੇ ਵਿਚਾਰ ਦੀ ਸੇਜਾ ਉਤੇ ਲੈ ਆਉਂਦਾ ਹੈ। ਇੱਥੇ ਹੀ ਆਦਿ-ਗ੍ਰੰਥ ਦੀ ਬਾਣੀ ਦੀ ਵਡੀ ਵਡਿਆਈ ਸਾਨੂੰ ਲਭਦੀ ਹੈ।

ਜਿਹੜੇ ਕਾਵਿਕ ਚਿੰਨ੍ਹ ਜਾਂ ਸ਼ਬਦ-ਚਿਤਰ ਆਦਿ-ਗ੍ਰੰਥ ਵਿਚ ਇਸ ਮੂਲ-ਆਸ਼ੇ ਨੂੰ ਸਮਝਾਉਣ ਲਈ ਵਰਤੇ ਗਏ ਹਨ, ਉਹ ਏਨੇ ਘਰੋਗੀ, ਹੱਡ-ਬੀਤੇ, ਨੇੜ-ਦਿਸਦੇ, ਨਿਜ-ਪਰਖੇ ਹਨ, ਜੋ ਮਨੁੱਖ-ਆਤਮਾ ਉਸ ਆਸ਼ੇ ਦੇ ਸਾਰੇ ਵੇਰਵੇ ਦੀ ਪੂਰੀ ਸੋਝੀ ਆਪਣੇ ਵਿਚ ਰਚਾ ਲੈਂਦੀ ਹੈ। ਕੁਝ ਵੀ ਓਪਰਾ, ਗੁੰਝਲਦਾਰ ਜਾਂ ਵਿਸਵਿਸੇ-ਭਰਿਆ ਨਹੀਂ ਰਹਿੰਦਾ। ਸਾਰੀ ਰਮਜ਼ ਚਾਨਣੇ ਦੇ ਪ੍ਰਕਾਸ਼ ਵਾਂਗ ਸਾਡੇ ਸਾਹਮਣੇ ਉਘੜ ਖਲੋਂਦੀ ਹੈ। ਇਹ ਤਾਂ ਹੈ ਉਨ੍ਹਾਂ ਦਾ ਨਿਖਰਵਾਂਪਨ ਤੇ ਢੁਕਾ ਵਿਚਲੇ ਜਜ਼ਬੇ ਨਾਲ। ਦੂਜਾ ਗੁਣ ਇਨ੍ਹਾਂ ਚਿੰਨ੍ਹਾਂ ਦਾ ਹੈ ਉਨ੍ਹਾਂ ਦਾ ਕਾਵ-ਮਈ ਰਾਗਾਤਮਿਕ ਬੋਲੀ ਵਿਚ ਜੜ੍ਹਿਆ ਹੋਣਾ, ਜੋ ਮਨੁੱਖ-ਆਤਮਾ ਦੇ ਅੰਦਰਲੇ ਅਨੁਭਵ ਨੂੰ ਇਉਂ ਟੁੰਬਦੀ ਹੈ, ਹਲੂਣਦੀ, ਰਸ ਦੇਂਦੀ, ਜਗਾਂਦੀ ਹੈ ਜੁ ਅਸੀਂ ਸੁਆਦ ਸੁਆਦ ਕੂਕ ਉਠਦੇ ਹਾਂ ਤੇ ਰਸ-ਰੰਗ-ਰਾਗ ਵਿਚ ਰੱਤੇ ਬਾਣੀ ਵਿਚ ਜੜ੍ਹੀ ਵਿਚਲੀ ਜੀਵਨ ਕਣੀ ਨੂੰ ਇਉਂ ਆਪਣੀ ਆਤਮਾ ਦੇ ਸਾਰੇ ਸਹਿਜ ਨਾਲ ਖ਼ੁਸ਼ਬੋ ਵਾਂਗ ਆਪਣੀ ਹਡੀਂ ਰਚਾ ਲੈਂਦੇ ਹਾਂ ਕਿ ਉਹ ਸਾਡੇ ਜੀਵਨ ਦਾ ਹੀ ਇਕ ਅੰਗ ਬਣ ਜਾਂਦੀ ਹੈ। ਜਿਹੜੇ ਕਾਵਿਕ-ਚਿੰਨ੍ਹ ਇਸ ਬਾਣੀ ਵਿਚ ਵਰਤੇ ਗਏ ਹਨ, ਉਨ੍ਹਾਂ ਵਿਚੋਂ ਕੁਝ ਕੁ ਇਹ ਹਨ :—ਪਤੀ-ਪਤਨੀ; ਧਰਤ-ਅਕਾਸ਼; ਪੌਣ-ਪਾਣੀ; ਬਾਰਕ-ਮਾਤਾ; ਸਹੁਰਾ-ਪੇਕਾ; ਸੁਹਾਗਣ-ਦੁਹਾਗਣ; ਅਗਨੀ; ਬਨਸਪਤੀ; ਚਉਬਾਰਾ; ਮਿਰਗ-ਤ੍ਰਿਸ਼ਨਾ; ਘੋੜੀ; ਸਾਵਣ-ਹਾੜ; ਮਹਿਲ; ਦਰਵਾਜ਼ਾ; ਦਰਬਾਨ; ਬਲਦ; ਦਿਨ-ਰਾਤ; ਕਾਗਜ਼; ਲੂਣ; ਕੰਵਲ; ਮਿੱਟੀ; ਨਾਰ-ਪੁਰਖ; ਰਾਜਾ; ਨਗਰੀ; ਰਵਿ-ਸਸ; ਸੂਈ-ਧਾਗਾ; ਤਾਰੇ; ਈਂਧਨ; ਚਾਬਕ; ਰੁਖ; ਸਿੰਮਲ; ਮਛਲੀ; ਝੀਵਰ; ਜਾਲ; ਅਮਾਨਤ; ਧਨ; ਸੋਨਾ; ਚਾਂਦੀ; ਫੁਲ-ਫਲ; ਘੁੰਘਟ; ਸਮੁੰਦਰ; ਬੇੜੀ-ਤੁਲਹਾ; ਦਮਾਮਾ; ਸੂਰਮਾ; ਪਾਂਧੀ; ਚਾਕਰ; ਨਾਗ; ਚੰਦੋਆ; ਕੁੰਜੀ-ਜੰਦਰਾ; ਤ੍ਰਿਣ; ਥਣ; ਗਊ; ਬਛੜਾ; ਹਰਟ; ਕੱਚੀ ਦੀਵਾਰ; ਕਿਰਸਾਣੀ; ਲੋਹਾਰ; ਜੁਲਾਹੇ; ਤੇ ਸੁਨਿਆਰੇ ਦੇ ਸੰਦ; ਕੁਲਹ; ਕਉਸ (ਖੜਾਵਾਂ); ਖੇਵਟ; ਜਾਲਾ; ਸੇਬਾਲ; ਡੱਡੂ; ਭੌਰਾ; ਕੁਮੁਦਨੀ; ਪਿੱਸੂ; ਸੁਆਨ; ਹੰਸ; ਗੰਢ; ਵਾੜ; ਕੁਸਮ; ਪੱਟ; ਘਿਉ; ਮਿਰਗਾਣੀ; ਤੋਤਾ; ਸ਼ਿਕਾਰੀ; ਮੇਘ; ਆਂਡਾ; ਥੰਮ੍ਹ; ਕੋਇਲਾ; ਲੱਜ (ਜੇਵੜੀ); ਖੜਗ; ਕਸੁੰਭਾ; ਮਜੀਠ;

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰਚੂਨ ਸੌਦਾ; ਚੰਦਨ; ਨਿੰਮ; ਮਾਣਕ (ਕਈ ਤਰ੍ਹਾਂ ਦੇ); ਖੁੱਡ; ਹਾਥੀ; ਅੰਕੁਸ਼; ਖੁੰਬ; ਛਿੰਝ; ਛੱਜ; ਤੇਲ; ਦੀਵਾ; ਹਰਿਆ ਬਾਗ; ਬਨ-ਹਰਾ; ਖੋਤਾ; ਪੈਖਰ; ਕਊਆ; ਗੋਇਲ; ਬਗਲਾ; ਕੈਹਾ (ਕਾਂਸ਼ੀ); ਵਿਸ਼ਈ; ਜੁਆਰੀ; ਰਬਾਬ ਦੀ ਤੰਦ; ਭੇਡ; ਖੁਸਰਾ; ਪਾਰਸ; ਸੁਪਨਾ; ਬੱਦਲ; ਪਤੰਗ; ਬਿਜਲੀ; ਅੱਕ-ਖਖੜੀਆਂ; ਇੱਲ; ਖੂੰਡੀ ਦੀ ਖੇਡ; ਗੂੰਗਾ; ਘੜਾ; ਧਾਤ; ਹੜ੍ਹ ਦਾ ਪਾਣੀ; ਤੂੰਮਾ; ਚਾਤ੍ਰਿਕ; ਕੇਸਰ; ਪੰਛੀ; ਮੋਰ; ਚਕੋਰ; ਅੱਕ; ਅੱਕ-ਟਿੱਡਾ; ਪਾਈ; ਚੋਲੀ; ਖੰਨਲੀ; ਤੇਲੀ; ਕੋਕਿਲ (ਕੋਇਲ); ਅੰਬ; ਪਟੋਲਾ; ਕੜਛੀ; ਢੋਲਕੀ; ਛੱਤ; ਗਾਰੜੂ (ਗਰੜ); ਕੂੰਜ; ਕੁੰਗੂ; ਕੰਡਾ; ਸਾਕਤ; ਲਾਲਾ ਗੋਲਾ; ਗਹਿਣਾ; ਸੀਗਾਰ (ਹਰ ਤਰ੍ਹਾਂ ਦਾ); ਕਰਹਲ (ਊਠ); ਵੇਲ; ਬਾਲੂ (ਰੇਤ); ਦਾਵਾ ਅਗਨ; ਮਾਰੂਥਲ; ਪਹਿਲਵਾਨ; ਅੰਜਨ; ਤਰਾਜ਼ੂ; ਬਿਖਿਆ; ਕਲਮ-ਦਵਾਤ; ਵੇਸਵਾ; ਵਿਸ਼ਟਾ; ਕੀਟ; ਟੋਆ; ਕਸਤੂਰੀ; ਸ੍ਵਾਂਤ-ਬੂੰਦ; ਡੂੰਗਰ; ਗਵਾਲਾ; ਅਤਰ ਫੁਲੇਲ; ਪਰਾਹੁਣਾ; ਮੰਦਰ; ਸੇਜਾ; ਵਿਆਹ; ਨਗਰ; ਸਰੋਵਰ; ਚੌਕਾ; ਗੁੜ-ਮਖੀ; ਖੇਡ (ਬਾਜੀ); ਚੌਪਟ; ਗੁਲਾਲ; ਮਦ; ਪੱਬਣ (ਚੌਪਤੀ) ਦੇ ਪੱਤੇ; ਧੂੰਆਂ; ਸ਼ੱਕਰ; ਖੰਡ; ਮਿਸਰੀ; ਦੁੱਧ; ਕਾਮਧੇਨ ਗਊ; ਪਾਰਜਾਤ; ਨਦੀ ਨਾਲਾ; ਕੁਮ੍ਹਿਆਰ; ਚੱਕ; ਕੋਠਾ; ਤਿਲ ਬੂਆੜ; ਕੋਹਲੂ; ਚਰਖਾ; ਚੱਕੀ; ਚੱਕ; ਲਾਟੂ; ਮਧਾਣੀ; ਅਨਗਾਹ; ਨੱਟ; ਰਾਸ ਧਾਰੀਏ; ਕਪਾਹ; ਕਛੂਕੁੰਮਾਂ; ਖੱਡੀ (ਕਰਗਾਹ) ਕੋਟ (ਕਿਲ੍ਹਾ); ਉਮਰਥਲ (ਫੋੜਾ); ਪਰਾਲੀ; ਪਾਖਾਨ (ਪੱਥਰ); ਕਿਰਪਨ ਆਦਿਕ ਆਦਿਕ ।

ਸਭ ਤੋਂ ਪਹਿਲਾਂ ਹਰ ਸਾਹਿਤ, ਰਹੱਸਵਾਦੀ ਸਾਹਿਤ ਖ਼ਾਸ ਕਰ, ਸ੍ਰਿਸ਼ਟੀ ਰਚਨਾ ਦਾ ਮਨੋਰਥ ਦਸਦਾ ਹੈ, ਫਿਰ ਉਸ ਵਿਚ ਮਨੁਖ ਦਾ ਅਸਥਾਨ ਤੇ ਮਨੁਖੀ ਜੀਵਨ ਦਾ ਆਦਰਸ਼; ਉਸ ਆਦਰਸ਼ ਨੂੰ ਪ੍ਰਾਪਤ ਕਿਵੇਂ ਕਰੀਏ, ਕਿਹੜੇ ਵਸੀਲੇ ਉਸ ਦੇ ਰਾਹ ਨੂੰ ਮੋਕਲਾ ਬਣਾਂਦੇ ਹਨ ਤੇ ਕਿਹੜੇ ਰੋੜੇ ਉਸ ਵਿਚ ਰੋਕ ਬਣ ਖੜੋਂਦੇ ਹਨ: ਇਨ੍ਹਾਂ ਦਾ ਨਿਰਨਾ ਕੀਤਾ ਜਾਂਦਾ ਹੈ । ਰਹੱਸਵਾਦੀ ਸਾਹਿਤ ਆਮ ਕਰ ਕੇ ਆਪਣੀ ਰਮਜ਼ ਨੂੰ ਦਲੀਲ ਦੀ ਪੱਧਰ ਉਤੇ ਨਹੀਂ ਖੋਲ੍ਹਦਾ; ਅਨੁਭਵ ਨਾਲ ਹੀ, ਲਾਂਭਿਉਂ ਚਾਂਭਿਉਂ ਇਸ਼ਾਰੇ ਸੁਟ ਕੇ ਆਤਮਕ ਤਜਰਬਿਆਂ ਦਾ ਕੁਝ ਧੁੰਦਲਾ ਜਿਹਾ ਰੂਪ ਸੁਝਾਂਦਾ ਹੈ । ਉਹ ਕਵਿਤਾ ਦੇ ਰੂਪ, ਰਸ, ਰੰਗ ਦਾ ਏਨਾ ਧਿਆਨ ਨਹੀਂ ਰਖਦਾ ਜਿਤਨਾ ਆਪਣੇ ਅਨੁਭਵ ਨੂੰ ਜਿਵੇਂ ਕਿਵੇਂ ਸੁਝਾਉਣ ਦਾ । ਇਸੇ ਲਈ ਰਹੱਸਵਾਦੀ ਸਾਹਿਤ ਦਾ ਵਿਸਥਾਰ ਸੁਪਨਹਾਰ, ਕੁਝ ਛਾਈਂ ਮਾਈਂ, ਧੁੰਧਲਾ, ਗੁੰਝਲਦਾਰ, ਦੋ-ਅਰਥਾ ਜਿਹਾ ਹੋ ਨਿਬੜਦਾ ਹੈ । ਉਹ ਆਮ ਹਲੂਣਦਾ ਕਰ ਕੇ ਆਪਣੇ ਅੰਤ੍ਰੀਵ ਖ਼ਿਆਲ ਦੀ ਸਚਿਆਈ ਤੇ ਉਸ ਹੀ ਆਖਣ ਵਾਲੀ ਆਤਮਾ ਦੀ ਪ੍ਰਵਾਨ ਉਚਿਆਈ ਕਰ ਕੇ ਹੈ, ਨਾ ਕਿ ਇਸ ਲਈ ਕਿ ਉਹ ਸੋਹਜ-ਰਸ ਵੰਡਦਾ ਹੈ ਜਾਂ ਆਪਣੇ ਰੂਪ ਤੇ ਵਿਸ਼ੇ ਦੇ ਤਾਲ-ਮੇਲ ਨਾਲ ਸਾਡੀ ਸੁਰਤ ਤੇ ਭਾਵਾਂ ਨੂੰ ਇਕ-ਸਮਾਨ ਸੁਆਦ ਵਿਚ ਗੜੂੰਦ ਕਰ, ਨਸ਼ਿਆਂਦਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰ ਗੁਰੂ ਗ੍ਰੰਥ ਦਾ ਸਾਹਿਤ, ਜਿਥੇ ਉਸਨੂੰ ਕਵਿਤਾ ਆਖਣ ਦਾ ਚਾਉ ਮਚਿਆ ਹੈ, ਇਵੇਂ ਨਹੀਂ ਕਰਦਾ। ਉਹ ਰਸ-ਰੰਗ-ਰੂਪ-ਤਾਲ ਵਿਚ ਬੰਨ੍ਹ ਵਲੇਟ ਕੇ ਆਪਣੇ ਆਦਰਸ਼ ਸਾਡੇ ਸਾਹਮਣੇ ਵਿਸਤ੍ਰਿਤ ਕਰਦਾ ਹੈ। ਉਸ ਦਾ ਖ਼ਿਆਲ ਵੀ ਖਿੱਚਦਾ ਹੈ, ਪਰ ਨਾਲ ਹੀ ਖਿਚਦੀ ਹੈ ਉਸ ਖ਼ਿਆਲ ਦੀ ਕਾਵਿਕ ਮੂਰਤ, ਉਸਦੇ ਸ਼ਬਦ-ਚਿੱਤਰ, ਬੋਲ-ਚਿਤਰ, ਤੁਕਾਂਤ ਦਾ ਸਹਿਜ-ਸੁਭਾਵਾ ਮੇਲ, ਤੋਲ ਦੀ ਬਾਕਾਇਦਗੀ, ਪਰ ਜਿਸ ਵਿਚ ਵੰਨਗੀ ਵੰਨਗੀਆਂ ਦੇ ਪਲਟੇ ਹਨ, ਕਵਿਤਾ ਦਾ ਆਪਣਾ ਵਾਯੂ-ਮੰਡਲ, ਜੋ ਕਿਸੇ ਨ ਕਿਸੇ ਰਸ ਨੂੰ ਉਘਾੜਦਾ ਹੈ, ਤੇ ਖ਼ਿਆਲ ਨਾਲ ਢੁਕਦਾ ਤਾਲ-ਰਾਗ ਇਸ ਨਾਲ ਜਿਥੇ ਬੁਧੀ ਆਦਿ-ਗ੍ਰੰਥ ਦੇ ਖ਼ਿਆਲਾਂ ਨੂੰ ਪਰਵਾਨ ਕਰਦੀ ਹੈ, ਉਥੇ ਸਾਡੇ ਜਜ਼ਬੇ ਦੀਆਂ ਤਣੀਆਂ ਵੀ ਨਾਲੋ ਨਾਲ ਖਿਚੀਆਂ ਚਲੀਆਂ ਜਾਂਦੀਆਂ ਹਨ। ਬਸ, ਅਮਰ ਸਾਹਿਤ ਦਾ ਆਵੇਸ਼ ਹੋ ਹੋ ਪੈਂਦਾ ਹੈ।

ਧਰਤ-ਆਕਾਸ਼ ਕੀ ਹਨ ? ਕੀ ਹਨ ਪਉਣ, ਪਾਣੀ, ਬੈਸੰਤਰ ? ਬਨਸਪਤੀ ਕੀ ਹੈ ? ਚੰਨ, ਤਾਰੇ, ਸੂਰਜ, ਗ੍ਰਹਿ, ਨਛਤ੍ਰ ਕੀ ਹਨ ? ਕੀ ਹਨ ਸਾਗਰ, ਮਾਤ ਲੋਕ, ਪਾਤਾਲ ? ਲੋਕ ਕਿੰਨੇ ਹਨ, ਪੁਰੀਆਂ, ਖੰਡ ਕਿਹੜੇ ਕਿਹੜੇ ? ਸਾਡੀ ਧਰਤੀ ਤੋਂ ਪਰੇ, ਹੇਠਾਂ, ਆਸ ਪਾਸ, ਉਤੇ ਕੀ ਹੈ ? ਤੇ ਇਹਨਾਂ ਸਭਨਾਂ ਨੂੰ ਕਿਸ ਨੇ ਤੇ ਕਦੋਂ ਬਣਾਇਆ ਹੈ ? ਕੀ ਇਹ ਆਦੀ ਹਨ ਜਾਂ ਅਨਾਦੀ, ਜੜ੍ਹ ਹਨ ਜਾਂ ਚੈਤੰਨ ?

'ਵਿਸਮਾਦ ਪਉਣ, ਵਿਸਮਾਦੁ ਪਾਣੀ।
ਵਿਸਮਾਦੁ ਅਗਨੀ ਖੇਡਹਿ ਵਿਡਾਣੀ।
ਵਿਸਮਾਦੁ ਧਰਤੀ, ਵਿਸਮਾਦੁ ਖਾਣੀ।'

ਇਨ੍ਹਾਂ ਦੇ ਆਦਿ ਦਾ ਵਿਚਾਰ ਵੀ 'ਵਿਸਮਾਦੁ ਕਥੀਅਲੇ' ਵਿਚ ਹੈ। ਜਾਂ ਇਉਂ ਸਮਝੋ ਕਿ ਸਾਰੇ ਵਿਸ਼ਵ ਦੀ ਇਕ ਅਨੰਤ ਚੱਕੀ ਚਲ ਰਹੀ ਹੈ, ਜਿਸ ਦਾ ਨਾ ਕੋਈ ਆਦਿ ਹੈ, ਨਾ ਅੰਤ :—'ਪੁੜੁ ਧਰਤੀ ਪੁੜੁ ਪਾਣੀ ਆਸਣ, ਚਾਰਿ ਕੁੰਟ ਚਉਬਾਰਾ।' ਇਸ ਚਉਬਾਰੇ ਵਿਚ—ਚੰਨ ਸੂਰਜ ਮਾਨੋਂ 'ਦੋਇ ਦੀਵੇ' ਹਨ। ਜਾਂ ਇਹ ਸਾਰਾ ਬ੍ਰਹਮੰਡ ਆਪਣੇ ਕਰਤੇ ਦੀ ਅਥਾਹ, ਅਸਗਾਹ, ਬੇਅੰਤਤਾ ਤੋਂ ਬਲਿਹਾਰ ਜਾ ਰਿਹਾ ਹੈ :—

'ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ,
ਤਾਰਿਕਾ ਮੰਡਲ ਜਨਕ ਮੋਤੀ।
ਧੂਪੁ ਮਲਿਆਨਲੋ ਪਵਣੁ ਚਵਰੋ ਕਰੇ,
ਸਗਲ ਬਨਰਾਇ ਫੂਲੰਤ ਜੋਤੀ।'

ਜਾਂ ਇਹ ਧਰਤ ਆਕਾਸ਼ ਨੂੰ ਵਿਛੋੜ ਕੇ 'ਚੰਦੋਆ ਤਾਣਿਆ' ਹੈ, ਕਰਤੇ ਨੇ ਸਾਨੂੰ ਨੀਲੀ ਛਾਂ ਦੇਣ ਲਈ। ਨਹੀਂ ਨਹੀਂ, ਜੋ ਚੰਦ-ਸੂਰਜ, ਧਰਤ-ਅਕਾਸ਼, ਪਉਣ, ਪਾਣੀ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੈਸੰਤਰ ਬਾਹਰ ਦਿਸਦੇ ਹਨ, ਉਸਦਾ ਮੂਲ ਤੱਤ ਤਾਂ ਸਾਡੇ ਅੰਦਰ ਵੀ ਉਵੇਂ ਹੀ ਬੰਨ੍ਹ ਬਹਾਲਿਆ ਗਿਆ ਹੈ—ਵਿਸ਼ਵ ਤਾਂ ਮਾਨੋਂ ਮਨੁਖੀ ਸੁਭਾਅ, ਜਜ਼ਬੇ, ਹਡ-ਚੰਮ, ਆਤਮਾ ਦਾ ਇਕ ਅਨੰਤ ਖਿਲਾਰਾ ਜਾਂ ਫੈਲਾਓ ਹੈ :—

'ਭੀਤਰਿ ਅਗਨਿ, ਬਨਸਪਤਿ ਮਉਲੀ,
ਸਾਗਰ ਪੰਡੈ ਪਾਇਆ ।
ਚੰਦੁ ਸੂਰਜ ਦੋਇ ਘਰ ਹੀ ਭੀਤਰਿ,
ਐਸਾ ਗਿਆਨੁ ਨਾ ਪਾਇਆ ।

ਪਰ ਲੋੜ ਸਾਨੂੰ ਠੀਕ ਅਜਿਹੇ ਹੀ ਗਿਆਨ ਦੀ ਹੈ ਕਿ ਜਿਵੇਂ ਬੂਟੇ ਵਿਚ ਅਗਨੀ ਹੁੰਦੀ ਹੋਈ ਵੀ ਉਹ ਮੌਲਦਾ, ਫੂਲਦਾ, ਸਾਵੀਆਂ ਕਰੂੰਬਲਾਂ ਵਿਚ ਹਸਦਾ ਹੈ, ਜਿਵੇਂ ਸਾਗਰ ਅਥਾਹ ਹੋ ਕੇ ਵੀ ਸਾਨੂੰ ਰੋੜ੍ਹਦਾ ਨਹੀਂ, ਹੱਦ ਵਿਚ ਬੱਧਾ ਕਾਰ ਕਰਦਾ ਹੈ, ਜਿਵੇਂ ਚੰਦ੍ਰਮਾ ਤੇ ਸੂਰਜ ਠੰਢਿਆਈ ਤੇ ਤਪਸ਼ ਇੱਕੋ ਆਕਾਸ਼ ਦੇ ਘਰ ਰਹਿ ਕੇ ਇਕ ਦੂਇ ਤੋਂ ਅਗੇ ਪਿਛੇ ਸੁਟਦੇ ਹਨ, ਇਵੇਂ ਹੀ ਮਨੁਖ ਵੀ ਕਰੇ । ਟੁਟਵੀਂ ਭੁਰਵੀਂ ਮਿੱਟੀ ਦਾ ਬਣਿਆ ਹੋ ਕੇ ਵੀ ਉਹ ਆਪਣੀ ਆਤਮਾ ਦੇ ਅਮਰ ਹੋਣ ਵਿਚ ਵਿਸ਼ਵਾਸ਼ ਰਖੇ, ਆਪਣੇ ਗਗਨ (ਦਸਮ-ਦੁਆਰ) ਵਿਚ ਸਹਿਜ ਦੇ ਤਾਰੇ ਲਟਕਾਵੇ, ਅਨਹਦ ਦੀ ਕਿੰਗਰੀ ਵਜਾਵੇ; ਪੰਚ-ਚੋਰਾਂ ਦੀ ਅਗਨੀ ਵਿਚ ਬੈਠਾ ਹੋਇਆ ਵੀ ਅੰਤਰ ਆਤਮੇ ਨੂੰ 'ਅੰਚ ਨਾ ਲਾਗ' ਹੋਣ ਦੇਵੇ; ਸੂਰਜ (ਰਜੋ ਗੁਣ) ਤੇ ਚੰਦ੍ਰਮਾ (ਸਤੋ ਗੁਣ) ਨੂੰ ਇਕੋ ਥਾਂਵੇਂ 'ਗੰਢ ਪਾਇ' ਬਹਾਲੇ; ਜਿਵੇਂ :—

'ਜਿਮੀ ਵਸੰਦੀ ਪਾਣੀਐ, ਈਧਨ ਰਖੈ ਭਾਹਿ ।'

ਪਰ ਕੀ ਇਹ ਨਿਰਾਕਾਰ ਰੱਬ ਨੇ ਆਪਣਾ ਹੀ ਸਾਕਾਰ ਰੂਪ ਤਾਂ ਕਿਤੇ ਵਿਸਥਾਰ ਵਿਚ ਨਹੀਂ ਲੈ ਆਂਦਾ ?

'ਜਿਨਿ ਆਕਾਸ ਕੁਲਹ ਸਿਰਿ ਕੀਨੀ,
ਕਉਸੈ ਸਪਤ ਪਯਾਲਾ ।'

ਹਾਂ, ਆਕਾਸ਼ ਉਸ ਦੀ ਟੋਪੀ ਹੈ ਤੇ ਸੱਤ ਪਤਾਲ ਉਸ ਦੀਆਂ ਖੜਾਵਾਂ । ਇਹੀ ਹਰੀ ਦਾ ਵੈਰਾਟ ਰੂਪ ਹੈ । ਪਰ ਨਹੀਂ, ਆਕਾਸ਼ ਪਤਾਲ ਦੀ ਗਿਣਤੀ ਤਾਂ ਕੋਈ ਨਹੀਂ—'ਪਾਤਾਲਾਂ ਪਾਤਾਲ, ਲਖ ਆਗਾਸਾ ਆਗਾਸ' ਹਨ । ਚੰਦ-ਸੂਰਜ ਵੀ ਇਕ ਇਕ ਨਹੀਂ—'ਕੇਤੇ ਇੰਦ, ਚੰਦ, ਸੂਰ, ਕੇਤੇ ਕੇਤੇ ਮੰਡਲ ਦੇਸ' ਹਨ । ਕਿਨ੍ਹੰ ਕਿਨ੍ਹੰ ਗਿਣੀਏ ? ਉਂਜ ਤਾਂ ਆਕਾਸ਼, ਪਤਾਲ, ਚਹੁ ਦਿਸ਼ਾ, ਸਭ ਸਾਡੇ ਆਪਣੇ ਗਗਨ-ਮੰਡਲ (ਦਸਮ-ਦੁਆਰ) ਵਿਚ ਵੀ ਕੈਦ ਹਨ :—

'ਆਕਾਸਿ ਗਗਨ, ਪਾਤਾਲਿ ਗਗਨ ਹੈ,
ਚਹੁ ਦਿਸਿ ਗਗਨ ਰਹਾਇਲੇ ।'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਸੁਆਸ਼ਾਂ ਦੀ ਪਵਨ ਵੀ ਜਦ ਮਨ ਵਿਚ ਟਿਕ ਜਾਂਦੀ ਹੈ ਤਾਂ ਸਾਰੇ ਵਿਸ਼ਵ ਦਾ ਨਾਦ-ਬਿਨੋਦ ਸਾਡੇ ਅੰਦਰ ਹੀ ਹੋਣ ਲਗ ਪੈਂਦਾ ਹੈ :—

'ਮਨੁ ਪਵਣ ਦੁਇ ਤੂੰਬਾ ਕਰੀਹੈ, ਜੁਗ ਜੁਗ ਸਾਰਦ ਸਾਜੀ ।
ਥਿਰ ਭਈ ਤੰਤੀ ਤੂਟਸ ਨਾਹੀ, ਅਨਹਦ ਕਿੰਗਰੀ ਬਾਜੀ ।'

ਤੇ ਸਾਡਾ ਸ੍ਰੀਰ ਵੀ ਉਨ੍ਹਾਂ ਹੀ ਤੱਤਾਂ ਦਾ ਬਣਿਆ ਹੋਇਆ ਹੈ, ਜਿਨ੍ਹਾਂ ਨੂੰ ਅਸੀਂ ਆਪਣੇ ਤੋਂ ਬਾਹਰ ਵੇਖ ਬਿਸਮਦੇ ਹਾਂ :—

'ਜਲ ਕੀ ਭੀਤਿ, ਪਵਨ ਕਾ ਥੰਭਾ, ਰਕਤ ਬੂੰਦ ਕਾ ਗਾਰਾ ।
ਹਾਡ-ਮਾਸ ਨਾੜੀ ਕੋ ਪਿੰਜਰ, ਪੰਖੀ ਬਸੈ ਬਿਚਾਰਾ ।'

ਸ੍ਰੀਰ ਸਾਡਾ ਪਿੰਜਰਾ ਹੈ, ਜਾਂ ਕੋਠਾ ਹੈ, ਜਿਸ ਦੀਆਂ ਕੰਧਾਂ ਪਾਣੀ ਦੀਆਂ, ਤੇ ਅਸਥਮੁਨ ਪਵਨ ਦਾ ਹੈ । ਛੱਤ ਦਾ ਢਾਂਚਾ ਹੱਡ-ਮਾਸ ਦਾ ਹੈ । ਤੇ ਹੱਡ-ਮਾਸ ਕਿਥੋਂ ਉਪੰਨੇ ? ਪਾਣੀ ਵਿਚੋਂ । 'ਪਹਿਲਾਂ ਪਾਣੀ ਜੀਉ ਹੈ, ਜਿਤ ਹਰਿਆ ਸਭ ਕੋਇ ।'

ਬਾਕੀ ਕੁਝ ਰੱਤੇ ਸਹਿਜ-ਤੁਰਦੇ ਲਹੂ ਵਿਚ ਅੱਗ ਬਲ ਰਹੀ ਹੈ, ਜਿਵੇਂ ਬਨਸਪਤੀ ਸਾਰੀ ਵਿਚ । ਮਾਨੋਂ ਸਾਰਾ ਅੰਦਰ ਦਾ ਪਸਾਰਾ ਬਾਹਿਰ ਪਸਰਿਆ ਹੈ ਤੇ ਬਾਹਰ ਦਾ ਅੰਦਰ । ਜਾਣੀ, 'ਘਰ ਮਹਿ ਧਰਤੀ, ਧਉਲ, ਪਾਤਾਲ' ਸਭ ਕੁਝ ਹੈ । ਜਾਂ ਇਹ ਅਖਾੜਾ ਹੈ ਪਾਪ ਨਾਲ ਘੋਲ ਕਰਨ ਦਾ, ਜੀਵ-ਆਤਮਾ ਲਈ, ਤਾਂ ਜੁ ਇਹ ਜਿਹੜਾ 'ਹਰਿਮੰਦਰ ਹਰਿ ਜੀਉ ਸਾਜਿਆ' ਹੈ, ਤੇ ਜਿਸ ਵਿਚ ਉਹ ਆਪ 'ਰਹਿਆ ਸਮਾਇ ਰਾਮ' ਹੈ, ਉਹ ਮਨੁਖਾਂ ਦੇ ਰਹਿਣ ਲਈ ਸੁਹਾਵਣੀ ਥਾਂ ਬਣ ਜਾਏ :—

'ਆਪੇ ਛਿੰਝ ਪਵਾਇ, ਮਲਾਖੜਾ ਰਚਿਆ ।
ਲੱਥੇ ਭੜਥੂ ਪਾਇ, ਗੁਰਮੁਖ ਮੱਚਿਆ ।
ਮਨਮੁਖ ਮਾਰੇ ਪਛਾੜਿ, ਮੂਰਖ ਕੱਚਿਆ ।
ਆਪ ਭਿੜੇ ਮਾਰੈ ਆਪਿ ਆਪਿ ਕਾਰਜ ਰਚਿਆ ।'

ਜਾਂ ਇਹ ਤਮਾਸ਼ਾ-ਘਰ ਹੈ, ਪਾਪ ਦਾ ਰੰਗ-ਤਮਾਸ਼ੇ ਚਾਉ ਦਾ, ਰਲੀਆਂ ਮਾਨਣ ਦਾ :—

'ਤਾਲ ਮਦੀਰੇ ਘਟ ਕੇ ਘਾਟ ।
ਦੋਲਕ ਦੁਨੀਆਂ ਵਾਜਹਿ ਵਾਜ ।
ਨਾਰਦ ਨਾਚੈ ਕਲਿ ਕਾ ਭਾਉ ।
ਜਤੀ ਸਤੀ ਕਹਿ ਰਾਖਹਿ ਪਾਉ ?'

ਜਾਂ ਇਹ ਵਿਸ਼ਵ-ਨਾਚ ਹੋ ਰਿਹਾ ਹੈ, 'ਗੁਰ ਕੈ ਆਗੈ', ਉਸ ਨੂੰ ਰੀਝਾਉਣ ਲਈ, ਉਸਦੀ ਮਿਹਰ-ਮੁਸਕੜੀ ਵੇਖਣ, ਮਾਣਨ ਲਈ; ਜਾਂ ਇਹ ਰਾਸ ਪੈ ਰਹੀ ਹੈ, ਕਾਨ੍ਹ-ਗੋਪੀਆਂ ਦੀਆਂ ਘੜੀਆਂ ਪਹਿਰਾਂ ਦੀ; ਤੇ ਪਉਣ ਪਾਣੀ ਬੈਸੰਤਰ ਦੇ ਗਹਿਣੇ, ਚੰਦ ਸੂਰਜ ਅਵਤਾਰਾਂ ਨਾਲ ਰਲ ਕੇ ਨਚ ਰਹੇ ਹਨ :—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਖੰਡ ਬ੍ਰਹਮੰਡ, ਤ੍ਰੈ ਗੁਣ ਨਾਚੇ,
ਜਿਨਿ ਲਾਗੀ ਹਰਿ ਲਿਵ ਤੁਮਾਰੀ ।
ਜੀਅ ਜੰਤ ਸਭੇ ਹੀ ਨਾਚੇ,
ਨਾਚਹਿ ਖਾਣੀ ਚਾਰੀ ।'

ਜਾਂ ਇਉਂ ਕਹੋ, ਕਿ ਰੱਬ-ਦਰਿਆਉ ਹੈ, ਅਸੀਂ ਜੀਵ ਮਛਲੀਆਂ ਹਾਂ, ਦਰਿਆਉ ਦਾ ਅੰਤ ਮਛਲੀ ਕਿਵੇਂ ਜਾਣੇ ? ਜਾਂ ਇਹ ਚੌਪੜ ਖੇਡੀ ਜਾ ਰਹੀ ਹੈ :—

'ਬਬੈ ਬਾਜੀ ਖੇਡਣ ਲਾਗਾ, ਚਉਪੜਿ ਕੀਤੇ ਚਾਰ ਜੁਗਾ ।
ਜੀਆ ਜੰਤ ਸਭ ਸਾਰੀ ਕੀਤੇ, ਪਾਸਾ ਢਾਲਣ ਆਪ ਲਗਾ ।'

ਜਾਂ ਇਹ ਕਰਗਹ (ਖੱਡੀ) ਹੈ, ਜੀਵਾਂ ਨੂੰ ਬੁਣਨ ਘੜਨ ਦੀ :—

'ਧਰਨ ਅਕਾਸ ਕੀ ਕਰਗਹ ਬਣਾਈ ।
ਚੰਦੁ ਸੂਰਜ ਦੁਇ ਸਾਥ ਚਲਾਈ ।'

ਨਹੀਂ, ਨਹੀਂ, ਇਹ ਤਾਂ 'ਡੋਲ ਬਧਾ ਕਸਿ ਜੇਵਰੀ, ਆਕਾਸਿ ਪਤਾਲਾ' ਹੈ । ਅਕਾਸ਼ ਉਪਰ ਨੂੰ ਖਿੱਚਦਾ ਹੈ, ਧਰਤੀ ਦੇ ਡੋਲ ਨੂੰ, ਚਾਨਣੇ ਦੀਆਂ ਤੰਦਾਂ ਨਾਲ, ਪਰ ਧਰਤੀ ਪਤਾਲ ਦੇ ਖੂਹ ਵਿਚ ਹੇਠਾਂ ਲਹਿੰਦੀ ਜਾ ਰਹੀ ਹੈ ।

ਇਹ ਸਾਰਾ ਕੁਝ ਕੀ ਹੋ ਰਿਹਾ ਹੈ ? ਇਹ ਕੁਝ ਹੈ, ਕਿ ਨਹੀਂ ਹੈ ? ਹੈ ਤਾਂ ਕਿਵੇਂ ਹੈ, ਕਿਹੋ ਜਿਹਾ ਹੈ, ਕਿਥੋਂ ਤੇ ਕਦੋਂ ਤੋਂ ਹੈ ? ਕਦੋਂ ਤੇ ਕਿਥੋਂ ਤਕ ਰਹੇਗਾ ? ਇਸ ਸਾਰੇ ਦਾ ਉਤਰ ਹੈ—ਵਿਸਮਾਦ ।

ਇਕ ਗਲ ਜੋ ਦਿਸਦੀ ਹੈ ਤੇ ਸਹੀ ਹੈ ਪਰ ਜਿਸ ਨੂੰ ਹਿੰਦੀ ਧਰਮਾਂ ਦੇ ਅਨੁਆਈ ਆਮ ਕਰ ਕੇ—ਸਿਖ ਮਤ ਦੇ ਵਿਕਾਸ ਤੋਂ ਪਹਿਲਾਂ—ਨਹੀਂ ਸੀ ਮੰਨਦੇ, ਗੁਰੂ ਗ੍ਰੰਥ ਵਿਚ ਦਸੀ ਗਈ ਹੈ ਜੁ ਸ੍ਰਿਸ਼ਟੀ ਰਚਨਾਂ 'ਸੱਤ' ਹੈ, ਕਿਉਂਕਿ ਇਹ ਹੋਂਦ ਵਿਚ ਉਸ ਨੇ ਲਿਆਂਦੀ ਹੈ, ਜੋ ਆਪ ਵੀ ਆਦਿ ਜੁਗਾਦਿ ਤੋਂ ਸੱਤ ਹੈ ਤੇ ਸੱਤ ਅਗੋਂ ਤੋਂ ਹੋਸੀ ਭੀ । ਉਸਦੀ ਬਣਾਈ ਖੇਡ ਮਿਥਿਆ ਨਹੀਂ :—

'ਨਾਨਕ ਫੁਲਾਂ ਸੰਦੀ ਵਾੜਿ, ਖਿੜਿਆ ਹਭੁ ਸੰਸਾਰੁ ਜਿਉ ।'

ਇਹ 'ਭੂਮਿ ਰੰਗਾਵਲੀ' ਹੈ, ਇਹ 'ਧਰਣਿ ਸੁਵੰਨੀ, ਖੜ ਰਤਨ ਜੜਾਵੀ' ਹੈ, ਇਹ 'ਬਨ ਹਰਿਆਵਲਾ' ਹੈ, ਕਿਉਂ ਜੁ ਇਸਦਾ 'ਸਾਹਿਬ ਸਫਲਿਉ ਰੁਖੜਾ' ਹੈ—ਘਣਿ-ਛਾਵਾਂ, ਹਰ ਵੇਲੇ ਸਜਰਾ ਫੁਟਿਆ, 'ਅੰਮ੍ਰਿਤ ਜਾ ਕਾ ਨਾਉ' ਹੈ, ਇਹ 'ਸਚੇ ਕੀ ਕੋਠੜੀ' ਹੈ, ਇਹ 'ਚੰਦਨ ਵਾਸਾ' ਹੈ, ਇਹ 'ਏਕੁ ਬਗੀਚਾ' ਹੈ, ਜਿਸਦਾ 'ਪੇਡ ਘਨ ਕਰਿਆ' ਹੋਵੇ, ਇਹ 'ਹਰਿ ਮੰਦਰੁ ਹਰਿ ਜੀਉ ਸਾਜਿਆ ਹੈ' ਜਿਨ ਵਿਚ ਹਰੀ ਆਪੇ 'ਰਹਿਆ ਸਮਾਏ ਰਾਮ' ਹੈ । ਅਜੇਹੀ ਪਵਿਤ੍ਰ, ਖਿੜੀ ਟਹਿਕੀ, ਹਰੀ ਭਰੀ, ਥਾਉਂ ਵਿਚ ਮਨੁਖ ਨੂੰ ਜਨਮ ਮਿਲਦਾ ਹੈ । ਕਿਹੜੇ ਮਨੁਖ ਨੂੰ, ਉਹ ਜਿਸ ਦੀ 'ਦੇਹ ਸੁ ਕੰਚਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੰਗੜੀਆ' ਹੈ, ਜਿਸ ਦੀ 'ਦੇਹ ਸੁ ਬਾਂਕੀ' ਹੈ, ਕਿਸੇ ਜਵਾਨ, ਗੁਦਗੁਦੀ, ਤੇਜਣ (ਘੋੜੀ) ਵਾਂਗ ਜਿਸ ਦੀ ਜੀਨੁ ਸੁਵੰਨੀ ਹੈ, ਜਿਸ ਦੀ 'ਉਮਰ ਸੁਹਾਵੜੀ' ਹੈ, ਜਿਸਦੀ 'ਭਿੰਨੜੀ ਰੈਣਿ ਭਲੀ ਦਿਨਸ ਸੁਭਾਏ ਰਾਮ' ਹਨ, ਜਿਸਦੇ 'ਬੰਕ ਦੁਆਰ' 'ਸੋਹਿਅੜੇ ਸੋਹਿਅੜੇ' ਹਨ, ਜਿਸਦੀ ਚੋਲੀ-ਦੇਹ ਨਵੀਂ ਨਕੋਰ, ਸਵਾਰੀ ਹੋਈ, ਲੁਸਲੁਸਦੀ ਹੈ, ਮਾਨੋਂ ਇਹ 'ਸੋਇਨੇ ਕਾ ਬ੍ਰਿਖ, ਪਤ ਪਰਵਾਲਾ' ਵਾਲਾ ਹੈ, ਜਿਸ ਨੂੰ 'ਫੁਲ ਜਵੇਹਰ ਲਾਲ' ਲਗੇ ਹਨ, ਨਹੀਂ, ਨਹੀਂ, ਮਨੁਖੀ ਕਾਇਆਂ ਤਾਂ 'ਕੋਟ ਅਪਾਰ' ਹੈ, ਜਿਸਦੇ 'ਅੰਦਰ ਹਟਨਾਲੇ' ਹਨ।

ਪਰ ਇਹ ਸਾਰੀ ਖੇਡ, ਇਕ ਵਿਅਕਤੀ ਲਈ ਸਾਫ਼ ਦਿਸਦਾ ਹੈ, ਜੁ ਥੋੜ-ਚਿਰੀ ਹੈ, ਬ੍ਰਿਖ ਦੀ ਛਾਉਂ ਵਾਂਗ, ਪਾਣੀ ਦੀ ਲੀਕ ਵਾਂਗ, ਕੁਮ੍ਹਿਆਰ ਦੇ ਚੱਕ ਵਾਂਗ ਖਿਨ ਪੂਰਬ, ਖਿਨ ਪੱਛਮ ਘੁੰਮਦੀ, ਕੋਠੇ ਜਾਂ ਕੰਧ ਉਤੇ ਦੀ ਦੌੜ ਵਾਂਗ, ਜਵਾਨ ਹੁੰਦੀ ਕੁੜੀ ਵਾਂਗ, ਜਿਸਨੂੰ ਰੂਪ ਚੜ੍ਹਦਿਆਂ ਹੀ ਡੋਲੀ ਪੈ ਕੇ ਸਾਹੁਰੇ ਵੰਞਣਾ ਪੈਣਾ ਹੈ, ਪੁਰਾਣੇ ਚੋਲੇ ਵਾਂਗ, ਜਿਸ ਨੂੰ ਲਾਹ ਕੇ ਨਵਾਂ ਪਹਿਨਣ ਦੀ ਖ਼ੁਸ਼ੀ ਹਰ ਕੋਈ ਲਭਦਾ ਹੈ, ਜਲ-ਤਰੰਗ ਵਾਂਗ, ਧੂੰਏਂ ਦੇ ਧਵਲਹਰ ਵਾਂਗ, ਰੈਣ-ਪ੍ਰਾਹੁਣੇ ਵਾਂਗ, ਜਿਸ ਨੇ ਪ੍ਰਭਾਤ ਦੀ ਲਾਲੀ ਫੁਟਦਿਆਂ ਹੀ ਆਪਣੇ ਰਾਹੇ ਪੈ ਜਾਣਾ ਹੈ, ਫੁਲਾਂ ਦੀ ਬਰਾਤ ਵਾਂਗ, ਜਿਨ੍ਹਾਂ ਦਾ ਕੁਮਲਾਣਾ ਅਵੱਸ਼ ਹੈ; ਪਕੀ ਖੇਤੀ ਵਾਂਗ, ਜਿਸ ਨੇ ਲਾਵੀ (ਵਾਢੀ) ਕੀਤੇ ਜਾਣ ਲਈ ਹੀ ਆਪਣੇ ਸੁਨਹਿਰੀ ਸਿਟੇ ਪਕਾਏ ਹਨ; ਕਚੀ ਗਾਗਰ ਵਾਂਗ ਜਾਂ ਫੁਟੇ ਘੜੇ ਵਾਂਗ, ਬਾਲੂ (ਰੇਤ) ਦੇ ਗ੍ਰਿਹਿ ਵਾਂਗ, ਅੱਕ ਜਾਂ ਬਦਲਾਂ ਦੀ ਛਾਉਂ ਵਾਂਗ, ਹੜ੍ਹ ਦੇ ਜਲ ਵਾਂਗ ਜਾਂ ਤ੍ਰਿਣ ਦੀ ਅਗਨੀ ਵਾਂਗ, ਭਰੀ ਹੋਈ ਪਾਈ ਵਾਂਗ ਜੋ ਭਰਦਿਆਂ ਹੀ ਉਲਟ ਦਿਤੀ ਜਾਂਦੀ ਹੈ, ਸੁਪਨਾ ਰੈਨਾਈ ਵਾਂਗ, ਬਿਜਲੀ ਦੀ ਝਟਪਟੀ ਚਮਕਣੀ ਵਾਂਗ, ਖੁਲ੍ਹੀ ਗੰਢ ਵਾਂਗ, ਕਸੁੰਭੇ ਦੇ ਕਚੂਏ ਰੰਗ ਵਾਂਗ, ਚੜ੍ਹੇ ਹੋਏ ਸੂਰਜ ਵਾਂਗ, ਜਿਸ ਦਾ ਸੰਝਾਂ ਪੈਂਦਿਆਂ ਹੀ ਆਥਣਾ ਜ਼ਰੂਰੀ ਹੈ, ਫਲਦਾਰ ਬ੍ਰਿਛ ਵਾਂਗ, ਜਿਸ ਨੂੰ ਫਲ ਲਗਦਿਆਂ ਹੀ ਫੁਲ ਵਿਨਾਸ਼ ਹੋ ਗਏ, ਪਵਨ ਦੇ ਝਕੋਲੇ ਵਾਂਗ, ਜਿਹੜਾ ਖਿਨ ਆਇਆ, ਖਿਨ ਝੁਲਿਆ, ਖਿਨ ਗਿਆ।

ਪਰ ਕੀ ਇਸ ਸਾਰੀ ਸੁਹਾਵਣੀ, ਦਿਲ-ਖਿਚਵੀਂ, ਖੇਡ ਦਾ ਮਨੋਰਥ ਇਹੀ ਸੀ, ਜੁ ਇਹ ਬਣੇ ਤੇ ਮੁਕ ਜਾਵੇ ? ਨਹੀਂ। ਕਦੀ ਨਹੀਂ। ਬਿਰਖ ਦੀ ਛਾਉਂ ਸੁਕ ਮੁਕ ਜਾਂਦੀ ਹੈ, ਪਰ ਜਦ ਤਕ ਰਹਿੰਦੀ ਹੈ ਜਿਉਂਦੀ ਜਿਵਾਂਦੀ, ਠੰਢ ਪਾਉਂਦੀ ਹੈ। ਸੂਰਜ ਛਿਪਦਾ ਹੈ, ਪਰ ਕੀ ਛਿਪਣਾ ਹੀ ਇਸ ਦਾ ਵਡਾ ਗੁਣ ਹੈ, ਜਾਂ ਪਕਾਉਣਾ, ਬਿਜਲੀ-ਰੌਆਂ ਨਾਲ ਗਰਮਾਉਣਾ, ਬਿਗਸਾਉਣਾ ? ਪੱਕੀ ਖੇਤੀ ਕਟੀ ਜਾਂਦੀ ਹੈ, ਪਰ ਉਹ ਪੱਕੀ ਕਟਣ ਲਈ ਹੀ ਨਹੀਂ, ਕਿਸੇ ਦੇ ਮੂੰਹ ਪੈਣ, ਪ੍ਰਵਾਨ ਚੜ੍ਹਨ, ਪਾਲਣ, ਰਜਾਉਣ ਲਈ ਪਕੀ ਹੈ। ਸਾਹੁਰੇ ਕੁੜੀ ਗਈ, ਤਾਂ ਉਸਨੇ ਜਾਣਾ ਹੀ ਸੀ, ਪਰ ਕੀ ਉਹ ਨਾ ਜਾਂਦੀ, ਤਾਂ ਵਧੀਕ ਦੁਖੀ ਨਾ ਹੁੰਦੀ ? ਉਸ ਨੂੰ ਰੂਪ ਤਾਂ ਚੜ੍ਹਿਆ ਹੀ ਇਸੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਈ ਹੈ, ਕਿ ਉਹ ਨਵ ਰੰਗ ਲਾਲ ਦੀ ਸੇਜਾ ਨੂੰ ਮਾਣੇ। ਫੁੱਲ ਹਸੇ, ਖ਼ੁਸ਼ਬੋ ਵੰਡੀ ਤੇ ਝੜ ਗਏ, ਪਰ ਹਾਏ, ਉਸ ਬਹਾਰ ਦੇ, ਜਦ ਉਹ ਹਸੇ, ਮੁਸ਼ਕੇ, ਟਹਿਕੇ। ਝੜ ਕੇ ਵ਼ੀ ਮੁੱਕੇ ਨਹੀਂ 'ਫਲ ਲਗੇ ਤਉ ਫੂਲ ਬਿਲਾਏ।' ਜਲ ਵਿਚ ਤਰੰਗ ਉਠੇ ਤੇ ਝਟ ਘੜੀ ਨੂੰ ਬੈਠ ਗਏ, ਪਰ ਕੀ ਕੁਝ ਮੈਲ ਉਨ੍ਹਾਂ ਰੋੜ੍ਹੀ ? ਧੂੰਏਂ ਕਾ ਧਵਲਹਰ ਬਲਦੀਆਂ ਲਾਟਾਂ ਵਿਚੋਂ ਹੀ ਉਠਿਆ ਹੈ, ਮੋਈਆਂ, ਨਿਰਜਿੰਦ ਸੁੱਤੀਆਂ ਲਕੜਾਂ ਵਿਚੋਂ ਨਹੀਂ। ਇਸ ਲਈ ਜੀਵਨ ਦਾ ਮਨੋਰਥ ਖ਼ੁਸ਼ਬੋ ਦੇਣਾ, ਘਣ-ਛਾਵਾਂ ਹੋਣਾ, ਰੂਪ ਦੀ ਆਭਾ ਵਿਚ ਜਾਗਣਾ, ਪਕਣਾ, ਵਗਣਾ ਹੈ।

ਪਰ ਕੀ ਜੀਵਨ ਸਾਰਾ ਇਵੇਂ ਹੀ ਖਿੜਿਆ, ਟਹਿਕਿਆ, ਝਿਲਮਿਲਾਂਦਾ, ਮੈਲ ਧੋਂਦਾ, ਠੰਢ ਤੇ ਸੁਗੰਧੀ ਵੰਡਦਾ, ਦਿਸਦਾ ਹੈ ? ਨਹੀਂ। ਕਿਉਂ ? ਕਿਉਂ ਜੁ ਮਨੁੱਖ ਨੇ ਆਪਣੇ ਜੋਤਿ ਸਰੂਪ ਹੋਣ ਦੇ ਮੂਲ ਨੂੰ ਪਛਾਣਿਆ ਨਹੀਂ। ਬੁਲਬੁਲਾ ਸਾਗਰ ਨਾਲੋਂ ਆਪਣੀ ਹਉਮੈ-ਹਸਤੀ ਅੱਡ ਕਰੀ ਬੈਠਾ ਹੈ, ਉਹ ਦੇਣ, ਵੰਡਣ, ਦੀ ਥਾਂ ਕਬਜ਼ੇ ਤੇ ਤ੍ਰਿਸ਼ਨਾ ਦੇ ਜਾਲ ਵਿਚ ਫਾਥਾ ਪਿਆ ਹੈ, ਤੇ ਜਿਉਂ ਜਿਉਂ ਹਉਮੈ ਤੇ ਤ੍ਰਿਸ਼ਨਾ ਦੀ ਅੱਗ ਹੋਰ ਹੋਰ ਬਲਦੀ ਹੈ, ਉਸ ਨੂੰ ਠੰਢ ਪਾਉਣ ਲਈ ਇਕ ਅਣਸਮਝੀ ਜਿਹੀ ਵਿਚ ਕਰਮ-ਕਾਂਡ ਵਿਚ ਜਾ ਫਸਦਾ ਹੈ, ਤੇ ਜਦ ਕੁਝ ਨਾ ਸੁਝੇ ਬੁਝੇ, ਸ਼ਾਂਤੀ, ਤੇ ਸਹਿਜ-ਸੁਖ ਨਾ ਮਿਲੇ, ਤਾਂ ਹੱਠ ਨਾਲ ਆਪਣਾ ਆਤਮ-ਘਾਤ ਕਰ ਲੈਂਦਾ ਹੈ। ਇਸ ਨੂੰ ਆਦਿ-ਗ੍ਰੰਥ ਵਿਚ 'ਵਿਜੋਗ' ਦੀ ਅਵਿਸਥਾ ਆਖਿਆ ਗਿਆ ਹੈ :—

'ਨਾਨਕ ਇਹ ਜੀਉ ਮਛੁਲੀ, ਝੀਵਰ ਤ੍ਰਿਸ਼ਨਾ ਕਾਲੁ।
ਮਨੂਆ ਅੰਧੁ ਨ ਚੇਤਈ, ਪੜੈ ਅਚਿੰਤਾ ਜਾਲੁ।'

ਹਾਂ, 'ਕਾਇਆ ਆਰਣੁ, ਮਨੁ ਵਿਚ ਲੋਹਾ।
ਪੰਚ ਅਗਨਿ ਤਿਤੁ ਲਾਗਿ ਰਹੀ।
ਕੋਇਲੇ ਪਾਪ ਪੜੇ ਤਿਸੁ ਊਪਰਿ।
ਮਨੁ ਜਲਿਆ, ਸੰਨ੍ਹੀ ਚਿੰਤ ਭਈ।'

ਮਨੁੱਖ 'ਬਿਸਾਰਿ ਹਰ ਜੀਊ, ਬਿਖੈ ਭੋਗਹਿ', ਮਾਨੋਂ 'ਤਪਤ ਥੰਮ ਗਲਿ ਲਾਇ' ਬੈਠਾ ਹੈ, ਮਨੁੱਖ ਉਜਾੜੀ ਵਿਚ ਫਸਿਆ ਹੈ, 'ਫਾਥਾ ਚੁਗੈ ਨਿਤ ਚੋਗੜੀ'। ਜਾਂ ਇਹ ਬਿਖ ਬੋਹਿਥਾ ਲੱਦ ਕੇ ਸਮੁੰਦਰ ਵਿਚ ਬਿਨ ਵੰਝੀ, ਬਿਨ ਖੇਵਟ ਠਿਲ੍ਹ ਪਿਆ ਹੈ, ਜਿਸ ਦੀ ਕੰਧੀ ਉਸ ਨੂੰ ਦਿਸਦੀ ਨਹੀਂ, ਜਾਂ ਇਹ ਨਿਰਮਲ ਜਲ ਦੀ ਕਿਸੇ ਨੁਕਰ ਵਿਚ ਲੁਕਿਆ ਡੱਡੂ ਹੈ, ਜੋ ਕੰਵਲ ਫੁਲ ਨੂੰ ਟਹਿਕਦਾ ਨਹੀਂ ਵੇਖਦਾ, ਨਾ ਭੌਰੇ ਵਾਂਗ ਉਸ ਦਾ ਰਸ ਪੀਂਦਾ ਹੈ, ਸਗੋਂ ਜੋਕਾਂ ਵਾਂਗ ਚਿਕੜ ਖਾ ਖਾ ਕੇ ਪੇਟ ਪਾਲਦਾ ਹੈ। ਨਹੀਂ ਨਹੀਂ, ਇਹ ਤਾਂ ਕੋਈ ਪਿਸੂ ਹੈ, ਜੋ ਦੁੱਧ ਦੀ ਥਾਂ ਰੱਤ ਪੀਂਦਾ ਹੈ, ਇਕ ਪਾਸੇ ਤ੍ਰਿਣ ਦੀ ਛਪਰੀ ਛਣਦਾ ਹੈ, ਦੂਜੇ ਪਾਸੇ ਉਸ ਵਿਚ ਅੱਗ ਬਾਲਦਾ ਹੈ, ਕਲਰ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਿੰਜਦਾ ਹੈ, ਢਹਿੰਦੀ ਦੀਵਾਰ ਨੂੰ ਗਾਰੇ ਨਾਲ ਪੋਚਦਾ ਹੈ, ਮਿੱਟੀ ਨੂੰ ਧੋਂਦਾ ਹੈ, ਹਲਕੇ ਹੋਏ ਸੁਆਨ ਵਾਂਗ ਇਹ ਲੋਭ-ਲਹਿਰ ਨਾਲ ਝੱਲਾ ਹੋਇਆ ਹਰ ਕਿਸੇ ਨੂੰ ਵਢੂੰ-ਟੁਕੂੰ ਕਰਦਾ ਫਿਰਦਾ ਹੈ, ਅੰਦਰਲੀ ਮੁਸ਼ਕ ਦੀ ਵਾਸ਼ਨਾ ਨਹੀਂ ਲੈਂਦਾ, ਮਿਰਗ ਵਾਂਗ ਬਾਹਰ ਦੌੜਦਾ, ਸਿੰਗ ਮਾਰਦਾ ਫਿਰਦਾ ਹੈ। ਚੂਹਾ ਆਪ ਤਾਂ ਖੁੱਡ ਵਿਚ ਮਾਂਵਦਾ ਨਹੀਂ, ਨਾਲ ਲਕ ਦੇ ਛਜ ਬੰਨ੍ਹ ਰਖਿਆ ਹੈ। ਇਹ ਉਤੰਗੀ, ਪੈਓਹਰੀ, ਹੰਕਾਰੀ ਨਵ-ਯੋਬਨਾਂ ਵਾਂਗ ਹੈ, ਜੋ ਆਪਣੇ ਭਰੇ ਹੋਏ ਥਣਾਂ ਕਰ ਕੇ ਸੱਸ ਦੀ ਸੂਹੀ ਨਹੀਂ ਕਰ ਸਕਦੀ। ਕਊਏ ਵਾਂਗ ਚੁੰਚ-ਗਿਆਨ ਦਾ ਧਾਰਨੀ ਹੈ, ਚਿਤ-ਚੰਚਲ ਕਿਤੇ ਠਹਿਰਦਾ ਨਹੀਂ, 'ਚੋਰੀ ਮਿਰਗੁ ਅੰਗੂਰੀ' ਖਾਉਂਦਾ ਹੈ।

'ਹਰੀ ਅੰਗੂਰੀ ਗਦਹਾ ਚਰੈ।
ਨਿਤ ਉਠ ਹਾਸੇ, ਹੀਗੈ, ਮਰੈ।'

ਉਦਿਆਨ ਵਿਚ ਮਾਨੋਂ ਫੂਲ ਖਿੜਿਆ ਹੈ, ਜਿਸ ਦੀ ਖ਼ੁਸ਼ਬੋ (ਘ੍ਰਾਉ) ਕੋਈ ਨਹੀਂ ਲੈਂਦਾ। ਇਹ ਉਸ ਇੱਲ ਵਾਂਗ ਹੈ, ਜਿਹੜੀ ਦਹਦਿਸਾ ਫਿਰਦੀ ਫਿਰਦੀ, ਜਲ, ਪਰਬਤ, ਬਨਰਾਇ ਨੂੰ ਛੱਡ, ਮਿਰਤਕ ਉਤੇ ਹੀ ਆ ਕੇ ਆਪਣੀ ਭੁਖ ਪੂਰਦੀ ਹੈ, ਇਹ ਹਵਾ ਦੇ ਕਪੜੇ ਪਾ ਕੇ ਬੈਠਾ ਹੈ—ਆਪੇ ਵਿਚ ਫੁੰਡਿਆ, ਐਂਠਿਆ। ਬਗਲੇ ਵਾਂਗ ਚਿੱਟਾ ਉਜਲਾ ਲਗਦਾ ਹੈ ਪਰ ਵਿਚੋਂ 'ਘੁਟ ਘੁਟ ਜੀਆਂ' ਨੂੰ ਖਾਉਂਦਾ ਹੈ। ਭ੍ਰਿੰਗ, ਪਤੰਗ, ਕੁੰਚਰ, ਮੀਨ, ਮਿਰਗ ਵਾਂਗ ਤ੍ਰਿਸ਼ਨਾ ਦਾ ਬੱਧਾ ਆਪਣਾ ਵਿਨਾਸ਼ ਕਰ ਲੈਂਦਾ ਹੈ :—

'ਕਾਲਬੂਤ ਕੀ ਹਸਤਨੀ, ਮਨ ਬਉਰਾ ਰੇ,
ਚਲਤੁ ਭਇਓ ਜਗਦੀਸ।
ਕਾਮ ਸੁਆਇ ਗਜ ਬਸਿ ਪਰੇ, ਮਨ ਬਉਰਾ ਰੇ,
ਅੰਕਸ ਸਹਿਓ ਸੀਸਿ।੧।
ਮਿਰਕਟ ਮੁਸਟੀ ਅਨਾਜ ਕੀ, ਮਨ ਬਉਰਾ ਰੇ,
ਲੀਨੀ ਹਾਥੁ ਪਸਾਰਿ॥
ਛੂਟਨ ਕੋ ਸਹਸਾ ਪਰਿਆ, ਮਨ ਬਉਰਾ ਰੇ,
ਨਾਚਿਓ ਘਰ ਘਰ ਬਾਰਿ।
ਜਿਉ ਨਲਨੀ ਸੂਅਟਾ ਗਹਿਓ, ਮਨ ਬਉਰਾ ਰੇ,
ਮਾਯਾ ਇਹੁ ਬਿਉਹਾਰੁ।
ਜੈਸਾ ਰੰਗ ਕੁਸੰਭ ਕਾ, ਮਨ ਬਉਰਾ ਰੇ,
ਤਿਉ ਪਸਰਿਓ ਪਾਸਾਰੁ।'

[ਗਉੜੀ ਕਬੀਰ]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੂੰਮੇ ਦਾ ਰੰਗ ਬਾਹਰੋਂ ਸੁਹਣਾ ਦੇਖ ਉਸ ਤੇ ਰੀਝ ਰੀਝ ਮਰਦਾ ਹੈ, ਇਹ ਤੋਹ ਕੁਟਦਾ ਹੈ, ਇਸ ਲਈ ਇਸ ਦੇ ਹੱਥ ਪਲੇ ਕੁਝ ਨਹੀਂ ਪੈਂਦਾ, ਖੰਨਲੀ ਨੂੰ ਧੋਂਦਾ ਹੈ, ਪਰ ਖੰਨਲੀ ਵੀ ਕਦੀ ਧੁਪੀ ਹੈ ? ਹਾਥੀ ਵਾਂਗ ਇਸ ਨੂੰ ਨੁਹਾ ਵੀ ਦਿਓ, ਫਿਰ ਪਿੰਡੇ ਤੇ ਸੁਆਹ ਮਲ ਲੈਂਦਾ ਹੈ। ਕਲ ਕਲਵਾਲੀ ਤੋਂ ਮਾਇਆ ਮਦ ਮੀਠਾ ਮੰਗ ਮੰਗ ਪੀਂਦਾ ਹੈ। ਇਸ ਦਾ ਕਉਲ ਊਧਾ ਹੋਇਆ ਪਿਆ ਹੈ, ਇਸੇ ਲਈ ਇਹ ਇਉਂ ਬਿਲਪਦਾ ਹੈ, ਜਿਵੇਂ 'ਸੁੰਞੇ ਘਰਿ ਕਾਉਂ।' ਮਾਇਆ ਨਾਗਨੀ ਨਾਲ ਸੁਰਤ ਨੂੰ ਲਿਪਟਾ ਰਿਹਾ ਹੈ। ਇਸ ਸਾਕਤ ਦੇ 'ਅੰਤਰ' ਹਉਮੈ ਦਾ ਕੰਡਾ ਹੈ, ਜਿਹੜਾ ਜਿਉਂ ਜਿਉਂ ਇਹ ਚਲਦਾ ਹੈ, ਇਸ ਨੂੰ ਤਿਖਾ ਤਿਖਾ ਚੁਭਦਾ, ਦੁਖ ਦੇਂਦਾ ਹੈ। ਇਹ ਕੋਈ ਸੁੱਕਾ ਹੋਇਆ ਬਿਰਖ ਹੈ ਜਿਸ ਦੀ ਨਾ ਛਾਂਉਂ ਹੈ, ਨਾ ਇਸ ਨਾਲ ਕਦੀ ਫਲ ਲਗਦੇ ਹਨ, ਇਸ ਦੀ ਖੇਤੀ ਨੂੰ ਕੂੰਜ ਪੈ ਰਹੀ ਹੈ, ਪਰ ਇਸ ਨੂੰ ਕੋਈ ਖ਼ਬਰ ਨਹੀਂ। ਇਸ ਨੂੰ ਮਨ ਦੀ ਆਰਸੀ ਵਿਚੋਂ ਆਪਣਾ ਮੂੰਹ ਨਹੀਂ ਦਿਸਦਾ। ਇਹ ਮੋਹ ਦੇ ਚਿਕੜ ਵਿਚ ਫਾਥਾ ਹੈ, ਪੈਰ ਬਾਹਰ ਕਢ ਨਹੀਂ ਸਕਦਾ, ਕੁਤੇ ਦੀ ਪੂਛ ਵਾਂਗ ਸਿੱਧਾ ਕਦੀ ਨਹੀਂ ਹੁੰਦਾ, ਨਾ ਕਿਸੇ ਦੀ ਸੁਣਦਾ ਮੰਨਦਾ ਹੈ। ਰੈਣ ਚੰਦ੍ਰਾਇਣ ਨੂੰ ਪੇਖ ਮਿਰਗ ਵਾਂਗ ਫਾਹੀ ਜਾ ਫਾਥਾ ਹੈ, ਇਸ ਦਾ ਬੀਜ ਸਾਬਤ ਨਹੀਂ ਰਿਹਾ, ਟੂਕ ਕੇ ਦਾਲ ਬਣ ਗਿਆ ਹੈ, ਹੁਣ ਇਹ ਉੱਗੇ ਤਾਂ ਕਿਵੇਂ ਉੱਗੇ ? ਇਸ ਦੇ ਪੇਟ ਵਿਚ ਉਮਰਥਲ ਹੈ, ਸੂਲ ਸੂਲ ਕਰ ਮਰ ਰਿਹਾ ਹੈ। ਇਸ ਨੇ ਤੱਤ ਨਹੀਂ ਚੀਨਿਆ, ਪਰਾਲੀ ਦੀ ਪੰਡ ਹੀ ਬਧੀ ਹੈ। ਨਟ ਵਾਂਗ ਮਾਇਆ-ਮੋਹ ਦੀ ਬਾਜੀ ਪਾ ਰਿਹਾ ਹੈ, ਇਕ ਸੂਏ (ਤੋਤੇ) ਵਾਂਗ ਨਲਨੀ ਵਿਚ ਬੱਧਾ ਹੈ, ਇਹ ਬਲੂਆ (ਰੇਤ) ਦੇ ਘਰ ਵਿਚ ਵਸਦਾ ਹੈ, ਚੰਦਨ-ਲੇਪ ਨੂੰ ਧੋ ਕੇ ਉਤਾਰ ਦਿੰਦਾ ਹੈ ਤੇ ਖੋਤੇ ਵਾਂਗ ਭਸਮ ਦਾ ਸ਼ੈਦਾਈ ਬਣਿਆ ਬੈਠਾ ਹੈ। ਇਹ ਬਿਰਖ ਦੀ ਛਾਂ ਮਾਣਨ ਦੀ ਥਾਂ ਉਸ ਨੂੰ ਆਪਣੀ ਬਣਾਉਣਾ ਚਾਹੁੰਦਾ ਹੈ, ਇਸੇ ਲਈ ਇਸ ਨੂੰ ਦੁਖ ਮਿਲਦਾ ਹੈ। ਇਸ ਦੁਖ ਦੀ ਹਾਲਤ ਨੂੰ ਕਿਵੇਂ ਮੂਰਤੀਮਾਨ ਕੀਤਾ ਹੈ, ਆਦਿ-ਗ੍ਰੰਥ ਦੀ ਬਾਣੀ ਵਿਚ :—

'ਤੂ ਸੁਣਿ ਹਿਰਣਾ ਕਾਲਿਆ, ਕੀ ਵਾੜੀਐ ਰਾਤਾ ਰਾਮ।
ਸੁਖ ਫਲ ਮੀਠਾ ਚਾਰ ਦਿਨ, ਫਿਰ ਹੋਵੈ ਤਾਤਾ ਰਾਮ।
ਭਵਰਾ ਫੂਲ ਭਵੰਤਿਆ, ਦੁਖ ਅਤਿ ਭਾਰੀ ਰਾਮ।
ਮੈਂ ਗੁਰ ਪੂਛਿਆ ਆਪਣਾ, ਸਾਚਾ ਵੀਚਾਰੀ ਰਾਮ।
ਮਛਲੀ ਵਿਛੁੰਨੀ, ਨੈਣ ਰੁੰਨੀ, ਜਾਲ ਬੱਧਕ ਪਾਇਆ।
ਸੰਸਾਰ ਮਾਇਆ ਮੋਹ ਮੀਠਾ, ਜਿਨਿ ਏਤ ਭਰਮ ਭੁਲਾਇਆ।
ਨਦੀਆਂ ਵਾਹੁ ਵਿਛੁੰਨੀਆਂ, ਮੇਲਾ ਸੰਜੋਗੀ ਰਾਮ।
ਜੁਗ ਜੁਗ ਮੀਠਾ ਵਿਸ ਭਰੇ, ਕੋਈ ਜਾਣੇ ਜੋਗੀ ਰਾਮ।'

ਇਸੇ ਲਈ ਮਨੁਖ ਇਸ 'ਖਿੜਿਆ-ਹਰਿਆ ਬਾਗ' ਵਿਚ ਵੀ ਦੁਖੀ, ਪੀੜਤ, ਕਲਵਲ ਹੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਠਦਾ ਹੈ।' ਪਰ ਜਦ ਵਿਅਕਤੀ-ਗਤ ਜੀਵਨ ਤੋਂ ਮਨੁਖ ਉਪਰ ਉਠਣ ਲਈ ਆਪਣੇ ਮਨ ਦੇ ਪੂਰੇ ਤ੍ਰਾਣ ਨਾਲ ਤਾਂਘਿਆ, ਆਪਣੀ ਮਤ ਗੁਰੂ-ਸ਼ਬਦ ਵਿਚ ਬੱਧੀ ਮਤ ਉਤੋਂ ਨਿਛਾਵਰ ਕਰ ਦਿਤੀ, ਤਾਂ ਬ੍ਰਹਮੰਡ ਨਾਲ ਆਪਣੀ ਅਭੇਦਤਾ ਦਾ ਅਹਿਸਾਸ ਮਨੁਖ ਨੂੰ ਹੋਇਆ। ਮਨੁਖ ਦਾ ਆਪਣਾ ਟੱਬਰ ਵੀ ਰਹਿਆ, ਪਰ 'ਸਰਵ-ਵਿਸ਼ਵ-ਕੁਟੰਬ' ਦਾ ਇਕ ਭਾਗ ਹੋ ਕੇ; ਮਨੁਖ ਦਾ ਵਿਅਕਤੀ-ਗਤ ਜੀਵਨ ਵੀ ਰਹਿਆ, ਪਰ ਸੰਸਾਰ-ਜੀਵਨ ਦੇ ਇਕ ਕਿਣਕੇ ਵਾਂਗ, ਅੰਦਰੋਂ ਕਾਮ-ਵਾਸ਼ਨਾ ਮੁੱਕੀ, ਕਿਰਤ-ਵਾਸ਼ਨਾ ਜਾਗੀ। ਲੋਭ ਦਾ ਮੋਹ ਮੋਇਆ, ਵੰਡਣ, ਦੇਣ, ਕੰਮ ਆਉਣ ਦੀ ਲਾਲਸਾ ਪ੍ਰਚੰਡ ਹੋਈ। ਅਹੰਕਾਰ ਦਾ ਬੁਲਬੁਲਾ ਪਾਟਿਆ; ਸਰਬ-ਮਈ ਹੋਣ ਦਾ ਗਿਆਨ ਅੰਦਰ ਆ ਬਲਿਆ। ਹੁਣ ਕ੍ਰੋਧ ਕੋਈ ਕਿਸ ਤੇ ਕਰੇ ? ਸਾਰਾ ਕੁਝ ਮੇਰਾ ਹੋ ਗਿਆ, ਮੈਂ ਸਭਨਾਂ ਦਾ। ਹੁਣ ਕਾਮ-ਕ੍ਰੋਧ ਦੁਇ ਬਸੋਲੇ (ਰੰਬੇ) ਬਣ ਗਏ, ਕਾਇਆਂ ਦੀ ਧਰਤੀ ਨੂੰ ਸਾਧਣ ਲਈ। ਉਹੀ ਚੰਦਨ-ਧਰਤੀ, ਜੋ ਭੁਇੰਅੰਗਮ-ਵੇੜ੍ਹੀ ਸੀ, ਗੁਰ-ਗਿਆਨ ਦੇ ਖੜਗ ਨਾਲ ਸੱਪਾਂ-ਸਪਣੀਆਂ ਤੋਂ ਵਿਰਵੀ ਹੋ ਗਈ, ਮਨ ਬਿਖ ਨੂੰ ਛੇਦ ਛੇਦ ਰਸ ਪੀਣ ਲਗਾ। ਕਾਇਆ ਦੇ ਤਰਵਰ ਉਤੇ ਮਨ ਦਾ ਪੰਖੀ ਤਤ ਚੁਗਣ ਲਗਾ, ਲੋਭ-ਚੋਗੇ ਦਾ ਖ਼ਿਆਲ ਛਡ ਕੇ, ਜਿਸ ਨਾਲ ਮਨ ਫਾਹੀ ਵਿਚ ਫਸਦਾ ਹੈ। ਮਨ-ਹਾਲੀ, ਕਰਣੀ ਦੀ ਕਿਰਸਾਣੀ ਕਰਨ ਲਗਾ ਤੇ ਤਨ ਦੀ ਖੇਤੀ ਸਰਮ (ਉੱਦਮ) ਦੇ ਪਾਣੀ ਨਾਲ ਸਿੰਚ ਕੇ ਵਿਚ ਨਾਮ ਬੀਜ ਦਿਤਾ, ਸੰਤੋਖ ਦੇ ਸੁਹਾਗੇ ਨਾਲ ਕੱਜ ਕੇ, ਗ਼ਰੀਬੀ ਦਾ ਵੇਸ ਧਾਰ। ਹੁਣ ਰੋਮ ਰੋਮ ਵਿਚ ਨਾਮ ਆ ਵਜਣ ਲਗਾ—ਹੱਠ-ਤਪ, ਸਾਧਨਾ, ਵਰਤ-ਨੇਮ, ਤੀਰਥ-ਇਸ਼ਨਾਨ, ਹੋਮ ਯਗ ਪੂਜਾ, ਮੰਤਰ ਜਾਪ ਰਾਹੀਂ ਨਾਂਹ—ਸਹਿਜ ਸੁਭਾਇ, ਕਿਰਤ ਦਾ ਨਾਮ, ਸਹਿਜ ਦਾ ਨਾਮ, ਪਰ-ਉਪਕਾਰ ਦਾ ਨਾਮ, ਗਿਆਨ ਦਾ ਨਾਮ :—

'ਨਾਮ ਤੇਰੋ ਆਸਨੋ, ਨਾਮ ਤੇਰੋ ਉਰਸਾ,
ਨਾਮ ਤੇਰੋ ਕੇਸਰੋ, ਲੇ ਛਿਟਕਾਰੇ।
ਨਾਮੁ ਤੇਰੋ ਅੰਭਲਾ, ਨਾਮ ਤੇਰੋ ਚੰਦਨੋ,
ਅਸਿ ਜਪ ਨਾਮੁ ਲੇ, ਤੁਝਹਿ ਕਉ ਚਾਰੇ।
ਨਾਮੁ ਤੇਰਾ ਦੀਵਾ, ਨਾਮੁ ਤੇਰੋ ਬਾਤੀ,
ਨਾਮੁ ਤੇਰੋ ਤੇਲ ਲੈ, ਮਾਹਿ ਪਸਾਰੇ।
ਨਾਮ ਤੇਰੋ ਤਾਗਾ, ਨਾਮ ਫੂਲ ਮਾਲਾ,
ਭਾਰ ਅਠਾਰਹ ਸਗਲ ਜੂਠਾਰੇ।'

ਹੁਣ ਮਨ ਵਿਚ ਲੱਖਾਂ ਦੀਵੇ ਪਰਕਾਸ਼ ਦੇ ਬਲ ਉਠੇ, ਫੁਲਾਂ ਦੀ ਕਿਰਨ-ਮਕਿਰਨੀ, ਆਭਾ ਸਹਿਜੇ ਸਹਿਜੇ ਵਸਣ ਲਗੀ, ਚੰਦਨ ਦੀ ਖ਼ੁਸ਼ਬੋਈ ਨਾਲ ਅੰਦਰ ਭਰ ਗਿਆ, ਕੇਸਰ ਨਾਲ ਪਿੰਡਾ ਤ੍ਰੌਂਕਿਆ ਗਿਆ। ਜਿਵੇਂ ਮਾਰੂਥਲ ਵਿਚ ਪਾਣੀ ਅਨੰਤ ਖ਼ੁਸ਼ੀ ਦੇਂਦਾ ਹੈ, ਊਠ ਨੂੰ ਵੇਲ, ਮਿਰਗ ਨੂੰ ਨਾਦ, ਭੌਰੇ ਨੂੰ ਫੁਲ, ਮਾਂ ਨੂੰ ਬਚੜਾ, ਕੋਇਲ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅੰਬੀ, ਚਕਵੀ ਨੂੰ ਸੂਰਜ, ਹੰਸ ਨੂੰ ਮਾਨਸਰੋਵਰ, ਨਾਰ ਨੂੰ ਕੰਤ, ਬਾਰਿਕ ਨੂੰ ਦੁਧ, ਚਾਤ੍ਰਿਕ ਨੂੰ ਸ੍ਵਾਂਤ-ਬੂੰਦ, ਮਛਲੀ ਨੂੰ ਪਾਣੀ, ਇਵੇਂ ਮਨੁਖ ਨੂੰ ਨਾਮ ਪਿਆਰਾ ਲਗਾ। ਨਾਮ ਨੇ ਅੰਦਰ ਸਹਿਜ ਨੂੰ ਆਂਦਾ :—

'ਗੁਰ ਪ੍ਰਸਾਦਿ, ਸਹਿਜ ਘਰ ਪਾਇਆ।
ਮਿਟਿਆ ਅੰਧੇਰਾ, ਚੰਦ ਚੜ੍ਹਿਆ।'

ਹੁਣ ਜਿਵੇਂ 'ਸਗਲ ਬਨਸਪਤਿ' ਵਿਚ ਬੈਸੰਤਰ ਹੁੰਦੀ ਹੈ ਤੇ 'ਸਗਲ ਦੂਧ ਮਹਿ ਘੀਆ', ਇਵੇਂ ਹਰ ਥਾਂਈਂ, ਹਰ ਵੇਲੇ, ਸਾਰੀ ਰਚਨਾ ਦੇ ਮੂਲ-ਰੂਪ, ਕਰਤਾ ਪੁਰਖ, ਦਾ ਦੀਦਾਰ ਹੋਣ ਲਗਾ। ਤਨ ਨੂੰ ਪ੍ਰੇਮ ਦੀ ਚਾਬਕ ਲਗੀ, ਤਾਂ ਮਨ ਜੋ ਹਰ ਪਾਸੇ ਧਾਂਵਦਾ ਸੀ, 'ਵਰਜ ਰਹਾਇਆ' :—

'ਮਨ ਮੇਰੋ ਧਾਵਨ ਤੇ ਛੂਟਿਓ,
ਕਰਿ ਬੈਠੋ ਬਿਸਰਾਮੁ।'

ਹੁਣ ਤਾਂ ਅੰਦਰ ਨਾੜੀ ਨਾੜੀ ਤੂੰਬਾ ਬਣ ਗਈ ਹੈ, ਜਿਸ ਵਿਚੋਂ ਅਨਹਦ ਸੁਰਾਂ ਵਜ ਵਜ ਪੈਂਦੀਆਂ ਹਨ :—

'ਰਵਿ ਸਸਿ ਲਉਕੇ, ਇਹ ਤਨ ਕਿੰਗਰੀ,
ਵਾਜੈ ਸਬਦ ਨਿਰਾਰੀ।'

ਹੁਣ 'ਦਿਨ ਮਹਿ ਰੈਣਿ, ਰੈਣਿ ਮਹਿ ਦਿਨੀਅਰ' ਦਿਸਣ ਲਗੇ; 'ਪੁਰਖ ਮਹਿ ਨਾਰਿ, ਨਾਰਿ ਮਹਿ ਪੁਰਖਾ', ਦੁਖ ਵਿਚ ਦਾਰੂ, ਸੁਖ ਵਿਚ ਰੋਗ, ਜੀਵਨ ਵਿਚ ਮੌਤ, ਮੌਤ ਵਿਚ ਜੀਵਨ। ਹੁਣ 'ਨਚ ਨਚ, ਧੰਮ ਧੰਮ, ਥੰਮ ਥੰਮ,' ਅੰਦਰ ਹੋਣ ਲਗੀ, ਨਾਲੇ ਬਾਹਿਰ ਵੀ ਸਾਰੇ ਵਿਸ਼ਵ ਵਿਚ। ਹੁਣ ਘੁੰਘਟ ਦਾ ਕੀ ਕੰਮ ?

'ਜਬ ਨਾਚੀ ਤਬ ਘੂਘਟ ਕੈਸਾ
ਮਟੁਕੀ ਫੋੜ ਨਿਰਾਰੀ।'

ਹੁਣ ਪਾਣੀ ਨੇ ਸਮੁੰਦਰ ਤੇ ਹਵਾ ਨੇ ਸੁੰਨ-ਮੰਡਲ ਵਿਚ ਆਪਣਾ ਬਿਸਰਾਮ ਲਭ ਲਿਆ :—

ਉਦਕ ਸਮੁੰਦ, ਸਲਲ ਕੀ ਸਾਖਿਆ,
ਨਦੀ ਤਰੰਗ ਸਮਾਵਹਿਗੇ।
ਸੁੰਨਹਿ ਸੁੰਨ ਮਿਲਿਆ ਸਮਦਰਸੀ,
ਪਵਨ ਰੂਪੁ ਹੋਇ ਜਾਵਹਿਗੇ।'

ਇਹ ਸ਼ਹੁ-ਮਿਲਾਵੇ ਦਾ ਰਸ ਇਵੇਂ ਆਇਆ, ਜਿਵੇਂ 'ਵੁਠੇ ਧਰਿਣ ਸੀਗਾਰ' ਪਹਿਨਦੀ ਹੈ, ਸਭ ਪਾਸੇ ਹਰਿਆਵਲ ਹੀ ਹਰਿਆਵਲ ਦਿਸਦੀ ਹੈ ਤੇ ਤਾਲ ਸਾਰੇ 'ਸੁਭਰ ਭਰੇ' ਹੋ ਛਲਕਦੇ ਹਨ। ਜਿਵੇਂ ਮੇਘ ਸਮੇਂ ਮੋਰ ਨਿਰਤਕਾਰੀ ਕਰਦਾ ਹੈ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਚੰਨ ਨੂੰ ਵੇਖ ਚਕੋਰ ਦਾ ਮਨ ਰਹਿਸਦਾ ਹੈ, ਇਵੇਂ ਮਨੁਖੀ ਆਤਮਾ ਨਚਦੀ, ਬਿਗਾਸ ਵਿਚ ਫੁਟਦੀ ਹੈ। ਜਿਵੇਂ 'ਬਾਰਿਕ ਰਸਿਕ ਪਰਿਓ ਥਨਿ ਮਾਤਾ, ਥਨਿ ਕਾਢੇ ਬਿਲਲ ਬਿਲੀਧੇ', ਇਵੇਂ ਹੀ ਮਨੁਖ ਦੇ ਅੰਦਰ ਦੁਧ-ਮਾਖਿਉਂ-ਸ਼ੱਕਰ ਦਾ ਰਸ ਅੰਦਰ ਸਿੰਜਰਦਾ ਹੈ; ਹੁਣ :—

'ਮਨ ਤਨ ਮਉਲਿਓ ਅਤਿ ਅਨੂਪ ।
ਸੂਕੈ ਨਾਹੀ ਛਾਵ ਧੂਪ ।'

ਮਨ ਸੂਰ (ਤਮੋ ਗੁਣ) ਰਸ ਨੂੰ ਅੰਦਰੋਂ ਸੁਕਾ ਕੇ ਸੋਮ (ਸਤੋ) ਰਸ ਨੂੰ ਪੀਣ ਲਗਾ, ਜੁਗਤੀ ਨਾਲ ਉਸ ਦੇ ਜੀਵਨ-ਮੌਤ ਦੇ ਸਿਰੇ ਮਿਲ ਗਏ, ਹੁਣ ਉਸ ਦੀ ਕੰਧ ਛਿਝਦੀ ਨਹੀਂ, ਹੰਸ ਉਡ ਕੇ ਕਿਤੇ ਧਾਂਵਦਾ ਨਹੀਂ ।

'ਹਉ ਮੂਆ, ਮੈਂ ਮਾਰਿਆ, ਪਵਣ ਵਹੈ ਦਰਿਆਉ ।'

ਹੁਣ ਸੁਾਸ ਆਪੇ, ਸਹਿਜ ਵਿਚ ਚਲਦੇ ਹਨ, ਅੰਦਰ-ਬਾਹਰ ਹਠ ਜਤਨ ਨਾਲ ਸੂੰਕਣ ਦੀ ਲੋੜ ਨਹੀਂ ਪੈਂਦੀ ।

ਹੁਣ ਅੰਦਰ 'ਮੁਸ਼ਕ ਝਕੋਲਿਆ' ਹੈ । 'ਮਨ ਅਮਿਉ ਝੋਲਿ ਝੋਲਿ' ਪੀ ਰਹਿਆ ਹੈ । ਇਵੇਂ ਪਵਿਤ੍ਰ, ਚਿਟਾ, ਸੁਗੰਧਤ ਹੋਇਆ ਹੈ ਮਨ ਜਿਵੇਂ ਕੁਸਮ, ਪਾਟ, ਘਿਉ, ਜਾਂ ਮਿਰਗਾਣੀ :

'ਸੂਹਟ ਪਿੰਜਰਿ ਪ੍ਰੇਮ ਕੈ, ਬੋਲੈ ਬੋਲਣਹਾਰ ।
ਸਚੁ ਚੁਗੈ, ਅੰਮ੍ਰਿਤ ਪੀਐ, ਉਡੈ ਤਾ ਏਕਾ ਵਾਰ ।'

ਪਿੰਜਰੇ ਵਿਚ ਤਾਂ ਸੂਹਟ (ਤੋਤਾ) ਹੁਣ ਵੀ ਹੈ, ਪਰ ਡਰ, ਪਾਪ, ਧੋਖੇ ਦੇ ਪਿੰਜਰੇ ਵਿਚ ਨਹੀਂ, ਪ੍ਰੇਮ ਦੀ ਫਾਹੀ ਵਿਚ ਫਾਥਾ, ਸਚ-ਅੰਮ੍ਰਿਤ ਨੂੰ ਪੀਂਦਾ ਖਾਂਦਾ ਹੈ, ਨਿਤ ਡੋਲਦਾ ਨਹੀਂ, ਉਹ ਤਾਂ ਇਕੋ ਵੇਰ ਹੁਣ ਉਡੇਗਾ, ਉਹ ਵੀ 'ਜੋਤੀ ਜੋਤ ਰਲੀ, ਸੰਪੂਰਨ ਥੀਆ ਰਾਮ' ਹੋਣ ਵਾਸਤੇ । ਹੁਣ ਅੰਦਰੋਂ ਅਗਨਿ ਬੁਝ ਗਈ ਹੈ, ਸੀਨਾ ਠਰ ਠਰ ਗਿਆ ਹੈ :—

'ਫੂਟੋ ਆਂਡਾ ਭਰਮ ਕਾ, ਮਨਹਿ ਭਇਓ ਪਰਗਾਸੁ ।
ਕਾਟੀ ਬੇਰੀ ਪਗਹ ਤੇ, ਗੁਰਿ ਕੀਨੀ ਬੰਦਿ ਖਲਾਸੁ ।'

ਜਾਂ ਇਹ ਸਾਹਮਣੇ ਘਟਾ ਕਾਲੀ, ਪਰ ਬਿਜਲੀ-ਜਾਗੀ, ਦਿਸ ਰਹੀ ਹੈ, ਗਰਜਦੀ, ਵੇਖ ਵੇਖ ਮਨ ਦਾ ਮੋਰ ਬਿਗਾਸ ਵਿਚ ਆਣ ਥਰਕਿਆ ਹੈ :—

ਉਨਵੈ ਘਨੁ ਘਨੁ ਘਨਿਹਰੁ ਗਰਜੈ,
ਮਨਿ ਬਿਗਸੈ ਮੋਰ ਮੁਰਲੇ ।'

ਜਾਂ ਇਹ :—

'ਪਸਰੀ ਕਿਰਣਿ, ਰਸਿ ਕਮਲ ਬਿਗਾਸੇ,
ਸਸਿ ਘਰਿ ਸੂਰੁ ਸਮਾਇਆ ।'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁਣ ਲੋਇਣ ਨੀਕੇ ਹੋ ਗਏ, ਰਸ-ਭਿੰਨੜੇ ਆਪਣੇ ਰਾਮ ਸੰਗੇ। ਮਨ ਦੀ ਟੁਟੀ ਹੋਈ ਗੰਢ ਵਿਚਾਰ ਨਾਲ ਮੁੜ ਪੈ ਗਈ, ਉਬਲੀ ਮਜੀਠ ਦਾ ਗਹਗਹਾ ਰੰਗ ਮਨ ਉਤੇ ਚੜ੍ਹ ਗਿਆ, ਹੁਣ ਦਿਨੀਅਰ ਸੂਰ ਦੀ ਤ੍ਰਿਸ਼ਨਾ-ਅਗਨ ਬੁਝ ਗਈ, 'ਸ਼ਿਵ ਚਰਿਓ ਚੰਦ ਚੰਦਾਕੀ।' ਨਵ-ਯੋਬਨਾਂ ਰੰਗਿ ਚਲੂਲੇ ਰਾਤੀ, 'ਪ੍ਰੇਮ ਭੀਨੀ ਚੋਲੀ' ਵਿਚ ਸਜੀ ਸਜਾਈ :—

'ਮੁੰਧ ਨਵੇਲੀਆਂ, ਗੋਇਲ ਆਈ ਰਾਮ।
ਮਟੁਕੀ ਡਾਰਿ ਧਰੀ, ਹਰਿ ਲਿਵ ਲਾਈ ਰਾਮ।
ਸਚਿ ਨਵੇਲੜੀਏ, ਜੋਬਨ ਬਾਲੀ ਰਾਮ।
ਸ੍ਰੀ ਧਰ ਮੋਹਿਅੜੀ, ਪਿਰ ਸੰਗਿ ਸੂਤੀ ਰਾਮ।
ਜਾਗ ਸਲੋਨੜੀਏ, ਬੋਲੈ ਗੁਰਬਾਣੀ ਰਾਮ।'

ਮਾਨੋ ਵਿਹੜੇ ਵਿਚ ਚੰਦ ਚੜ੍ਹ ਪਇਆ, ਮੁਸ਼ਕੀ ਬਸਤ੍ਰਾਂ, ਸੁਵੰਨੇ ਗਹਿਣਿਆਂ, ਤੇ ਕੰਠਿ-ਫੂਲ ਨਾਲ ਅੰਦਰ ਬਾਹਿਰ ਜਗ-ਮਗ, ਜਗ-ਮਗ ਕਰਨ ਲਗਾ :—

'ਆਂਗਨਿ ਮੇਰੈ ਸੋਭਾ ਚੰਦ।
ਨਿਸਿ ਬਾਸੁਰ ਪ੍ਰਿਅ ਸੰਗ ਅਨੰਦ।
ਬਸਤ੍ਰ ਹਮਾਰੈ ਰੰਗ ਚਲੂਲ।
ਸਗਲ ਆਭਰਣ ਸੋਭਾ, ਕੰਠਿ ਫੂਲ।'

'ਅੰਤੁਰ ਕਮਲ ਪਰਗਾਸਿਆ', ਮਨ ਦਾ ਊਂਧਾ ਕੰਵਲ ਸਿੱਧਾ ਹੋ ਗਿਆ, ਬਿਗਾਸਿਆ ਗਿਆ, ਇਵੇਂ ਜਿਵੇਂ 'ਸੂਰਜ ਰੈਣਿ ਕਿਰਾਖੀ'। ਹੁਣ ਸਤਿਗੁਰ ਗਿਆਨ ਦਾ ਚਾਨਣ ਘਰ ਵਿਚ ਬਲਣ ਨਾਲ ਅਗਿਆਨ ਦਾ ਹਨੇਰਾ ਦੂਰ ਹੋਇਆ, ਗੁਰਮੁਖ ਦੇ ਲੋਇਣ (ਨੈਣ) ਨੀਕੇ, ਰਸ ਭਿੰਨੜੇ ਹੋ ਗਏ, ਉਸ ਦਾ ਰੰਗ ਚਲੂਲਿਆ ਗਿਆ, ਤਨ ਮਨ ਮੁਸਕ ਵਿਚ ਝਕੋਲੇ ਗਏ, ਅੰਗ ਅੰਗ ਰਸ-ਗੁਧੇ ਜਾਪਣ ਲਗੇ, ਜਿਹੜੇ ਹਰ ਵੇਲੇ 'ਅੰਮ੍ਰਿਤ ਛਕਿ ਛਕੇ' ਹੋਣ। ਸਤ ਰਸ ਝੋਲ ਕੇ ਆਤਮਾ ਮਹਾਂ-ਰਸ ਪੀਣ ਲਗੀ 'ਅਨਹਦ ਵਾਜੇ ਰੁਣ ਝੁਣਕਾਰੇ ਰਾਮ।' ਇਵੇਂ ਲਗਾ, ਜਿਵੇਂ ਅੰਦਰ ਦੀ ਬੜਵਾ-ਅਗਨੀ ਉਤੇ ਮੀਂਹ ਪੈ ਰਿਹਾ ਹੈ, ਕੋਈ ਅੰਮ੍ਰਿਤ ਬੁਰਕ (ਛਿੜਕ) ਰਿਹਾ ਹੈ, ਕੰਚਨ-ਕਾਇਆਂ ਉਤੇ 'ਵੰਨੀ ਚੜੈ ਚੜ੍ਹਾਉ' ਹੋਣ ਲਗੀ, ਆਪਣੇ 'ਹਠ ਮਝਾਊ' ਹੀ 'ਮਾਣਕ ਲਧਾ' ਜਿਸ ਦੇ ਮਿਲਣ ਨਾਲ 'ਢੂੰਡ ਵੰਞਾਈ, ਥੀਆ ਥਿਤਾ'। ਭੀਤਿ (ਕੰਧ) ਭਰਮ ਕੀ ਢਹਿ ਪਈ, ਮਨ ਪ੍ਰਦੇਸੀ ਘਰ ਵਿਚ ਆਣ ਟਿਕ ਬੈਠਾ, ਨਾਲ ਦੇ ਗੁਆਂਢੀ, ਗੁਰ-ਭਾਈ, ਮੀਤ ਵੀ ਸਭ 'ਸਰਸਿਅੜੇ ਸਰਸਿਅੜੇ' ਹੋ ਗਏ। ਇਵੇਂ ਲਗਾ, ਜਿਵੇਂ ਸਾਜਨ ਨਾਲ ਮੇਰਾ ਵਿਆਹ ਹੋਣ ਲਗਾ ਹੈ :—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਤਨ ਰੈਨੀ, ਮਨ ਪੁਨਰਪਿ ਕਰਿਹਉ,
ਪਾਚਉ ਤਤੁ ਬਰਾਤੀ ।
ਰਾਮ ਰਾਇ ਸਿਉ ਭਾਵਰਿ ਲੈਹਉ,
ਆਤਮ ਤਿਹ ਰੰਗ ਰਾਤੀ ।
ਗਾਉ ਗਾਉ ਰੀ ਦੁਲਹਨੀ ਮੰਗਲਚਾਰਾ,
ਮੇਰੇ ਗ੍ਰਿਹਿ ਆਏ ਰਾਜਾ ਰਾਮ ਭਤਾਰਾ ।'

ਜਿਹੜੇ ਆਂਗਣਿ ਪਿਰ ਬਾਝੜਿਉਂ 'ਧੂੜਿ ਲੁਤੇ' ਸਨ, ਉਨ੍ਹਾਂ ਵਿਚ :—

'ਅਨਦੋ ਅਨਦ ਘਣਾ, ਮੈ ਸੋ ਪ੍ਰਭ ਡੀਠਾ ਰਾਮ ।
ਚਾਖਿਅੜਾ ਚਾਖਿਅੜਾ, ਮੈਂ ਹਰਿ ਰਸੁ ਮੀਠਾ ਰਾਮ ।
ਸੋਹਿਅੜੇ ਸੋਹਿਅੜੇ ਮੇਰੇ ਬੰਕ ਦੁਆਰੇ ਰਾਮ ।
ਪਾਹੁਨੜੇ ਪਾਹੁਨੜੇ, ਮੇਰੇ ਰਾਮ ਪਿਆਰੇ ਰਾਮ ।'

ਅੰਦਰ 'ਸਹਿਜੇ ਗੁਣਝੁਣਕਾਰ ਸੁਹਾਇਆ', 'ਅਖੰਡ ਕੀਰਤਨ' ਦੀ ਧੁਨੀ ਮਨ ਵਿਚ ਵਜਣ ਲਗੀ, ਮਨ ਨੂੰ 'ਭੋਜਨ ਚੂਰਾ' ਪ੍ਰਾਪਤ ਹੋਇਆ, 'ਕੰਚਨ ਭਏ ਮਨੂਰਾ' । ਇਵੇਂ ਪਰਗਾਸ ਦਾ ਨੀਲਾ ਖਿੜਾਉ ਹੋਇਆ, 'ਜਿਵੇਂ ਧਰ ਊਪਰਿ ਆਕਾਸ਼', ਹੋਵੇ । ਪਾਵਕ ਵਾਂਗ ਮਨ ਦਾ 'ਸਹਿਜ ਸੁਭਾਉ' ਹੋ ਗਿਆ, ਪਾਣੀ ਵਾਂਗ ਨਿਰਮਾਇਲ, ਜਿਵੇਂ 'ਮੈਲ ਨ ਲਾਗੈ ਜਲਾ' । ਉਹ ਪਵਨ ਵਾਂਗ ਰਾਜ ਰੰਕ ਸਭ ਨਾਲ ਇਕ-ਸਮਾਨ ਵਰਤਣ ਲਗਾ, ਚਿੱਟੀ ਧੁੱਪ ਵਾਂਗ 'ਸਰਬ ਕੋ ਸੋਖ' ਇਕੋ ਜਿਹਾ ਦੇਣ ਲਗਾ; ਉਸ ਲਈ ਤ੍ਰੇਲ ਭਿੰਨੀ ਰੈਨੜੀ, ਜਦ 'ਚਾਮਕਿਨ ਤਾਰੇ', ਪ੍ਰਿਯ ਨਾਲ ਰਲੀਆਂ ਮਾਨਣ ਦਾ ਆਵੇਸ਼ਕ ਸਮਾਂ ਬਣ ਗਿਆ । ਉਸ ਦੇ ਕੋਰੇ ਕਪੜੇ ਉਤੇ ਨਾਮ ਦੀ ਪਾਹ ਚੜ੍ਹ ਗਈ, ਫਿਰ ਉਸ ਵਡਭਾਗੇ ਨੂੰ ਲਾਲ ਸੂਹਾ ਰੰਗ ਆਣ ਚੜ੍ਹਿਆ, ਉਸ ਦੇ ਨਵੇਂ ਖੰਭ ਨਿਕਲ ਆਏ, ਜੀਵਨ-ਰੰਗ ਉਸ ਉਤੇ ਇਵੇਂ ਸਹਿਜ ਸੁਭਾਅ ਚੜ੍ਹਿਆ, ਜਿਵੇਂ ਕਤਕ ਵਿਚ ਕੂੰਜਾਂ, ਚੇਤਰ ਵਿਚ ਡਉ (ਦਾਵਾ ਅਗਨੀ), ਸਾਵਣ ਵਿਚ 'ਬਿਜਲੀਆਂ', ਤੇ ਸਿਆਲੇ ਵਿਚ ਪਿਰ ਗਲ ਬਾਹੜੀਆਂ ਸਹਿਜ-ਸੁਭਾਇ ਆਣ ਲਿਪਟਦੀਆਂ ਹਨ । ਹੁਣ ਉਹ ਇਵੇਂ ਰਹਿਣ ਲਗਾ, ਜਿਵੇਂ ਲੂਣ ਤੇ ਕਾਗਜ਼ ਘਿਉ ਨਾਲ ਰਹਿੰਦੇ ਹਨ, ਜਾਂ ਜਿਵੇਂ ਕੰਵਲ ਪਾਣੀ ਵਿਚ । ਹੁਣ ਉਸ ਨੂੰ ਵਿਕਾਰ ਇਵੇਂ ਹੀ ਨਹੀਂ ਲੂੰਹਦੇ, ਜਿਵੇਂ :—

'ਈਧਨ ਤੇ ਬੈਸੰਤਰ ਭਾਗੈ ।
ਮਾਟੀ ਕਉ ਜਲ ਦਹਿਦਿਸ ਤਿਆਗੈ ।
ਊਪਰ ਚਰਨ ਤਲੈ ਆਕਾਸ ।
ਘਟ ਮਹਿ ਸਿੰਧ ਕੀਓ ਪਰਗਾਸ ।'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੱਗ ਲਕੜੀ ਵਿਚ ਸੁਤੀ ਹੈ, ਪਰ ਉਸ ਨੂੰ ਜਾਲਦੀ ਨਹੀਂ । ਪਾਣੀ ਸਾਰੀ ਧਰਤੀ ਨੂੰ ਵੇੜ੍ਹੀ ਖੜੋਤਾ ਹੈ, ਪਰ ਡੋਬਦਾ ਨਹੀਂ, ਬਿਰਖ ਸਿਰ ਹੇਠਾਂ, ਪੈਰ ਉਪਰ ਕਰੀ ਜੀਊਂਦਾ ਹੈ, ਪਰ ਸੁਕਦਾ ਨਹੀਂ । ਇਵੇਂ ਹੀ ਮਨ ਦੇ ਘੜੇ ਵਿਚ ਹਰੀ ਦੀ ਸਿੰਧ ਆ ਕੇ ਸਮਾ ਗਈ ਹੈ, ਪਰ ਇਸ ਸਾਰੇ ਅਨੁਭਵ ਦਾ ਸੁਆਦ ਕਿਹੋ ਜਿਹਾ ਹੈ :—

'ਕਹੁ ਕਬੀਰ ਗੂੰਗੇ ਗੁੜ ਖਾਇਆ,
ਪੂਛੇ ਤੇ ਕਿਆ ਕਹੀਐ ?

ਜਾਂ ਜਿਵੇਂ ਬੁਲ੍ਹੇ ਸ਼ਾਹੁ ਨੇ ਵੀ ਆਖਿਆ ਸੀ :—

'ਚੁਪ ਵੇ ਅੜਿਆ, ਚੁਪ ਵੇ ਅੜਿਆ,
ਬੋਲਣ ਦੀ ਨਹੀਂ ਜਾ ਵੇ ਅੜਿਆ ।'

ਬਸ, ਮਨੁਖ ਨੂੰ ਜੀਵਨ-ਪਦਵੀ ਪ੍ਰਾਪਤ ਹੋਈ, ਜੀਵਨ-ਮੋਖ, ਕਰਮ-ਯੋਗ, ਤੁਰੀਆ-ਪਦ, ਸਹਿਜ਼, ਬ੍ਰਹਮ-ਗਿਆਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

3

ਗੁਰੂ ਗ੍ਰੰਥ ਦਾ ਸਮਾਜਕ ਆਦਰਸ਼

ਜਿਵੇਂ ਕਿ ਪਿਛੇ ਦਸਿਆ ਜਾ ਚੁਕਿਆ ਹੈ, ਗੁਰੂ ਗ੍ਰੰਥ ਦੀ ਰਚਨਾ ਭਾਵੇਂ ਰਹੱਸਵਾਦੀ ਹੈ, ਪਰ ਉਹ ਰਹੱਸ ਦੀ ਰਮਜ਼ ਨੂੰ ਸ੍ਰੀਰਕ ਚਿੰਨ੍ਹਾਂ ਰਾਹੀਂ ਖੋਲ੍ਹਦੀ ਹੈ। ਨਾ ਕੇਵਲ ਇਹੀ, ਸਗੋਂ ਮਨੁਖੀ ਸ੍ਰੀਰ ਨੂੰ ਇਕੋ ਇਕ ਵਸੀਲਾ ਮਿੱਥਦੀ ਹੈ, ਆਤਮਕ ਆਦਰਸ਼ ਦੀ ਪ੍ਰਾਪਤੀ ਦਾ। ਇਸ ਲਈ ਇਸ ਨੂੰ ਪਾਲਣ ਪੋਸਣ, ਰੰਗਲਾ, ਸੁਹਣਾ ਸੁਣੱਖਾ ਚਾਉ-ਭਰਿਆ ਬਣਾਣ ਉਤੇ ਜ਼ੋਰ ਦਿਤਾ ਗਿਆ ਹੈ, ਤੇ ਉਹਨਾਂ ਸਭ ਹਾਲਤਾਂ ਤੇ ਯਤਨਾਂ ਨੂੰ ਨਿੰਦਿਆ ਗਿਆ ਹੈ, ਜਿਨ੍ਹਾਂ ਰਾਹੀਂ ਅਜੇਹਾ ਕਰਨਾ ਸੰਭਵ ਨਾ ਹੋਵੇ। ਭਾਵੇਂ ਇਹ ਜ਼ਰੂਰ ਆਖਿਆ ਗਿਆ ਹੈ ਕਿ ਮਨੁਖ ਲਈ 'ਅੰਨ ਪਾਣੀ ਥੋੜਾ ਖਾਇਆ' ਦਾ ਨਿਸ਼ਾਨਾ ਹੋਣਾ ਲੋੜੀਏ, ਕਿਉਂਕਿ 'ਫਿਟ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟ।' ਨਾਲੇ ਅਜੇਹੇ ਖਾਣੇ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ,

'ਜਿਤ ਖਾਧੇ ਤਨ ਪੀੜੀਐ, ਮਨ ਮਹਿ ਚਲੇ ਵਿਕਾਰ।'

ਪਰ ਬਾਕੀ ਕਿਸੇ ਰੋਕ ਤੋਂ ਬਚਣ ਲਈ ਨਹੀਂ ਆਖਿਆ ਗਿਆ। ਭੁਖੇ ਪੇਟ ਉਤੇ ਭਗਤੀ ਕਰਨੀ ਅਸੰਭਵ ਦਰਸਾਈ ਹੈ :—

'ਧੰਨੁ ਅਨਾਦਿ ਭੂਖੇ ਕਵਲ ਟਹਿਕੇਵ'
'ਆਦਿ ਪੁਰਖ ਤੇ ਹੋਇ ਅਨਾਦਿ।
ਜਪੀਐ ਨਾਮ ਅੰਨ ਕੈ ਸਾਦਿ।'
'ਅੰਨੈ ਬਿਨਾ ਨ ਹੋਇ ਸੁਕਾਲ,
ਤਜਿਐ ਅੰਨ ਨ ਮਿਲੈ ਗੁਪਾਲੁ।'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਗ੍ਰੰਥ ਵਿਚ ਕਬੀਰ ਨੇ ਇਕ ਮਨੁਖ ਦੀ ਇਕ ਦਿਹਾੜੀ ਦੀ ਖਾਧ ਖ਼ੁਰਾਕ ਦੋ ਸੇਰ ਆਟਾ, ਪਾ ਘਿਉ ਤੇ ਅਧ ਸੇਰ ਦਾਲ ਦਸੀ ਹੈ । ਕਬੀਰ ਨੇ ਮੰਜੀ, ਬਿਸਤਰਾ, ਸਿਰਹਾਣਾ ਤੇ ਰਜ਼ਾਈ ਦੀ ਵੀ ਲੋੜ ਦਸੀ ਹੈ । ਧੰਨੇ ਨੇ ਤਾਂ ਦੁਧ ਪੀਣ ਲਈ ਲਵੇਰੀ ਗਊ, ਚੜ੍ਹਨ ਲਈ 'ਇਕ ਤੁਰੀ ਚੰਗੇਰੀ', ਪੈਰੀਂ ਪਹਿਨਣ ਲਈ ਜੁਤੀ ਤੇ ਤਨ ਢਕਣ ਲਈ ਸੁੰਦਰ ਕਪੜੇ, ਇਥੋਂ ਤੀਕ ਕਿ ਇਕ ਸੁਹਣੀ ਵਹੁਟੀ ਦੀ ਵੀ ਮੰਗ ਕੀਤੀ ਹੈ । ਆਦਿ ਗ੍ਰੰਥ ਵਿਚ ਇਸ ਬਾਣੀ ਦਾ ਬਿਨਾਂ ਕਿਸੇ ਟੀਕਾ ਟਿਪਣੀ ਦੇ ਸ਼ਾਮਲ ਕੀਤਾ ਜਾਣਾ ਦਸਦਾ ਹੈ ਕਿ ਇਨ੍ਹਾਂ ਲੋੜਾਂ ਨਾਲ ਸਿਖ ਆਦਰਸ਼ਾਂ ਨੂੰ ਪੂਰੀ ਪੂਰੀ ਸੰਮਤੀ ਸੀ, ਏਨਾ ਵੇਰਵਾ ਭਾਵੇਂ ਹਰ ਕਿਸੇ ਆਦਿ ਗ੍ਰੰਥ ਦੇ ਕਵੀ ਨੇ ਖੋਲ੍ਹ ਕੇ ਨਹੀਂ ਦਿਤਾ । ਪਰ ਜਿਸ ਜੋਸ਼ ਤੇ ਕਹਿਰ ਨਾਲ ਗੁਰੂ ਨਾਨਕ ਨੇ ਰੱਬ ਪਾਸੋਂ ਅੰਨ ਪਾਣੀ ਦੀ ਫ਼ਰਮਾਇਸ਼ ਕੀਤੀ ਹੈ, ਉਹ ਕਿਸੇ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿਣ ਦੇਂਦਾ :—

'ਸਭੇ ਜੀਅ ਸਮਾਲਿ, ਅਪਣੀ ਮਿਹਰ ਕਰ ।
ਅੰਨੁ ਪਾਣੀ ਮੁਚੁ ਉਪਾਇ, ਦੁਖ ਦਾਲਿਦ ਭਨਿ ਤਰਿ ।'

ਤੇ ਉਨ੍ਹਾਂ ਦਾ 'ਤੀਨ ਸੇਰ ਕਾ ਦਿਹਾੜੀ ਮਿਹਮਾਨ' ਕਬੀਰ ਦੇ ਬਚਨ ਦੀ ਪੂਰੀ ਪੂਰੀ ਪੁਸ਼ਟੀ ਹੀ ਤਾਂ ਕਰਦਾ ਹੈ । ਜੀਵਨ-ਲੋੜਾਂ ਦਾ ਥੋੜਾ ਹੋਣਾ ਗੁਰੂ ਸਾਹਿਬ ਨੇ ਚਿੰਤਾ ਦਾ ਕਾਰਨ ਦਸਿਆ ਹੈ, ਤੇ ਬਹੁਤਾ ਹੋਣਾ ਭ੍ਰਮਣ ਦਾ । ਇਸ ਲਈ ਨਿਸ਼ਾਨਾ ਮਨੁੱਖ ਦਾ ਇਹ ਹੋਣਾ ਲੋੜੀਏ ਕਿ ਉਸ ਪਾਸ ਨਾ ਬਹੁਤਾ ਹੋਵੇ, ਨਾ ਥੋੜਾ :—

'ਜਿਸੁ ਗ੍ਰਿਹਿ ਬਹੁਤੁ, ਤਿਸੈ ਗ੍ਰਿਹ ਚਿੰਤਾ ।
ਜਿਸ ਗ੍ਰਿਹਿ ਥੋਰੀ, ਸੋ ਫਿਰੈ ਭ੍ਰਮੰਤਾ ।
ਦੁਹੂ ਬਿਵਸਥਾ ਤੇ ਜੋ ਮੁਕਤਾ, ਸੋਈ ਸੁਹੇਲਾ ਭਾਲੀਐ ।'

ਗੁਰੂ ਸਾਹਿਬ ਦਾ ਖ਼ਿਆਲ ਹੈ, ਕਿ ਪਹਿਲਾਂ ਰੱਬ ਨੇ ਰੋਟੀ ਪੈਦਾ ਕੀਤੀ, ਪਿਛੋਂ ਮਨੁੱਖ .—

'ਪਹਿਲਾਂ ਦੇ ਤੈਂ ਰਿਜਕ ਸਮਾਹਾ ।
ਪਿਛੋਂ ਦੇ ਤੈਂ ਜੰਤ ਉਪਾਹਾ ।'

ਇਸ ਲਈ ਜਦ ਫ਼ਰੀਦ ਰੱਬ ਨੂੰ 'ਖਜੂਰੀ ਪੱਕੀਆਂ' ਆਖਦਾ ਹੈ ਤਾਂ ਉਹ ਕੋਈ ਨਿਪਟ ਕਾਵਿਕ ਚਿੰਨ੍ਹ ਨਹੀਂ ਵਰਤ ਰਿਹਾ । ਰੱਬ ਦੀ ਮਿਠਾਸੀ ਲੋੜ ਤੇ ਰੱਜ ਨੂੰ ਉਹ ਖਜੂਰਾਂ ਤੋਂ ਚੰਗੀ ਉਪਮਾ ਨਾਲ ਨਹੀਂ ਸੀ ਦੇ ਸਕਦਾ ਤੇ ਗੁਰੂ ਨਾਨਕ ਜਦੋਂ ਅਨੂਪਮ ਖ਼ੁਸ਼ੀ ਦਾ ਸਭ ਤੋਂ ਵਧੀਆ ਸਰੀਰਕ ਚਿਤ੍ਰ ਖਿਚਦੇ ਹਨ, ਤਾਂ ਉਹ ਵੀ ਚਸ਼ਮਿਆਂ ਵਿਚੋਂ ਦੁਧ ਫੁਟਦਾ, ਤੇ ਸਾਰੀ ਧਰਤੀ ਨੂੰ ਸ਼ਕਰ ਨਾਲ ਭਰਿਆ ਵੇਖਦੇ ਹਨ :—

'ਨਦੀਆ ਹੋਵਹਿ ਧੇਣਵਾ, ਸੁੰਮ ਹੋਵਹਿ ਦੁਧ ਘੀਉ ।
ਸਗਲੀ ਧਰਤੀ ਸਕਰ ਹੋਵੈ, ਖੁਸ਼ੀ ਕਰਹਿ ਨਿਤਿ ਜੀਉ ।'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰ ਉਹ ਵੇਖਦੇ ਸਨ, ਆਪਣੇ ਸਾਹਮਣੇ, ਮਨੁੱਖ ਨੂੰ ਉਹ ਕੁਝ ਤੇ ਉਨ੍ਹਾਂ ਕੁਝ ਖਾਣ ਨੂੰ ਨਹੀਂ ਸੀ ਮਿਲਦਾ, ਜਿੰਨੇ ਦਾ ਉਹ ਹੱਕਦਾਰ ਤੇ ਆਸਵੰਦ ਸੀ, ਕਿਉਂ ਜੁ ਕੁਝ ਕੁ ਲੋਟੂਆਂ ਨੇ ਆਮ ਲੋਕਾਈ ਦੇ ਧਨ ਉਤੇ ਧਾੜਾ ਮਾਰ ਕੇ ਆਪਣਾ ਅੰਦਰ ਭਰ ਲਿਆ ਸੀ ਤੇ ਲੋਕ ਸਖਣੇ ਢੋਲ ਵਜਾਂਦੇ ਫਿਰਦੇ ਸਨ। ਇਸੇ ਲਈ ਆਦਿ ਗ੍ਰੰਥ ਦੀ ਬਾਣੀ ਵਿਚ ਹਰ ਤਰ੍ਹਾਂ ਦੀ ਲੁੱਟ ਖਸੁੱਟ—ਚਾਹੇ ਉਹ ਜ਼ਾਤ ਜਨਮ ਕਰ ਕੇ ਸੀ, ਚਾਹੇ ਪੇਸ਼ੇ ਕਰ ਕੇ, ਚਾਹੇ ਮੌਕਿਆਂ ਦੀ ਘਾਟ ਕਰ ਕੇ—ਦੇ ਵਿਰੁਧ ਬਗ਼ਾਵਤ ਦੀ ਭਾਹ ਮਾਰਦੀ ਕਵਿਤਾ ਸਾਨੂੰ ਮਿਲਦੀ ਹੈ। ਸਭ ਤੋਂ ਵਧੀਕ ਕਹਿਰ ਵੀ ਉਸੇ ਉਤੇ ਟੁੱਟਾ ਹੈ। ਜਾਗੀਰਦਾਰੀ ਦੇ ਯੁਗ ਵਿਚ ਰਾਜਾ ਇਸ ਬੇ-ਪਨਾਹ ਲੁੱਟ ਦਾ ਵਡਾ ਚਿੰਨ੍ਹ ਸੀ :—

> 'ਰਾਜੇ ਸੀਹ, ਮੁਕੱਦਮ ਕੁੱਤੇ।
> ਜਾਇ ਜਗਾਇਨ ਬੈਠੇ ਸੁੱਤੇ।
> ਚਾਕਰ ਨਹਦਾ ਪਾਇਨ ਘਾਉ।
> ਰਤੁ ਪਿਤੁ ਕੁਤਿਹੋ ਚਟਿ ਜਾਹੁ।'

ਇਹਨਾਂ ਦੇ ਇਨਸਾਫ਼ ਕਰਨ ਵਾਲੇ ਚੌਧਰੀ ਵੀ ਇਨ੍ਹਾਂ ਵਰਗੇ ਹੀ ਹਨ :—

> 'ਕਾਜੀ ਹੋਇ ਕੈ ਬਹੈ ਨਿਆਇ।
> ਫੇਰੇ ਤਸਬੀ, ਕਰੇ ਖ਼ੁਦਾਇ।
> ਵੱਢੀ ਲੈ ਕੇ ਹੱਕ ਗਵਾਇ।
> ਜੇ ਕੋ ਪੁਛੈ ਤਾ ਪੜ ਸੁਣਾਏ।'

ਪੜ੍ਹ ਸੁਣਾਏ ਬਾਦਸ਼ਾਹ ਦਾ ਹੁਕਮਨਾਮਾ ਜਾਂ ਆਪਣੇ ਧਰਮ-ਗ੍ਰੰਥ ਦਾ ਕੋਈ ਆਪਣੇ ਮਤਲਬ ਦਾ ਪਤਰਾ। ਰਾਜੇ ਮਾਇਆ ਸੰਚ ਸੰਚ ਅਹੰਕਾਰੀ ਹੋ ਗਏ ਹਨ, ਉਨ੍ਹਾਂ ਦੀ ਸੁਰਤ ਗੁੰਮ ਗਈ ਹੈ, ਉਹ ਰੰਗ ਤਮਾਸ਼ਿਆਂ ਵਿਚ ਰਚ ਮਿਚ ਗਏ ਹਨ, ਇਲਤਿ ਦਾ ਨਾਉਂ ਚਉਧਰੀ ਪੈ ਗਿਆ ਹੈ :—

> 'ਲਬੁ ਪਾਪੁ ਦੋਇ ਰਾਜਾ ਮਹਿਤਾ, ਕੂੜਿ ਹੋਆ ਸਿਕਦਾਰ।
> ਕਾਮੁ ਨੇਬੁ ਸਦਿ ਪੁਛੀਐ, ਬਹਿ ਬਹਿ ਕਰੈ ਵੀਚਾਰ।'

ਨਹੀਂ ਨਹੀਂ, ਰਾਜੇ ਕਸਾਈ ਹੋ ਗਏ ਹਨ, ਛੁਰੀ ਲੈ ਕੇ ਹਰ ਇਕ ਦਾ ਗਲਾ ਵਢ ਰਹੇ ਹਨ, ਧਰਮ ਖੰਭ ਲਾ ਕੇ ਉਡ ਗਿਆ ਹੈ, ਕੁੱਤਿਆਂ ਦੀ ਤਰ੍ਹਾਂ ਹਿੰਦ ਦੇ ਰਤਨ ਨੂੰ ਇਹ ਰਤ ਪੀਣੇ ਰਾਜੇ ਮਿਟੀ ਵਿਚ ਰੁਲਾ ਰਹੇ ਹਨ, ਜਿਹੜੀ ਰੱਤ ਕਪੜੇ ਨਾਲ ਲਗੇ ਤਾ ਜਾਮਾ ਪਲੀਤ ਹੋ ਜਾਂਦਾ ਹੈ, ਉਹ ਸੂਹੀ ਰੱਤ ਲੋਕਾਂ ਦੇ ਲੋਟੂ ਗਟਾ ਗਟ ਕਰ ਕੇ ਪੀ ਰਹੇ ਹਨ, ਅਨਰਥ ਕਰ ਕਰ ਕੇ ਮਾਇਆ ਵਿਹਾਜਦੇ ਹਨ ਤੇ ਰਹਿੰਦੇ ਕਿਵੇਂ ਹਨ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਪਾਵਤ ਰਲੀਆ, ਜੋਬਨ ਬਲੀਆ ।
ਕਾਨ ਕੁੰਡਲੀਆ, ਬਸਤ੍ਰ ਓਢਲੀਆ ।
ਸੇਜ ਸੁਖਲੀਆ, ਮਨ ਗਰਬਲੀਆ ।
ਤਲੈ ਕੁੰਚਰੀਆ, ਸਿਰਿ ਕਨਿਕ ਛਤਰੀਆ ।
ਰੂਪ ਸੁੰਦਰੀਆ, ਅਨਿਕ ਇਸਤ੍ਰੀਆ ।'

ਇਹੋ ਜਿਹੇ ਰਾਜ ਵਿਚ ਤਾਂ ਨਿਕੇ ਮੋਟੇ ਹਾਕਮ ਵੀ ਲੋਕਾਂ ਦਾ ਸਾਹ ਸੁਕਾਈ ਰਖਦੇ ਹਨ, ਜਿਵੇਂ ਕਬੀਰ ਦਾ ਗਿਲਾ ਹੈ :—

'ਹਰਿ ਕੇ ਲੋਗਾ, ਮੋ ਕਉ ਨੀਤਿ ਡਸੈ ਪਟਵਾਰੀ ।'

ਅਗਰਕ (ਮੁਸਾਹਿਬ) ਰਾਜਿਆਂ ਦੇ ਅਜੇਹੇ ਠੱਗਾਊ ਹਨ, ਜਿਹੜੇ ਆਪਣੇ ਪੇਟ ਲਈ ਆਪਣੇ ਮਾਂ-ਪਿਓ ਨੂੰ ਵੀ ਬੰਨ੍ਹ ਕੇ ਬੰਦੀਖ਼ਾਨੇ ਪੁਆ ਦੇਂਦੇ ਹਨ :—

'ਅਗਰਕ ਉਨ ਕੇ ਵਡੇ ਠਗਾਊ ।
ਛੋਡਹਿ ਨਾਹੀ ਬਾਪ ਨ ਮਾਊ ।
ਮੇਲੀ ਅਪਨੇ ਉਨਿ ਲੇ ਬਾਂਧੇ ।'

ਤੇ ਜਿਹੜਾ ਕੋਈ ਪਿੰਡ ਦਾ ਮਾਹਰ (ਚੌਧਰੀ) ਬਣਦਾ ਹੈ, ਉਸ 'ਬੰਨ੍ਹ ਆਂਦੇ ਪੰਜ ਸਰੀਕ ਜੀਉ' ਆਪਣੇ ਹੀ ਕੋੜਮੇ ਨੂੰ ਗਾਲਦਾ ਹੈ। ਹਿਰਨਾਂ ਬਾਜਾਂ ਤੇ ਸਿਕਦਾਰਾਂ ਤਿੰਨਾਂ ਨੂੰ ਗੁਰੂ ਨਾਨਕ ਨੇ ਇਕੋ ਸ੍ਰੇਣੀ ਦਾ ਦਰਸਾਇਆ ਹੈ, ਜੋ ਹਮੇਸ਼ 'ਫਾਧੀ ਲਾਗੀ ਜਾਤਿ ਫਹਾਇਨਿ' ਅਰਥਾਤ ਆਪਣੀ ਜਾਤ ਨੂੰ ਹੀ ਕੜੁੱਕੀ ਵਿਚ ਫਸਾਂਦੇ ਹਨ। ਤੇ ਲੋਕੀਂ 'ਸ਼ਹਿਰ ਬਿਗਾਨੇ ਵਸੀਏ ਤੇ ਹਾਂ ਜੀ, ਹਾਂ ਜੀ, ਕਰੀਏ ।' ਦੀ ਨੀਤੀ ਨੂੰ ਵਰਤਦੇ ਹੋਇ ਪਤਾਲ ਵਿਚ ਨਿਘਰ ਗਏ ਹਨ। ਉਨ੍ਹਾਂ ਦਾ ਸ੍ਵੈਮਾਨ ਕੋਈ ਰਿਹਾ ਨਹੀਂ :—

'ਅੰਧੀ ਰਯਤ, ਗਿਆਨ ਵਿਹੂਣੀ, ਭਾਹਿ ਭਰੇ ਮੁਰਦਾਰ ।
ਗਿਆਨੀ ਨਚਹਿ, ਵਾਜੇ ਵਾਵਹਿ, ਰੂਪ ਕਰਹਿ ਸੀਗਾਰੁ ।'

ਲੋਕਾਂ ਨੇ ਹਾਕਮਾਂ ਦੀ ਨਕਲ ਉਤੇ ਆਪਣੀ ਬੋਲੀ ਵੀ ਬਦਲ ਲਈ ਹੈ :—

'ਘਰਿ ਘਰਿ ਮੀਆਂ ਸਭਨਾਂ ਜੀਆਂ, ਬੋਲੀ ਅਵਰ ਤੁਮਾਰੀ ।'

ਦੇਵਲ ਦੇਵਤਿਆਂ ਉਤੇ ਕਰ ਲਾ ਦਿੱਤਾ ਗਿਆ ਹੈ ਤੇ ਰਬ ਵੀ 'ਨੀਲ ਰੂਪ ਬਨਵਾਰੀ' ਦੀ ਸ਼ਕਲ ਧਾਰਨ ਕਰੀ ਬੈਠਾ ਹੈ, ਕਿਉਂਕਿ ਨੀਲ ਬਸਤ੍ਰ ਪਹਿਰਣ ਨਾਲ ਹੀ ਮਨੁੱਖ ਮੁਸਲਮਾਨੀ ਸਮਾਜ ਵਿਚ ਪ੍ਰਵਾਨ ਪੈਂਦਾ ਹੈ। ਖਤ੍ਰੀਆਂ ਨੇ ਆਪਣਾ ਧਰਮ ਛਡ ਦਿਤਾ ਹੈ ਤੇ ਮਲੇਛ-ਭਾਖਿਆ (ਪ੍ਰਦੇਸੀ ਬੋਲੀ) ਬੋਲਣ ਵਿਚ ਫ਼ਖ਼ਰ ਸਮਝਦੇ ਹਨ। ਰਸੋਈ ਤੇ ਖਾਨ-ਪਾਨ ਉਤੇ ਵੀ ਪ੍ਰਦੇਸੀ ਹਾਕਮਾਂ ਦਾ ਦਾਬਾ ਹੈ। 'ਅਭਾਖਿਆ ਦਾ ਕੁੱਠਾ ਬਕਰਾ' ਖਾਧਾ ਜਾਂਦਾ ਹੈ। ਅਜੇਹੇ ਅਣਖ-ਹੀਣ ਲੋਕਾਂ ਉਤੇ ਧੱਕਾ ਤਾਂ ਹੋਣਾ ਹੋਇਆ। ਇਨ੍ਹਾਂ ਲਈ :—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਲਬ ਅੰਧੇਰਾ ਬੰਦੀਖ਼ਾਨਾ, ਅਉਗਣ ਪੈਰ ਲੁਹਾਰੀ।
ਪੂੰਜੀ ਮਾਰ ਪਵੈ ਨਿਤ ਮੁਦਗਰ, ਪਾਪੁ ਕਰੈ ਕੋਟਵਾਰੀ।'

ਕੋਤਵਾਲ ਨੇ ਲੋਕਾਂ ਲਈ ਮਾਨੋਂ 'ਕਾਲੂ' ਦਾ ਰੂਪ ਧਾਰ ਲਿਆ ਹੈ। ਗ਼ੁਲਾਮੀ ਦਾ ਰਿਵਾਜ ਵੀ ਆਪਣੇ ਜੋਬਨ ਉਤੇ ਹੈ। ਗੁਰੂ ਨਾਨਕ ਨੇ :

'ਮੁੱਲ ਖ਼ਰੀਦੀ ਲਾਲਾ ਗੋਲਾ, ਮੇਰਾ ਨਾਂਉਂ ਸੁਭਾਗਾ।
ਗੁਰ ਕੀ ਬਚਨੀ ਹਾਟ ਬਿਕਾਨਾ, ਜਿਤ ਲਾਇਆ ਤਿਤ ਲਾਗਾ।'

ਜਾਂ, 'ਮਾ ਲਾਲੀ, ਪਿਉ ਲਾਲਾ ਮੇਰਾ ਹਉਂ ਲਾਲੇ ਕਾ ਜਾਇਆ।
ਲਾਲੀ ਨਾਚੇ, ਲਾਲਾ ਗਾਵੇ, ਭਗਤਿ ਕਰਉ ਹਰਿ ਰਾਇਆ।'

ਜਾਂ, 'ਰਾਮ ਹਮ ਸਤਿਗੁਰ ਲਾਲੇ ਕਾਂਢੇ।
ਹਮਰੈ ਮਸਤਕ ਦਾਗ ਦਗਾਨਾ, ਹਮ ਕਰਜ ਗੁਰੂ ਬਹੁ ਸਾਂਢੇ'

ਆਦਿਕ ਪ੍ਰਮਾਰਥਕ ਇਸ਼ਾਰਿਆਂ ਵਿਚ ਗ਼ੁਲਾਮੀ ਦੇ ਰਿਵਾਜ ਵਲ ਹੀ ਤਾਂ ਇਸ਼ਾਰਾ ਕੀਤਾ ਹੈ, ਜਿਸ ਵਿਚ ਗ਼ੁਲਾਮ ਦੇ ਮੱਥੇ ਉਤੇ ਦਾਗ਼ ਚਿਤਰ ਦਿਤਾ ਜਾਂਦਾ ਸੀ, ਉਹ ਨਚਦਾ, ਪਾਇਲਾਂ ਪਾਂਦਾ ਸੀ ਆਪਣੇ ਸੁਆਮੀ ਦੀ ਖ਼ੁਸ਼ੀ ਲਈ, ਤੇ ਜਿਤਨਾ ਉਹ ਮਾਲਕ ਦੀ ਆਗਿਆ ਵਿਚ ਚਲਦਾ ਸੀ, ਉਤਨਾ ਹੀ ਉਸ ਨੂੰ 'ਵਜੂਹੁ' (ਤਨਖ਼ਾਹ) ਚੋਖੀ ਮਿਲਦੀ ਸੀ, ਨਹੀਂ ਤਾਂ 'ਪਾਣਾ ਲਏ ਸਜਾਇ।'

ਅਜੇਹੇ ਸਮਾਜ ਵਿਚ ਨਿਰਧਨ ਦੀ ਕੀ ਪੁਛ ਹੋਣੀ ਹੋਈ :—

'ਨਿਰਧਨ ਆਦਰੁ ਕੋਈ ਨਾ ਦੇਇ।
ਲਾਖ ਜਤਨ ਕਰੈ, ਓਹੁ ਚਿਤਿ ਨਾ ਧਰੇਇ।
ਜਉ ਨਿਰਧਨ ਸਰਧਨ ਕੈ ਜਾਇ।
ਆਗੇ ਬੈਠਾ ਪੀਠਿ ਫਿਰਾਇ।'

ਸਾਵਣ ਦਾ ਚਿਰੀ-ਵਿਛੁੰਨਾ ਮੀਂਹ ਵਸਦਾ ਹੈ, ਤਾਂ ਜਿਥੇ ਰਸੀਏ ਘਰਾਂ ਦੀ ਨਿਘ ਮਾਣਦੇ ਹਨ, ਉਥੇ 'ਗਾਈ ਪੁਤਾਂ, ਨਿਰਧਨਾਂ, ਪੰਥੀ, ਤੇ ਚਾਕਰ' ਨੂੰ ਵਿਛੋੜਾ ਮਿਲਦਾ ਹੈ। ਗਏ ਹੋਣਗੇ ਬਾਹਰ ਕਿਤੇ ਕੰਮ ਧੰਧੇ ਦੀ ਤਲਾਸ਼ ਵਿਚ ਜੋ ਨਹੀਂ ਮਿਲਦਾ ਹੋਣਾ। ਪਰ ਜਿਸ ਦੇ ਪਲੇ ਧਨ ਹੈ, ਲੋਕਾਂ ਤੋਂ ਖੋਹਿਆ ਹੋਇਆ, ਜਾਂ ਜਿਨ੍ਹਾਂ ਨੇ ਇਸ ਲੁਟ ਖਸੁਟ ਨਾਲ ਸਮਝੌਤਾ ਕਰ ਕੇ 'ਮਹਿਦੂਦ' (ਪਟਾ) ਲਿਖਾ ਲਿਆ ਹੈ, ਉਹ ਟੇਢੀ ਚਾਲ ਤੁਰਦੇ ਹਨ :—

'ਮਨ ਦਸ ਨਾਜ ਟਕਾ ਚਾਰ ਗਾਂਠੀ, ਐਡੋ ਟੇਢੋ ਜਾਤ।
ਬਹੁਤੁ ਪ੍ਰਤਾਪੁ ਗਾਉਂ ਸਉ ਪਾਏ, ਦੁਇ ਲਖ ਟਕਾ ਬਰਾਤ।'

ਬਰਾਤ ਤੋਂ ਭਾਵ ਜਾਗੀਰ ਦਾ ਹੈ। ਜਾਗੀਰਦਾਰੀ ਦੇ ਯੁਗ ਵਿਚ ਇਹੀ ਹਾਲਤ ਹੋਣੀ ਸੀ। ਇਸੇ ਲਈ ਗੁਰੂ ਨਾਨਕ ਦੇਵ ਜੀ ਨੇ 'ਮਾਇਆਧਾਰੀ' ਨੂੰ 'ਅਤਿ ਅੰਨ੍ਹਾ ਬੋਲਾ'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਖਿਆ ਹੈ। ਉਤੋਂ ਬਾਣੀਆਂ, ਜੋ ਉਧਾਰ ਦੇ ਕੇ ਜ਼ਮੀਨ ਗਹਿਣੇ ਰਖ ਲੈਂਦਾ ਹੈ, 'ਬੈਠਾ ਕਢ ਵਹੀ' ਹੈ। ਲੇਖਾ ਮੰਗਣ ਆਉਂਦਾ ਹੈ, ਤਾਂ ਯਮ ਦਾ ਰੂਪ ਧਾਰ ਕੇ। ਲੇਖਾ ਮੰਗਣਾ ਬਾਣੀਏ ਦਾ ਇਵੇਂ ਹੈ ਜਿਵੇਂ ਨਰਕ ਵਿਚ ਪਾਪੀ ਦਾ ਤੱਤੇ ਤੇਲ ਵਿਚ ਸਾੜਿਆ ਜਾਣਾ ਜਾਂ 'ਤਿਲ ਪੀੜੇ ਜਿਉਂ ਘਾਣੀਆ'। ਇਸੇ ਲਈ 'ਨਾਲਿ ਕਿਰਾੜਾ ਦੋਸਤੀ' ਨੂੰ ਗੁਰੂ ਨਾਨਕ ਦੇਵ ਜੀ ਨੇ 'ਕੂੜੈ ਕੂੜੀ ਪਾਇ' ਆਖਿਆ ਹੈ। ਜਦ ਮਨੁਖੀ ਰਿਸ਼ਤੇ ਨਿਰੇ ਸਰਮਾਏ ਦੇ ਹੋਣ ਤਾਂ ਉਸ ਵਿਚ ਦੋਸਤੀ ਕੇਹੀ ? 'ਮਨਮੁਖ ਕਰਜ਼ ਚੜ੍ਹਿਆ ਬਿਖੁ ਭਾਰੀ।' ਅਜੇਹੀ ਲੈਣ ਦੇਣ ਹੁੰਦੀ ਹੈ, 'ਜਿਹ ਘਟੈ ਮੂਲੁ, ਨਿਤੁ ਬਢੈ ਬਿਆਜ।' ਇਨ੍ਹਾਂ ਮਨਮੁਖਾਂ ਦਾ ਆਪੋ ਵਿਚ ਨਿਰੋਲ 'ਮਾਇਆ ਕਾ ਸੰਬੰਧੁ ਹੈ।' ਇਸ ਅਵਸਥਾ ਵਿਚ ਪਿੰਡ ਉਜੜ ਰਹੇ ਹਨ, ਕਿਰਸਾਨ ਭੁਖ ਦੇ ਦੁਖੋਂ ਖੇਤੀਆਂ ਅਣਵਾਹੀਆਂ ਛਡ ਕੇ ਨਠ ਰਹੇ ਹਨ ਜਿਵੇਂ ਕਬੀਰ ਜੀ ਨੇ ਇਸ ਉਪਮਾ ਰਾਹੀਂ ਗਵਾਹੀ ਦਿਤੀ ਹੈ :—

> 'ਬਾਬਾ ਅਬ ਨਾ ਬਸਉ ਇਹ ਥਾਉਂ
> ਘਰੀ ਘਰੀ ਕਾ ਲੇਖਾ ਮਾਗੈ, ਕਾਇਥ ਚੇਤੂ ਨਾਉ।
> ....
> ਬਾਕੀ ਨਿਚਸੀ ਭਾਰੀ,
> ਪੰਚ ਕ੍ਰਿਸਾਨਵਾ ਭਾਗਿ ਗਏ, ਲੈ ਬਾਂਧਿਉ ਜੀਉ ਦਰਬਾਰੀ !'

ਆਰਥਕ ਅਵਸਥਾ ਲੁਟ-ਖਸੁਟ ਦੀ ਹੋਵੇ, ਤਾਂ ਸਮਾਜੀ, ਧਾਰਮਕ ਤੇ ਘਰੋਗੀ ਅਵਸਥਾ ਵੀ ਉਸੇ ਵਰਗੀ ਹੋ ਜਾਂਦੀ ਹੈ। ਇਹ ਤਾਂ ਕੁਦਰਤ ਦਾ ਅਟੱਲ ਨਿਯਮ ਹੈ ਕਿ ਆਰਥਕ ਅਵਸਥਾ ਹੀ ਬਹੁਤ ਕਰ ਕੇ ਕਿਸੇ ਸਮੇਂ ਦੇ ਹੋਰ ਸਮਾਜੀ ਰਿਸ਼ਤਿਆਂ ਦੀਆਂ ਕੀਮਤਾਂ ਘੜਦੀ ਹੈ। ਜਾਤ ਪਾਤ ਜ਼ੋਰਾਂ ਉਤੇ ਹੈ, ਹਿੰਦੀ ਸਮਾਜ ਬ੍ਰਾਹਮਣ, ਖਤਰੀ, ਵੈਸ਼ ਤੇ ਸ਼ੂਦਰ ਵਿਚ ਵੰਡਿਆ ਹੋਇਆ ਹੈ। ਬ੍ਰਾਹਮਣ ਦਾ ਧਾਰਮਕ ਜਬਰ ਸਭ ਉਤੇ ਹੈ, ਪਰ ਸ਼ੂਦਰ ਤਾਂ 'ਮੁਲ ਖ਼ਰੀਦੀ ਲਾਲੇ ਗੋਲੇ' ਤੋਂ ਵੀ ਬਹੁਤੀ ਘਟੀਆ ਬਿਵਸਥਾ ਵਿਚ ਵਿਚਰਦਾ ਹੈ। 'ਬ੍ਰਾਹਮਣ ਕੇ ਘਰ ਰਾਂਡੀ ਗਾਵੈ' ਤਕ ਨੌਬਤ ਆ ਗਈ ਹੈ। ਉਹ 'ਲੈ ਭਾੜ ਕਰੈ ਵੀਆਹੁ। ਕਢ ਕਾਗਲ ਦਸੈ ਰਾਹੁ'। ਜਜਮਾਨਾਂ ਪਾਸੋਂ ਦਖਣਾ ਉਗਰਾਹਿਆ ਜਾਂਦਾ ਹੈ। ਸ਼ੂਦਰਾਂ ਲਈ ਵੇਦ-ਪਾਠ ਕਰਨਾ ਵੀ ਮਨ੍ਹਾ ਹੈ, ਨਾਲੇ ਸੰਸਕ੍ਰਿਤ ਪੜ੍ਹਨਾ ਵੀ—'ਸੂਦ੍ਰ ਸਬਦੰ ਪ੍ਰਾਕ੍ਰਿਤਹ' ਸ਼ੂਦਰ ਪ੍ਰਾਕ੍ਰਿਤ (ਦੇਸ-ਬੋਲੀ) ਬੋਲਦੇ ਹਨ, ਬ੍ਰਾਹਮਣ ਵੇਦ-ਬੋਲੀ (ਸੰਸਕ੍ਰਿਤ), ਭਾਵੇਂ ਬਾਹਰ ਉਨ੍ਹਾਂ ਵੀ ਪ੍ਰਦੇਸੀ ਹਾਕਮਾਂ ਨੂੰ ਖ਼ੁਸ਼ ਕਰਨ ਲਈ 'ਸੰਜਮ ਤੁਰਕਾਂ ਭਾਈ' ਰਖਿਆ ਹੋਇਆ ਹੈ। ਧੋਤੀ ਤ੍ਰੇਹਰੀ ਕਖਾਈ ਬਧੀ ਹੈ, ਪਰ ਹੱਥ ਵਿਚ ਛੁਰੀ ਪਕੜ ਕਸਾਈ ਬਣੇ ਖੜੋਤੇ ਹਨ :—

> 'ਸਾਢੇ ਤ੍ਰੈ ਗਜ਼ ਧੋਤੀਆਂ, ਤ੍ਰੇਹਰੇ ਪਾਇਨਿ ਤਗੁ।
> ਓਇ ਹਰ ਕੇ ਸੰਤ ਨਾ ਆਖੀਅਨਿ, ਬਾਨਾਰਸ ਕੇ ਠਗ।' [ਕਬੀਰ]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀ ਬਨਾਰਸ ਠੱਗਾਂ ਲਈ ਮਸ਼ਹੂਰ ਸੀ ਜਾਂ ਲੁਟਦੇ ਸਾਧੂ ਪੁਜਾਰੀਆਂ ਨੂੰ ਹੀ ਠੱਗ ਆਖਿਆ ਗਿਆ ਹੈ ?

ਸ਼ੂਦਰਾਂ ਨੂੰ ਧਰਮ-ਮੰਦਰਾਂ ਵਿਚੋਂ ਮਾਰ ਮਾਰ ਕੇ ਉਠਾ ਦਿਤਾ ਜਾਂਦਾ ਹੈ :—

'ਸੂਦ ਸੂਦ ਕਰ ਮਾਰ ਉਠਾਰਿਓ,
ਕਹਾ ਕਰਉ ਬਾਪ ਬੀਠੁਲਾ ।' [ਨਾਮਦੇਵ]

ਇਸੇ ਲਈ ਇਨ੍ਹਾਂ ਧਾਰਮਕ ਜੋਕਾਂ ਤੇ ਚਿੱਚੜਾਂ, ਬਗਲਿਆਂ ਆਦਿ ਨੂੰ ਗੁਰੂ ਗ੍ਰੰਥ ਦੀ ਬਾਣੀ ਵਿਚ ਰਜ ਕੇ ਭੰਡਿਆ ਗਿਆ ਹੈ । ਕਬੀਰ ਨੇ ਤਾਂ ਬ੍ਰਾਹਮਣ ਨੂੰ ਇਹ ਵੀ ਪੁਛਿਆ ਹੈ :—

'ਜੌ ਤੂੰ ਬ੍ਰਾਹਮਣ ਬ੍ਰਾਹਮਣੀ ਜਾਇਆ ।
ਤਉ ਆਨ ਬਾਟ ਕਾਹੇ ਨਹੀਂ ਆਇਆ ?' [ਕਬੀਰ]

ਜੇ ਬ੍ਰਾਹਮਣ ਠੀਕ ਹੀ ਉੱਚੀ ਜਾਤ ਦਾ ਸੀ ਤਾਂ ਉਸ ਨੇ ਵੀ ਹੋਰ ਲੋਕਾਂ ਵਾਂਗ ਮਾਤਾ ਦੇ ਉਦਰ ਵਿਚੋਂ ਜਨਮ ਕਿਉਂ ਲਿਆ ? ਉਸ ਨੂੰ ਤਾਂ ਸਿੱਧਾ ਅਸਮਾਨ ਤੋਂ ਟਪਕਣਾ ਚਾਹੀਦਾ ਸੀ । ਇਸੇ ਲਈ ਕਬੀਰ ਦਾ ਖ਼ਿਆਲ ਹੈ ਕਿ ਇਨ੍ਹਾਂ ਨੇ ਆਪਣੀ ਜਾਤ ਤੇ ਫੋਕੇ ਚੁੰਚ ਗਿਆਨ ਦੇ ਅਭਿਮਾਨ ਵਿਚ ਹੀ ਮਰ ਮੁਕ ਜਾਣਾ ਹੈ ਤੇ ਜਿਨ੍ਹਾਂ ਨੂੰ ਇਹ ਮੂਰਖ ਤੇ ਸ਼ੂਦਰ ਆਖਦੇ ਹਨ, ਉਨ੍ਹਾਂ ਨੇ ਹੀ ਅੰਤ ਨੂੰ ਜੀਵਨ-ਮਨੋਰਥ ਨੂੰ ਪ੍ਰਾਪਤ ਕਰਨਾ ਹੈ :—

'ਕਬੀਰ ਕੋਠੀ ਕਾਠ ਕੀ, ਦਹਿਦਿਸ ਲਾਗੀ ਆਗਿ ।
ਪੰਡਿਤ ਪੰਡਿਤ ਜਲ ਮੂਏ, ਮੂਰਖ ਉਬਰੇ ਭਾਗਿ ।'

ਨੀਵੀਆਂ ਜਾਤਾਂ ਵਿਚ ਚੂੜ੍ਹੇ—ਸਭ ਤੋਂ ਵਧੀਕ ਸਾਡੇ ਲੰਮੇਰੇ ਜੀਵਨ ਦੇ ਜ਼ਿੰਮੇਵਾਰ—ਨੂੰ ਸਮਾਜ ਵਿਚ ਬਹੁਤ ਹੀ ਨੀਵਾਂ ਦਰਜਾ ਮਿਲਿਆ ਹੋਇਆ ਹੈ । ਸ਼ਾਇਦ ਇਸ ਲਈ, ਕਿ ਜੇ ਇਸ ਤੋਂ ਬਹੁਤੀ ਘ੍ਰਿਣਾ ਨਾ ਕੀਤੀ ਗਈ ਤੇ ਉਪਰਲੀਆਂ ਸ਼੍ਰੇਣੀਆਂ ਨਾਲ ਇਸਦਾ ਮੇਲਜੋਲ ਵਧਣ ਦਿਤਾ ਗਿਆ ਤਾਂ ਮਤਾਂ ਇਹ ਆਪਣੇ ਨੀਵੇਂ ਕੰਮ ਤੋਂ ਘ੍ਰਿਣਤ ਹੋ ਕੇ ਕਿਤੇ ਉਸ ਨੂੰ ਛਡ ਹੀ ਨਾ ਦੇਵੇ :—

'ਲੱਬ ਕੁੱਤਾ, ਕੂੜ ਚੂਹੜਾ, ਠੱਗ ਖਾਧਾ ਮੁਰਦਾਰ ।'

ਪੁਨਾ :

'ਕੁਬੁਧ ਡੂੰਮਣੀ, ਕੁਦਇਆ ਕਸਾਇਣ,
ਪਰ ਨਿੰਦਾ ਘਟ ਚੂਹੜਾ ।
ਮੁਠੀ ਮੈ ਕ੍ਰੋਧ ਚੰਡਾਲ ।
ਕਾਰੀ ਕਢੀ ਕਿਆ ਥੀਐ, ਜਾ ਚਾਰੇ ਬੈਠੀਆਂ ਨਾਲ ।'

ਜ਼ਿੰਦਗੀ ਦੀ ਵਡੀ ਤੋਂ ਵਡੀ ਤਬਦੀਲੀ ਇਹੀ ਹੈ, ਜੁ

'ਅਧਮ ਚੰਡਾਲੀ ਭਈ ਬ੍ਰਾਹਮਣੀ, ਸੂਦੀ ਤੇ ਸ੍ਰੇਸਟਾਰੀ ਰੇ ।'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਜਾਤ ਤੇ ਜਨਮ-ਅਭਿਮਾਨ ਦੇ ਵਿਰੁਧ ਗੁਰੂ ਗ੍ਰੰਥ ਦੀ ਰਚਨਾ ਵਿਚ ਬਹੁਤ ਜੋਸ਼ ਤੇ ਗਰਮੀ ਨਾਲ ਲਿਖਿਆ ਮਿਲਦਾ ਹੈ। ਜਿਵੇਂ ਗੁਰੂ ਨਾਨਕ ਦੇਵ ਜੀ ਨੇ ਰਾਗ ਤਿਲੰਗ ਵਿਚ ਫ਼ੁਰਮਾਇਆ ਹੈ :

'ਕੇਸਰ, ਕੁਸਮ, ਮਿਰਗਮੈ ਹਰਣਾ, ਸਰਬ ਸਰੀਰੀ ਚੜ੍ਹਣਾ।
ਚੰਦਨ ਭਗਤਾਂ ਜੋਤਿ ਇਨੇਹੀ, ਸਰਬੇ ਪਰਮਲ ਕਰਣਾ।
ਘਿਅ ਪਟ ਭਾਂਡਾ ਕਹੈ ਨਾ ਕੋਇ।
ਐਸਾ ਭਗਤ ਵਰਣ ਮਹਿ ਹੋਇ।'

ਕੇਸਰ, ਫੁਲ ਜਾਂ ਕਸਤੂਰੀ ਦੀ ਕੀ ਜਾਤ ਹੈ, ਜੋ ਸਾਰੇ ਉਨ੍ਹਾਂ ਨੂੰ ਵਰਤਦੇ ਹਨ? ਕੀ ਜਾਤ ਹੈ ਰੇਸ਼ਮ ਦੀ ਜਾਂ ਘਿਓ ਦੀ? ਚੰਦਨ ਨਾਲ ਜਿਹੜਾ ਲਗੇ ਉਹੀ ਚੰਦਨ ਹੋ ਜਾਂਦਾ ਹੈ ਬਿਨਾਂ ਵਰਣ, ਕੁਲ, ਜਾਤ ਦੇ ਵਿਤਕਰੇ ਦੇ। ਸਭਨਾਂ ਜੀਆਂ ਉਤੇ ਇਕ 'ਰਬ ਦੀ ਛਾਉਂ ਹੈ।' ਬਾਕੀ ਸਭ 'ਫਕੜ ਜਾਤੀ, ਫਕੜ ਨਾਉਂ' ਹੈ। ਜਿਵੇਂ ਚੂਨਾ ਤੇ ਹਲਦੀ ਮਿਲ ਕੇ ਦੋਵੇਂ ਆਪਣਾ ਰੰਗ ਗੁਆ ਕੇ ਇਕੋ ਸੂਹੇ ਰੰਗ ਵਿਚ ਰੰਗੇ ਜਾਂਦੇ ਹਨ, ਇਵੇਂ ਹੀ ਰਬ ਦੇ ਰੰਗ ਵਿਚ ਰਤੇ, ਭਾਵੇਂ ਉਹ ਕਿਸੇ ਜਾਤ ਜਮਾਤ ਦੇ ਹੋਣ :—

'ਕਬੀਰ, ਹਰਦੀ ਪੀਅਰੀ, ਚੂਨਾ ਊਜਲ ਭਾਇ।
ਰਾਮ ਸਨੇਹੀ ਤਉ ਮਿਲੈ, ਦੋਨਉ ਬਰਨ ਗਵਾਇ।'

ਇਸ ਜਾਗੀਰਦਾਰੀ ਸਮਾਜ ਵਿਚ ਰਾਜਸੀ ਜਾਂ ਧਾਰਮਕ ਜਬਰ ਹੀ ਨਹੀਂ ਹੋ ਰਿਹਾ, ਇਹ ਜਬਰ ਘਰੋਗੀ ਜੀਵਨ ਨੂੰ ਵੀ ਆਪਣੀ ਲਪੇਟ ਵਿਚ ਲੈ ਚੁਕਾ ਹੈ :—

'ਰੰਨਾਂ ਹੋਈਆਂ ਬੋਧੀਆਂ, ਪੁਰਖ ਹੋਏ ਸਈਆਦ।'

ਇਸਤ੍ਰੀਆਂ ਮੂਰਖ ਰਖੀਆਂ ਜਾਂਦੀਆਂ ਹਨ ਤਾਂ ਜੁ ਪੁਰਸ਼ ਉਨ੍ਹਾਂ ਦਾ ਸ਼ਿਕਾਰ ਸਹਿਜੇ ਹੀ ਕਰ ਸਕਣ। ਇਸਤ੍ਰੀ ਬਿਗਾਨਿਆਂ ਦੇ ਸਾਹਮਣੇ ਆਪਣੇ ਪਤੀ ਦਾ ਮੂੰਹ ਵੀ ਨਹੀਂ ਵੇਖ ਸਕਦੀ, ਜਾਂ ਖ਼ਬਰੇ ਬਿਗਾਨਿਆਂ ਤੋਂ ਬਚਾਣ ਲਈ ਹੀ ਇਹ ਪਾਬੰਦੀ ਲਗੀ ਹੋਈ ਹੈ :—

'ਜਉ ਸੁਰਜਨ ਗ੍ਰਿਹਿ ਭੀਤਰਿ ਆਇਓ,
ਤਬ ਮੁਖ ਕਾਜਿ, ਲਜੋ।'

ਕਬੀਰ ਨੇ ਇਸ ਦੇ ਵਿਰੁਧ ਵੀ ਬਲਵਾਨ ਆਵਾਜ਼ ਉਠਾਈ ਹੈ :

'ਰਹੁ ਰਹੁ ਰੀ ਬਹੁਰੀਆ, ਘੂਘਟ ਜਿਨ ਕਾਢੈ।
ਅੰਤ ਕੀ ਬਾਰ ਲਹੈਗੀ ਨਾ ਆਢੈ।'

ਇਸਤ੍ਰੀ ਨੂੰ ਆਪਣੇ ਮਰਦ ਦੀ ਮੌਤ ਉਤੇ ਚਾਹੇ ਅਣਚਾਹੇ ਉਸ ਦੇ ਨਾਲ ਹੀ ਸਤੀ ਹੋਣਾ ਪੈਂਦਾ ਹੈ। ਗੁਰੂ ਅਮਰਦਾਸ ਜੀ ਨੇ ਇਸ ਦੀ ਅਤਿਅੰਤ ਨਖੇਧੀ ਕੀਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ । ਉਹ ਸਤੀ ਕੇਹੀ, ਜਿਹੜੀ ਮੜ੍ਹੀ ਉਤੇ ਜਬਰ ਨਾਲ ਸੜ ਕੇ ਮਰੇ, ਸਤੀ ਤਾਂ ਉਹ ਹੈ, ਜੋ ਬਿਰਹਾ ਦੀ ਚੋਟ ਨਾਲ--ਜੇ ਉਸਦਾ ਇਸ਼ਕ ਆਪਣੇ ਪਤੀ ਲਈ ਸੱਚਾ ਹੈ—ਪ੍ਰਿਅ ਦੀ ਮੌਤ ਦਾ ਸੁਣ ਕੇ ਹੀ ਪ੍ਰਾਣ ਤਿਆਗ ਦੇਵੇ । ਦੂਜੇ ਪਾਸੇ, ਗੁਰੂ ਗ੍ਰੰਥ ਸਾਹਿਬ ਵਿਚ 'ਪਰਵੇਲਿ' (ਪਰਾਈ ਇਸਤ੍ਰੀ) ਨੂੰ ਨਾ ਛੇੜਨ ਵਾਲਾ ਹੀ ਕੰਤ ਪ੍ਰਵਾਨ ਹੈ, ਭਾਵੇਂ ਸਾਰੇ ਸੰਸਾਰ ਦੀ ਫੁਲਵਾੜੀ ਵਿਚ ਵੀ ਉਸ ਨੂੰ ਬਿਠਾ ਦਿਓ । ਪਰ ਜਿਥੇ ਅਮੀਰੀ ਹੈ, ਉਥੇ 'ਅਨਿਕ ਇਸਤ੍ਰੀਆਂ' ਆ ਬੈਠੀਆਂ ਹਨ । 'ਸਉਕਨਿ ਘਰ ਕੀ ਕੰਤ ਤਿਆਗੀ', ਦਾ ਰੂਪਕ ਵੀ ਇਸ ਇਕ ਤੋਂ ਵਧੀਕ ਇਸਤ੍ਰੀਆਂ ਵਲ ਹੀ ਇਸ਼ਾਰਾ ਕਰਦਾ ਹੈ ਤੇ 'ਬਾਪ ਸਾਬਕਾ (ਸਕੋਆ) ਕਰੇ ਲੜਾਈ,' ਇਸਤ੍ਰੀ ਦੇ ਦੂਜਾ ਪਤੀ ਵਿਆਹੁਣ ਦਾ ਹੀ ਤਾਂ ਚਿੰਨ੍ਹ ਹੈ । ਇਕ ਇਸਤ੍ਰੀ ਮਰਨ ਤੋਂ ਪਿਛੋਂ ਤਾਂ ਦੂਜੇ ਵਿਆਹ ਦਾ ਰਿਵਾਜ ਆਮ ਹੈ—'ਭੰਡ ਮੁਆ, ਭੰਡ ਭਾਲੀਐ', ਪਰ ਵਿਧਵਾ-ਵਿਆਹ ਦੀ ਕਰੜੀ ਮਨਾਹੀ ਹੈ ਜਿਸ ਦੇ ਕਾਰਨ 'ਵਿਧਵਾ ਆਪਣਾ ਤਨ ਪਰ ਕੋ ਦੇਈ' ਉਤੇ ਮਜਬੂਰ ਹੋ ਕੇ ਵੇਸਵਾ ਦਾ ਰੂਪ ਧਾਰਨ ਕਰੀ ਬੈਠੀ ਹੈ । ਕੰਤ ਤੋਂ ਵਿਛੜੀ ਹੋਈ ਜਾਂ ਛਡੀ ਹੋਈ 'ਦੁਹਾਗਣ' ਦਾ ਜੀਵਨ ਵੀ ਬੜਾ ਹੀ ਨਰਕੀਲਾ ਹੈ, 'ਮੈਲੇ ਵੇਸ ਤਿਨਾ ਕਾਮਣੀ, ਦੁਖੀ ਰੈਣਿ ਵਿਹਾਇ ਜੀਉ !' ਉਹ ਕੁਚਲ, ਕੁਰੂਪ, ਕੁਨਾਰ, ਕੁਲੱਖਣੀ ਹੈ, ਜਿਸ ਨੇ ਪਿਰ ਦਾ ਸਹਿਜ ਨਹੀਂ ਮਾਣਿਆ, ਜਿਵੇਂ ਸੁਹਾਗਣ ਦਾ ਖ਼ੁਸ਼ਬੂਆਂ ਵੇੜ੍ਹਿਆ, ਜ਼ੇਵਰਾਂ-ਲੱਦਿਆ, ਸਰਬ-ਸ਼ਿੰਗਾਰਿਆ, ਨਿਸਲ, ਸੇਜ-ਸੁਤਾ ਹੈ, ਪਰ ਸੁਹਾਗਣ ਕੌਣ ਹੈ ? ਜੋ 'ਮਿਠਾ ਬੋਲਹਿ, ਨਿਵ ਚਲਹਿ' 'ਖਸਮ ਪਛਾਣਹਿ ਆਪਣਾ, ਤਨ ਮਨ ਆਗੇ ਦੇਇ ।' ਪੁਤ੍ਰਵੰਤੀ ਹੋਵੇ, ਸੀਲਵੰਤ, ਰੂਪਵੰਤ, ਹਿਰਨਾਖੀ, ਨੈਨ-ਸਲੋਨੀ, ਸੁਘੜ, ਆਚਾਰਵੰਤਿ, ਬੜੀ ਸੁਲੱਖਣੀ, ਵਡੀ ਕੁਲ ਵਾਲੀ, ਆਗਿਆਕਾਰੀ, ਸੰਤੋਖੀ, ਸਾਂਝੇ ਪ੍ਰਵਾਰ ਨਾਲ ਮਿਲ ਕੇ ਤੁਰਨ ਵਾਲੀ, ਕਸੀਦਾ ਕੱਢ ਕੇ ਚੋਲੀ ਪਹਿਨਣ ਵਾਲੀ, ਘਰ ਨੂੰ ਸੰਭਾਲ ਕੇ ਰਖਣ ਵਾਲੀ, 'ਬਹੁ ਰਸ ਸਾਲਣੇ ਸਵਾਰਣ' ਵਾਲੀ, ਭਾਵੇਂ 'ਰੂਖੋ ਭੋਜਨ, ਭੂਮਿ ਸੈਨ' ਵੀ ਮਿਲੇ । ਕੰਵਾਰੀ ਕੰਨਿਆਂ ਲਈ ਜਾਂ ਉਸ ਲਈ ਜਿਸ ਦਾ ਪਿਰ ਪਰਦੇਸ ਹੋਵੇ, ਸ਼ਿੰਗਾਰ ਕਰਨਾ ਪਾਪ ਗਿਣਿਆ ਜਾਂਦਾ ਸੀ । ਮਰਦ ਵੀ ਜਿਹੜਾ ਘਰ ਦੀ ਨਾਰ ਤਿਆਗ ਕੇ ਪਰ ਨਾਰੀ ਨਾਲ ਧੰਦਾ ਘਾਲਦਾ ਹੈ ਉਹ ਇਵੇਂ ਹੈ, ਜਿਵੇਂ ਸਿੰਬਲ ਦੇ ਰੁਖ ਉਤੇ ਕੂੜੀ ਆਸ ਧਾਰ ਕੇ ਆਣ ਬੈਠਾ ਤੋਤਾ । ਪਰ ਥਾਉਂ ਥਾਈਂ ਜੜ੍ਹੇ ਇਸ਼ਾਰਿਆਂ ਤੋਂ ਪਤਾ ਲਗਦਾ ਹੈ ਕਿ ਓਦੋਂ ਦੇ ਸਮਾਜ ਵਿਚ ਇਹ ਆਦਰਸ਼ ਉੱਕਾ ਹੀ ਭੁਲਾ ਦਿਤਾ ਗਿਆ ਸੀ । ਮਰਦ ਦੇ ਪਾਸ ਆਰਥਕ ਸਰਦਾਰੀ ਹੋਣ ਕਰ ਕੇ ਇਸਤ੍ਰੀ ਜਾਤੀ ਦੀ ਅਧੋਗਤੀ ਹੁੰਦੀ ਸੀ, ਕੁੜੀਆਂ ਨੂੰ ਮਾਰ ਦਿਤਾ ਜਾਂਦਾ ਸੀ, ਵੇਚਿਆ ਜਾਂਦਾ ਸੀ, ਨਿੰਦਿਆ ਜਾਂਦਾ ਸੀ, ਇਸੇ ਲਈ ਗੁਰੂ ਨਾਨਕ ਦੇਵ ਜੀ ਨੂੰ ਕਹਿਰਵਾਨ ਹੋ ਕੇ ਆਖਣਾ ਪਿਆ :—

'ਸੋ ਕਿਉਂ ਮੰਦਾ ਆਖੀਐ, ਜਿਤ ਜੰਮੇ ਰਾਜਾਨ ।'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸਤ੍ਰੀਆਂ ਦੀ ਇਸ ਅਧੋਗਤੀ ਦੀ ਹਾਲਤ ਵਿਚ ਸਾਂਝਾ ਘਰੋਗੀ ਜੀਵਨ ਕਿਵੇਂ ਤੁਰਦਾ ? ਟੱਬਰ ਅਜੇ ਸਾਂਝੇ ਹਨ, ਦੇਵਰ, ਜੇਠ, ਸੱਸ, ਨਨਾਣ ਆਦਿਕ ਦੇ ਨਾਲ ਹੀ ਇੱਕੋ ਛੱਤ ਹੇਠ ਵਿਆਹੇ ਜੋੜੇ ਰਹਿੰਦੇ ਹਨ, (ਜਿਸ ਨੂੰ ਆਦਿ ਗ੍ਰੰਥ ਵਿਚ ਘਰੋਗੀ ਜੀਵਨ ਦਾ ਆਦਰਸ਼ ਮੰਨਿਆਂ ਗਿਆ ਹੈ) ਪਰ ਜਦ ਬਾਹਰ ਦੇ ਸਾਰੇ ਰਿਸ਼ਤੇ ਖੋਹੀ ਮੋਹੀ, ਆਪਾ ਧਾਪੀ ਤੇ ਕਲਹ ਕਲੇਸ਼ ਨਾਲ ਤ੍ਰੋੜੋ ਤ੍ਰੋੜ ਹੋਇ ਪਏ ਹੋਣ, ਤਾਂ ਘਰੋਗੀ ਜੀਵਨ ਕਿਵੇਂ ਸਲਾਮਤੀ ਵਿਚ ਬਚਿਆ ਰਹਿੰਦਾ ? ਸਸਾਂ-ਨੂੰਹਾਂ ਦੀ ਨਹੀਂ ਬਣਦੀ, ਦੇਵਰ ਜੇਠ ਨਵੀਂ ਵਿਆਂਹਦੜ ਨੂੰ ਲੂੰਹਦੇ ਹਨ, ਸਹੁਰਾ ਵੀ ਝਗੜਾਲੂ ਹੈ :–

'ਸਸ ਵਿਰਾਇਣ ਨਾਨਕ ਜੀ, ਸਸੁਰਾ ਵਾਦੀ,
ਜੇਠ ਪਉ ਪਉ ਲੂਹੇ ।'

ਸੱਸ ਤਾਂ ਖ਼ਾਸ ਕਰ ਕੇ ਮਾੜੀ ਹੈ :—

'ਸਾਸ ਬੁਰੀ, ਘਰਿ ਵਾਸੁ ਨਾ ਦੇਵੈ,
ਪਿਰ ਸਿਉ ਮਿਲਣ ਨਾ ਦੇਇ ਬੁਰੀ ।'

ਅੰਤ ਟੱਬਰ ਦੀ ਸਾਂਝੀ ਘਰੋਗੀ ਜ਼ਿੰਦਗੀ ਟੁੱਟ ਕੇ ਹੀ ਰਹਿੰਦੀ ਹੈ :—

'ਸਸੂ ਤੇ ਪਿਰਿ ਕੀਨੀ ਵਾਖਿ ।
ਦੇਰ ਜਿਠਾਣੀ ਮੂਈ ਦੂਖ ਸੰਤਾਪ ।
ਘਰ ਕੇ ਜਿਠੇਰੇ ਕੀ ਚੂਕੀ ਕਾਣਿ ।'

ਇਵੇਂ ਹਰ ਥਾਂ, 'ਹਰ ਕੋਈ ਆਪਣੇ ਆਪ ਲਈ, ਤੇ ਰੱਬ ਸਾਡੇ ਸਾਰਿਆਂ ਲਈ', ਸਮਾਜੀ ਜੀਵਨ ਦਾ ਆਧਾਰ ਬਣ ਗਿਆ ਹੈ । ਅਜੇਹੇ ਸਮਾਜ ਵਿਚ ਕਲਾ-ਕੌਸ਼ਲ ਨੇ ਵੀ ਕੀ ਵਧਣਾ ਫੁਲਣਾ ਹੋਇਆ ? ਹੁਨਰ ਉਸੇ ਹਦ ਤਕ ਤੇ ਉਹੋ ਜਿਹਾ ਹੀ ਉਪਜਦਾ ਹੈ, ਜਿਹੜਾ ਰੋਟੀ ਦੇਵੇ :—

'ਘੂੰਘਰ ਬਾਧਿ ਭਏ ਰਾਮਦਾਸਾ, ਰੋਟੀਅਨ ਕੇ ਓਪਾਵਾ ।'

ਇਸੇ ਤਰ੍ਹਾਂ ਰਾਜੇ-ਰਾਣੀਆਂ ਦੇ ਸ੍ਵਾਂਗ ਭਰਨੇ, ਰਾਮ-ਸੀਤਾ, ਗੋਪੀ-ਕਾਨ੍ਹ ਦੀਆਂ ਝਾਕੀਆਂ ਕਢਣੀਆਂ, ਸਜ ਧਜ ਨਾਲ ਨੱਚਣਾ, ਗਾਉਣਾ, ਲੋਕਾਂ ਨੂੰ ਹਸਾਉਣ ਲਈ ਸਿਰ ਵਿਚ ਸੁਆਹ ਪਾਉਣੀ ਤੇ ਧਰਤੀ ਨਾਲ ਆਪਣੇ ਆਪ ਨੂੰ ਪਛਾੜਨਾ ਸਭ 'ਰੋਟੀਆਂ ਕਾਰਨ ਪੂਰੇ ਤਾਲ' ਬਣ ਗਿਆ ਹੈ । ਇਕ ਥਾਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਨਾਟਸ਼ਾਲਾ (ਥੀਏਟਰ-ਹਾਊਸ) ਦਾ ਵੀ ਵਰਨਣ ਆਇਆ ਹੈ,

'ਅੰਤਰਿ ਕ੍ਰੋਧੁ, ਪੜਹਿ ਨਾਟਸਾਲਾ ।'

[ਬਿਲਾਵਲ ਅਸ਼ਟਪਦੀਆਂ]

ਕਬੀਰ ਨੇ ਰੱਬ ਨੂੰ ਇਕ ਚਿਤ੍ਰਕਾਰ ਨਾਲ ਉਪਮਾ ਦਿਤੀ ਹੈ । ਇੱਕ ਥਾਂ ਚਿਤਰ-ਸ਼ਾਲਾ ਦਾ ਵੀ ਜ਼ਿਕਰ ਆਇਆ ਹੈ, ਪਰ ਚਿਤ੍ਰਕਾਰੀ ਦਾ ਉਸੇ ਤਰ੍ਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੋਕ ਜੀਵਨ ਦਾ ਭਾਗ ਹੋਣਾ, ਜਿਵੇਂ ਨੱਚਣਾ ਤੇ ਗਾਉਣਾ, ਕਿਸੇ ਵੀ ਆਦਿ ਗ੍ਰੰਥ ਦੇ ਕਵੀ ਨੇ ਨਹੀਂ ਦਰਸਾਇਆ, ਸਿਵਾਏ ਕੰਧਾਂ ਦੀ ਨੱਕਾਸ਼ੀ ਦੇ, ਜਿਹੜੀ ਅਮੀਰਾਂ ਦੇ ਮਹਿਲਾਂ ਦੇ ਬਾਹਰ ਕੀਤੀ ਹੁੰਦੀ ਸੀ—'ਬਾਹਰੋਂ ਚਿਤਵੀਆਂ।'

ਅਜੇਹੇ ਸਮਾਜ ਵਿਚ ਜਿਥੇ ਲੁਕਾਈ ਨੂੰ ਰਾਜੇ, ਮੁਕੱਦਮ, ਸਿਕਦਾਰ, ਕੋਤਵਾਲ, ਜਾਗੀਰਦਾਰ, ਪਟਵਾਰੀ, ਬਾਣੀਏ ਤੇ ਸ਼ਾਹ ਵਢ ਵਢ ਖਾਂਦੇ ਹੋਣ, ਹੁਨਰਾਂ ਦੀ ਬੇ-ਕਦਰੀ ਹੋਵੇ, ਤੀਵੀਂ ਮਰਦ ਦੀ ਹਥ-ਬਧੀ ਬਾਂਦੀ ਹੋਵੇ, ਗ਼ੁਲਾਮ ਵਿਕਦੇ ਹੋਣ, ਸਾਂਝੀ ਜ਼ਿੰਦਗੀ ਟੱਬਰ ਦੀ, ਜਾਤੀ ਦੀ, ਇਥੋਂ ਤਕ ਕਿ ਧਰਮ ਦੀ ਜਜ਼ਬਾਤੀ ਤੇ ਰੂਹਾਨੀ ਵੀ ਕੋਈ ਰਹੀ ਨਾ ਹੋਵੇ ਤੇ ਜੀਵਨ ਜੀਊਣ ਦੇ ਮੌਕੇ ਨਾ-ਬਰਾਬਰੀ ਉਤੇ ਨਿਰਭਰ ਹੋਣ, ਉਥੇ ਸੁਖ ਇਸੇ ਵਿਚ ਸਮਝਿਆ ਗਿਆ, ਕਿ ਦੁਨੀਆ ਨੂੰ ਛਲਾਵਾ ਜਾਣ ਕੇ ਤਿਆਗ ਦਿਤਾ ਜਾਵੇ। ਉਪਜੀਵਕਾ ਹਾਸਲ ਕਰਨ ਲਈ ਵੇਸ ਕਿਸੇ ਨਾ ਕਿਸੇ ਭੇਖ ਦਾ ਧਰਿਆ ਜਾਵੇ ਤੇ ਉਸ ਦੀ ਰਾਹੀਂ ਲੋਕਾਂ ਨੂੰ ਕਰਾਮਾਤ ਦਾ ਲਾਲਚ ਜਾਂ ਸਰਾਪ ਦਾ ਡਰ ਦੇ ਕੇ ਮੁੱਛਿਆ ਜਾਵੇ। ਇਹੋ ਜਿਹੇ ਭੇਖਾਂ ਦੀ ਨਿੰਦਿਆ ਬੜੀ ਕਰੜਾਈ ਤੇ ਕਹਿਰ ਨਾਲ ਗੁਰੂ ਗ੍ਰੰਥ ਵਿਚ ਕੀਤੀ ਗਈ ਹੈ, ਪਰ ਜਿਸ ਤਰ੍ਹਾਂ ਭੇਖਧਾਰੀ ਲੋਕਾਂ ਦੇ ਜੀਵਨ ਵਿਚ ਭਰਮਾਂ ਦੀ ਜ਼ਹਿਰ ਘੋਲ ਰਹੇ ਸਨ, ਉਹ ਹੇਠ ਲਿਖੇ ਕੁਝ ਕੁ ਬਚਨਾਂ ਤੋਂ ਪ੍ਰਗਟ ਹੋ ਜਾਵੇਗਾ :—

੧. ਅਖੀਂ ਤ ਮੀਟਹਿ, ਨਾਕ ਪਕੜਹਿ,
ਠਗਣ ਕਉ ਸੰਸਾਰ।

੨. ਮੋਨਿ ਭਇਓ, ਕਰਪਾਤੀ ਰਹਿਓ,
ਨਗਨ ਫਿਰਿਓ ਬਨ ਮਾਹੀ,

੩. ਪੂਜਾ ਅਰਚਾ ਬੰਧਨ ਡੰਡਉਤ,
ਖਟੁ ਕਰਮਾ ਰਹੁ ਰਹਤਾ।

੪. ਹਾਥ ਕਮੰਡਲ ਕਾਪੜੀਆ।

੫. ਮੂੰਡ ਮੁੰਡਾਇ, ਜਟਾ ਸਿਖ ਬਾਧੀ।

੬. ਘੋਲੀ ਗੇਰੂ ਰੰਗ ਚੜ੍ਹਾਇਆ।

੭. ਰਹੇ ਬੇਬਾਣੀ, ਮੜ੍ਹੀ ਮਸਾਣੀ।
ਅਲ ਮਲ ਖਾਈ, ਸਿਰ ਛਾਈ ਪਾਈ।

੮. ਕਾਪੜ ਛੋਡੇ ਚਮੜ ਲੀਏ।

੯. ਖਲੜੀ, ਖਪਰੀ, ਲਕੜੀ, ਚਮੜੀ,
ਸਿਖਾ ਸੂਤ ਧੋਤੀ ਕੀਨੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਤੋਂ ਬਿਨਾਂ ਸੰਨਿਆਸੀਆਂ ਦੇ ਦਸ ਫ਼ਿਰਕੇ ਤੇ ਜੋਗੀਆਂ ਦੇ ਬਾਰਾਂ; ਖਿੰਥਾ, ਝੋਲੀ, ਮਿਰਗਾਣੀ, ਡੰਡਾ, ਫਾਹੁਰੀ, ਬਿਭੂਤ, ਧੂਣੀ, ਤਾੜੀ, ਮੁੰਦਰਾਂ ਦੇ ਭੇਖ ਵਿਚ ਫਾਥੇ ਚਉਰਾਸੀ ਆਸਣਾਂ ਦੇ ਉਸਤਾਦ; ਕੁਸ਼ਾ ਦਾ ਛੱਲਾ ਪਾਣ ਵਾਲੇ, ਇਕੋ ਲੰਗੋਟੀ ਦੇ ਧਾਰਨੀ, ਨਿਉਲੀ ਕਰਮ ਕਰਨ ਵਾਲੇ, ਬਨਵਾਸੀ, ਮੋਨੀ, ਅਵਧੂਤ, ਭਗੌਤੀ, ਅਠਸਠ ਤੀਰਥਾਂ ਦੇ ਨਿਵਾਸੀ, ਅੰਨ-ਤਜ ਕੇ ਉਦਾਸੀ ਵਿਚ ਵਿਚਰਨ ਵਾਲੇ ਦੂਧਾਧਾਰੀ, ਤਾਂਤ੍ਰਿਕ ਮਤ ਦੇ ਅਨਿਆਈ, ਰਿਧੀਆਂ ਸਿਧੀਆਂ ਦੀ ਮਨੌਤ ਮੰਨਣ ਵਾਲੇ, ਜੋਤਸ਼ੀ, ਜੰਗਮ, ਕੰਨ-ਪਾਟੇ, ਜੋਧ, ਜਤੀ, ਬ੍ਰਹਮਚਾਰੀ, ਨਾਂਗੇ, ਪੈਰੋਂ ਵਾਹਣੇ, ਧੋਤੀ ਕਖਾਈ ਬੰਨ੍ਹਣ ਵਾਲੇ, ਜਿਨ੍ਹਾਂ ਦੇ ਗਲ ਵਿਚ ਤ੍ਰੋਹਰੇ ਜਨੇਊ ਹਨ ਤੇ ਇਕ ਹੱਥ ਵਿਚ ਲੋਟਾ ਤੇ ਦੂਜੇ ਹੱਥ ਮਾਲਾ ਹੈ; ਸਰੇਵੜੇ, ਮੈਲਾ ਪਾਣੀ ਪੀਣ ਵਾਲੇ, ਜੂਠਾ ਮੰਗ ਮੰਗ ਕੇ ਖਾਣ ਵਾਲੇ, ਸਿਰ-ਖੁਥੇ, ਫ਼ਦੀਹਤ (ਵਿਸ਼ਟੇ) ਨੂੰ ਫੋਲ ਫੋਲ ਵਿਚੋਂ ਕੀੜੇ ਕਢਣ ਵਾਲੇ, ਲੱਕ ਨਾਲ ਕਾਸਾ ਹੱਥ ਫੂਮਣ ਨਾਲ ਬੱਧੇ ਟੋਲੀਆਂ ਬੰਨ੍ਹ ਕੇ ਅੱਗੇ ਪਿੱਛੇ ਤੁਰਦੇ; ਚਾਰ ਵੇਦ ਤੇ ਖਟ-ਸ਼ਾਸਤ੍ਰ ਨੂੰ ਵਿਚਾਰਨ ਵਾਲੇ, ਵਰਤ ਨੇਮ, ਪੂਜਾ, ਤਿਲਕ, ਤੀਰਥ-ਹੋਮ, ਯਗ, ਪਿਤਰਾਂ ਦੇ ਪਿਛੋਂ ਦਾਨ ਕਰਨ, ਇਸ਼ਨਾਨ ਕਰਨ ਵਾਲੇ ਗ੍ਰਿਹਸਤੀ, ਮੂਰਤੀ-ਪੂਜਕ, ਸੁੰਨ-ਸਮਾਧੀ ਵਿਚ ਲੀਨ, ਵਣਖੰਡ ਵਿਚ ਵਿਚਰਦੇ, ਕੰਦਮੂਲ ਚੁਣ ਕੇ ਖਾਣ ਵਾਲੇ, ਲਕੜੀ ਧੋ ਕੇ ਬਾਲਣ ਵਾਲੇ, ਚੁਲ੍ਹਾ ਧਰਤੀ ਦੇ ਉਪਰ ਦੀ ਥਾਂ ਧਰਤੀ ਦੇ ਵਿਚ ਖੁਣਨ ਵਾਲੇ, ਚਉਕੇ ਦੀਆਂ ਕਾਰਾਂ ਕਢਣ ਵਾਲੇ, ਕਰੰਤੇ ਦੀ ਅਗ ਬਾਲਣ ਵਾਲੇ, ਗਰੁੜਾ (ਚਾਵਲ) ਦੁਧ ਨਾਲ ਖਾਣ ਵਾਲੇ, ਗੰਗਾ ਦਾ ਪਵਿਤਰ ਪਾਣੀ ਪੀਣ ਵਾਲੇ, ਵਰਨ ਜਾਤ ਦੇ ਮਨੌਤੀ, ਅੱਗ ਵਿਚ ਸੜ ਮਰਨ ਵਾਲੇ, ਬਨਾਰਸ ਵਿਚ ਆਰੇ ਨਾਲ ਸਿਰ ਚਿਰਵਾਣ ਵਾਲੇ, ਉਲਟਾ ਲਟਕ ਕੇ ਤੀਰਥਾਂ ਤੇ ਤੱਪ ਕਰਨ ਵਾਲੇ, ਕਾਇਆ ਕਲਪ ਦੇ ਅਨੁਆਈ, ਰਾਜ, ਭੂਮ, ਹਾਥੀ, ਬਸਤ੍ਰ, ਘੋੜੇ ਦਾਨ ਕਰਨ ਵਾਲੇ, ਤਨ ਨੂੰ ਹਿਮਾਲਾ ਵਿਚ ਗਾਲਣ ਵਾਲੇ; ਕੰਨ, ਮੁਸੱਲਾ, ਸੂਫ ਗਲ ਪਹਿਨਣ ਵਾਲੇ; ਵਾਮ-ਮਾਰਗੀ ਜਿਨ੍ਹਾਂ ਦੇ ਇਕ ਭਾਂਡੇ ਵਿਚ ਕੁੱਕੜ, ਇਕ ਵਿਚ ਸ਼ਰਾਬ ਪਿਆ, ਵਿਚ ਇਕ ਤੀਵੀਂ ਕਲੋਲ ਕਰਨ ਵਾਲੀ, ਤਾੜੀ ਲਾਉਣ ਲਈ ਸੁਰਾਪਾਨ (ਸ਼ਰਾਬ) ਦਾ ਅਭਿਆਸ ਕਰਨ ਵਾਲੇ; ਜੋਗੀ, ਸਾਲਕ, ਸ਼ੋਹਦੇ, ਕਲੰਦਰ, ਅਬਦਾਲ, ਸ਼ਹੀਦ, ਸ਼ੇਖ, ਪੀਰ, ਸਾਲਾਰ, ਮੁੱਲਾਂ, ਚਿਰ-ਜੀਵੇ, ਆਦਿਕ ਅਨੇਕ ਭੇਖਾਂ ਵਿਚ ਹਿੰਦੀ ਸਮਾਜ ਵੰਡਿਆ ਹੋਇਆ ਹੈ। ਸਾਰੇ ਦੇ ਸਾਰੇ ਇਹ ਭੇਖ ਧਾਰੇ ਸੁਖ ਸ਼ਾਂਤੀ ਦੀ ਭਾਲ ਵਿਚ ਜਾਂਦੇ ਹਨ, ਪਰ ਨਿਜੀ ਮੁਕਤੀ ਜਾਂ ਟਿਕਾਉ ਮਨੋਰਥ ਹੋਣ ਕਰ ਕੇ, ਜੋ ਸਮਾਜੀ ਟਿਕਾਉ ਤੋਂ ਬਿਨਾਂ ਅਸੰਭਵ ਹੈ, ਤੇ ਜਿਹੜੀ ਸਮਾਜੀ ਇਕ-ਸੁਰਤਾ ਆਦਿ ਗ੍ਰੰਥ ਦੇ ਅਨੁਸਾਰ ਸਤਿ ਸੰਗਤ (ਸਮਾਜੀ ਸਮੂੰਹ) ਵਿਚੋਂ ਕਲਾ-ਕੌਸ਼ਲ (ਸੰਗੀਤ ਕਵਿਤਾ ਆਦਿ ਰਾਹੀਂ) ਦੁਨੀਆਂ ਵਿਚ ਰਹਿ ਕੇ ਤੇ ਸਮਾਜ ਦੇ ਕੰਮ ਆਉਣ ਦੀ ਤੀਬਰਤਾ ਵਿਚ ਜਾਗ, ਖਿੜ ਕੇ ਆਉਂਦੀ ਹੈ, ਉਹ ਇਨ੍ਹਾਂ ਭੇਖਾਂ ਵਿਚ ਭਟਕਣ ਨਾਲ ਮਨੁਖ ਨੂੰ ਉਕੋ ਨਹੀਂ ਮਿਲਦੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਧਾਰਣ ਲੋਕੀਂ ਆਪਣੇ ਜੀਵਨ ਵਿਚ ਪੁਰਾਣਕ ਕਥਾਵਾਂ, ਮਿਥਿਹਾਸ ਜਾਂ ਧਰਮ-ਸ਼ਾਸਤ੍ਰ ਤੋਂ ਹੀ ਪ੍ਰੇਰਿਤ ਹੁੰਦੇ ਸਨ। ਉਹ ਆਪਣੇ ਲਈ ਆਪ ਸੋਚਦੇ ਨਹੀਂ। ਕੌਣ ਸਨ ਉਨ੍ਹਾਂ ਦੇ ਨਿਤ ਦੇ ਅਖ਼ਲਾਕ ਦੇ ਪ੍ਰੇਰਿਕ ? ਰਾਮ ਸੀਤਾ, ਰਾਧਾ ਕ੍ਰਿਸ਼ਨ, ਲਛਮਣ, ਰਾਵਣ, ਇੰਦਰ, ਪਰਸਰਾਮ, ਅਜੈ, ਪਾਂਡਵ, ਜਨਮੇਜਾ, ਚੰਦਰ-ਹਾਂਸ, ਧ੍ਰਿਸ਼ਟ-ਬੁੱਧੀ, ਉਮਾ (ਪਾਰਬਤੀ), ਜਨਕ, ਧੋਮ ਰਿਖੀ, ਧਰੂ, ਕਪਲ, ਊਧੋ, ਅਕਰੂਰ, ਉਗ੍ਰਸੈਨ, ਸੁਖਦੇਵ, ਪਰੀਖਤ, ਮਾਂਧਾਤਾ, ਭਭੀਖਣ, ਭਰਥਰੀ, ਦੁਰਬਾਸਾ, ਹਨੂਮਾਨ, ਰਾਜਾ ਪੁਰੂ, ਅੰਗਰਾ ਰਿਖੀ, ਅਜਾਮਲ, ਬਾਲਮੀਕ, ਕੁਵਲੀਆਪੀੜ, ਗਨਿਕਾ, ਗਜ, ਸੁਦਾਮਾ, ਕੁਬਜਾ, ਬਿਦਰ, ਪ੍ਰਹਿਲਾਦ, ਦਰੋਪਤੀ, ਸੰਡਾ ਮਰਕਾ, ਪਿੰਗਲਾ, ਅਠਾਸੀ ਕਰੋੜ ਸ਼ੇਖ਼, ਛਪਨ ਕਰੋੜ ਮੁਸਾਹਿਬ, ਤੇਤੀ ਕਰੋੜ ਦੇਵਤੇ, ਸਵਾ ਲੱਖ ਪੈਗ਼ੰਬਰ, ਸ਼ਿਵਜੀ, ਵਿਸ਼ਨੂ, ਬ੍ਰਹਮਾ, ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ, ਸੁਰ, ਸਿਧ, ਗਣ, ਗੰਧਰਬ, ਅਪੱਛਰਾਂ, ਇੰਦਰ ਤੇ ਉਸ ਦੀਆਂ ਮੋਹਣੀਆਂ, ਕਿਨਰ, ਜੱਖ, ਕੰਸ, ਬਿਆਸ, ਨਾਰਦ, ਅਰਜਨ, ਮਧੁ, ਕੈਟਭੁ, ਮਹਿਖਾਜਾ, ਹਰਣਾਖਸ਼, ਜਰਾਸਿੰਧ, ਕਾਲਜਮਨ, ਰਕਤਬੀਜ, ਕਾਲਨੇਮ, ਦਰਜੋਧਨ, ਕੇਸੀ, ਚਾਣੂਰ, ਆਦਿਕ, ਜਿਨ੍ਹਾਂ ਦੀ ਚੰਗੀ ਜਾਂ ਮੰਦੀ ਕਰਨੀ ਤੋਂ ਆਮ ਲੋਕੀਂ ਸਿਖਿਆ ਲੈਂਦੇ ਸਨ, ਪਰ ਗੁਰੂ ਗ੍ਰੰਥ ਵਿਚ ਇਨ੍ਹਾਂ ਨਾਂਵਾਂ ਨੂੰ ਵਰਤਿਆ ਗਿਆ ਹੈ ਕੇਵਲ ਮਿਸਾਲੀ, ਚਿੰਨ੍ਹ ਰੂਪ ਵਿਚ ਹੀ, ਜਾਂ ਤਾਂ ਇਹ ਸਮਝਾਉਣ ਲਈ ਕਿ ਰੱਬ ਅਵਤਾਰ ਧਾਰ ਕੇ ਜਨਮ ਨਹੀਂ ਲੈਂਦਾ, ਤੇ ਉਹ ਕੇਵਲ ਇਕ ਹੈ ਤੇ ਸਾਰੀ ਕਾਇਨਾਤ ਦਾ ਕਰਤਾ ਹੋ ਕੇ ਵੀ ਉਸ ਦੇ ਵਿਚ ਵਸਦਾ ਹੈ ਤੇ ਬਾਕੀ ਸਭ ਦੇਵੀ ਦੇਵਤੇ ਉਸ ਦੇ ਹੁਕਮ ਵਿਚ ਬਧੇ ਕਾਰ ਰਹੇ ਹਨ, ਜਾਂ ਇਹ ਦਰਸਾਉਣ ਲਈ ਕਿ ਜਿਹੜਾ ਵੀ ਉਸ ਨੂੰ ਸਚੇ ਦਿਲ ਨਾਲ ਚਾਹੇ—ਚਾਹੇ ਉਹ ਕਿਸੇ ਵੀ ਜ਼ਾਤ, ਜਨਮ, ਪੇਸ਼ੇ, ਸਥਿਤੀ ਆਦਿ ਦਾ ਹੋਵੇ—ਉਸ ਨੂੰ ਰੱਬ ਦੀ ਪ੍ਰਾਪਤੀ ਹੁੰਦੀ ਹੈ। ਕਿਸੇ ਦੇਵੀ-ਦੇਵਤੇ, ਰਾਜੇ ਰਾਣੇ, ਪੀਰ ਪੈਗ਼ੰਬਰ ਦੇ ਵਿਚੋਲਾ ਪੈਣ ਦੀ ਲੋੜ ਨਹੀਂ।

ਜਿਸ ਵੰਨਗੀ ਦਾ ਸਮਾਜ ਅਸਾਂ ਉਪਰ ਵਰਨਣ ਕੀਤਾ ਹੈ, ਉਸ ਵਿਚ ਇਹ ਉਪਦੇਸ਼ ਬੜਾ ਇਨਕਲਾਬੀ ਹੈ, ਤੇ ਸਮਾਜ ਦੀਆਂ ਹੰਨੇ ਹੰਨੇ ਤੇ ਪਈਆਂ ਤਰੇੜਾਂ ਨੂੰ ਮੇਟ ਕੇ ਇਕੋ ਆਦਰਸ਼-ਲੜੀ ਵਿਚ ਪਰੋਣ ਵਾਲਾ ਹੈ, ਪਰ ਇਹੀ ਸੁਨੇਹਾ ਸਾਰੀ ਭਗਤੀ-ਲਹਿਰ ਦਾ ਸੀ। ਗੁਰੂ ਗ੍ਰੰਥ ਦਾ ਵਿਸ਼ੇਸ਼ ਢੋਆ ਸਾਡੇ ਜਮਾਤੀ ਜੀਵਨ ਲਈ ਕੇਵਲ ਬੁਤ-ਪੂਜਾ, ਅਵਤਾਰ-ਪ੍ਰਸਤੀ, ਕਰਮ-ਕਾਂਡ, ਹਠ ਜੋਗ, ਜਾਤਿ ਅਭਿਮਾਨ ਆਦਿਕ ਦੀ ਕਰੜੀ ਵਿਰੋਧਤਾ ਹੀ ਨਹੀਂ, ਸਗੋਂ (ਜੋ ਬਾਕੀ ਭਗਤੀ-ਲਹਿਰ ਵਿਚ ਨਹੀਂ) ਜੀਉਂਦੇ ਜੀਵਨ ਨੂੰ ਇਕ ਸਮਾਜੀ ਆਦਰਸ਼ ਪ੍ਰਦਾਨ ਕਰਨਾ ਹੈ, ਜੁੜ ਬੈਠਣ ਦਾ, ਵੰਡ ਕੇ ਖਾਣ ਦਾ, ਉਪਜੀਵਕਾ ਲਈ ਕਿਰਤ ਕਰਨ ਦਾ ਤੇ ਜੇ ਕਿਰਤ ਨਾ ਮਿਲੇ ਜਾਂ ਉਸ ਉਤੇ ਕੋਈ ਲੋਟੂ ਕਬਜ਼ਾ ਜਮਾ ਬੈਠੇ, ਤਾਂ ਉਸ ਲਈ ਜੂਝਣ ਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
'ਬਾਬਰਵਾਣੀ' ਦੇ ਸ਼ਬਦ ਖ਼ਾਸ ਕਰ ਇਸ ਦੀ ਗਵਾਹੀ ਭਰਦੇ ਹਨ, ਜਿਥੇ ਬਾਬਰ ਦੇ ਹਥੋਂ ਹਿੰਦੁਸਤਾਨ ਦੀ ਅਧੋਗਤੀ ਹੁੰਦੀ ਵੇਖ ਕੇ ਬਾਬਾ ਗੁਰੂ ਨਾਨਕ ਦੇਵ ਜੀ ਕੁਰਲਾ ਉਠੇ ਹਨ :—

'ਪਾਪ ਕੀ ਜੰਞ ਲੈ ਕਾਬਲੋਂ ਧਾਇਆ,
ਜੋਰੀਂ ਮੰਗੈ ਦਾਨ ਵੇ ਲਾਲੋ ।
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ,
ਰਤ ਦਾ ਕੁੰਗੂ ਪਾਇ ਵੇ ਲਾਲੋ ।'

ਤੇ ਉਨ੍ਹਾਂ ਕਹਿਰ ਵਿਚ ਆ ਆਖਿਆ :—

'ਕਾਇਆ ਕਪੜੁ ਟੁਕ ਟੁਕ ਹੋਸੀ,
ਹਿੰਦੁਸਤਾਨ ਸਮਾਲਸੀ ਬੋਲਾ ।'

ਇਹ ਸਮਾਜੀ ਅਰਥ ਦੇਣਾ ਭਗਤੀ-ਲਹਿਰ ਨੂੰ ਗੁਰੂ-ਗ੍ਰੰਥ ਜੀ ਦੀ ਖ਼ਾਸ ਵਿਸ਼ੇਸ਼ਤਾ ਹੈ ।

(੩)

ਗੁਰੂ ਗ੍ਰੰਥ ਜੀ ਦੇ ਇਹ ਸਮਾਜਕ ਆਦਰਸ਼ ਦਸ ਕੇ ਉਸ ਵੇਲੇ ਦੇ ਸਮਾਜਕ ਰਿਵਾਜਾਂ, ਵਹਿਮਾਂ, ਇਤਿਹਾਸਕ ਇਸ਼ਾਰਿਆਂ, ਸ੍ਰਿਸ਼ਟੀ-ਰਚਨਾ ਬਾਰੇ ਪ੍ਰਚਲਤ ਵਿਚਾਰਾਂ, ਪੇਸ਼ਿਆਂ, ਚੱਜ-ਆਚਾਰ, ਖਾਣ ਪਾਣ ਦੀਆਂ ਵਸਤਾਂ ਆਦਿਕ ਬਾਰੇ ਵੀ ਕੁਝ ਵਾਕਫ਼ੀਅਤ ਦੇਣੀ ਇਥੇ ਵਾਜਬੀ ਹੋਵੇਗੀ। ਗੁਰੂ ਗ੍ਰੰਥ ਜੀ ਵਿਚ ਬਾਰ੍ਹਵੀਂ ਤੋਂ ਸੋਲ੍ਹਵੀ ਸਦੀ ਦੇ ਸਭਿਆਚਾਰ ਵਲ ਜਿਹੜੇ ਇਸ਼ਾਰੇ ਅਲੰਕਾਰਾਂ ਆਦਿ ਵਿਚ ਗੁੰਦੇ ਹੋਏ ਹਨ, ਉਹ ਸਾਹਿਤ ਦੇ ਇਤਿਹਾਸਕਾਰਾਂ ਨੂੰ ਬਹੁਤ ਵੱਡਮੁੱਲੇ ਸਾਬਤ ਹੋਣਗੇ। ਕਿਉਂ ਜੁ ਇਹ ਸਭਿਆਚਾਰਕ ਮਸਾਲਾ ਹੀ ਪਿਛੋਕੜ ਹੈ, ਉਸ ਸਾਹਿੱਤ ਦਾ, ਜਿਸ ਦੀ ਰਚਨਾ ਉਸ ਸਮੇਂ ਕੀਤੀ ਗਈ ਸੀ। ਨਹੀਂ ਤਾਂ ਸਾਹਿੱਤ ਸਮਾਲੋਚਨਾ ਨਿਪਟ ਇਕ ਖ਼ਲਾ ਵਿਚ ਲਟਕਦੀ ਦਿਸ ਆਵੇਗੀ, ਜਿਸ ਦਾ ਨਾ ਕੋਈ ਅੱਗਾ ਹੋਵੇ, ਨਾ ਪਿਛਾ।

ਜਿਹੜੇ ਜਿਹੜੇ ਕਿੱਤਿਆਂ ਜਾਂ ਪੇਸ਼ਿਆਂ ਦੇ ਨਾਂ, ਗੁਰੂ-ਗ੍ਰੰਥ ਵਿਚ ਆਏ ਹਨ, ਉਨ੍ਹਾਂ ਵਿਚੋਂ ਮੋਟੇ ਮੋਟੇ ਇਹ ਹਨ—ਕਿਰਸਾਣੀ, ਪਿੰਜਣਾ (ਪੇਂਜਾ), ਕੱਤਣਾ, ਉਣਨਾ (ਜੁਲਾਹਾ), ਖੁੰਬ ਚਾੜ੍ਹਨਾ, (ਧੋਬੀ, ਛੀਂਬਾ), ਸੂਈ ਧਾਗੇ ਨਾਲ ਸੀਉਣਾ, ਕੈਂਚੀ ਨਾਲ ਕੱਟਣਾ (ਦਰਜ਼ੀ), ਤੇਲ ਕਢਣਾ (ਤੇਲੀ), ਭਾਂਡੇ ਘੜਨਾ (ਕੁਮ੍ਹਿਆਰ) ਵਣਜ ਕਰਨਾ (ਬਾਣੀਆ), ਬਾਗ਼ਬਾਨੀ ਕਰਨਾ (ਮਾਲੀ), ਵੇਦ ਪਾਠ ਕਰਨਾ ਕਰਾਉਣਾ, ਪੜ੍ਹਾਉਣਾ, ਯੱਗ ਕਰਾਉਣਾ ਤੇ ਹੋਰ ਧਾਰਮਕ ਰਸਮਾਂ ਦੀ ਅਗਵਾਈ ਕਰਨੀ ਦਾਨ ਆਦਿ ਲੈ ਕੇ (ਬ੍ਰਾਹਮਣ), ਲੜਨਾ (ਖੱਤਰੀ) ਜੁੱਤੀਆਂ ਗੰਢਣਾ (ਚਮਾਰ), ਜੋਤਸ਼ (ਜੋਤਸ਼ੀ), ਸਰਾਫ਼ੀ, ਦਲਾਲੀ, ਗਹਿਣੇ ਘੜਨਾ, (ਸੁਨਿਆਰਾ), ਚਾਕਰੀ, ਨਿੱਜੀ ਜਾਂ ਸਰਕਾਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਪਾਹੀਗੀਰੀ, ਲੋਹਾਰਾ, ਤਰਖਾਣਾ, ਨਚਣਾ, ਗਾਣਾ (ਢਾਡੀ), ਰਾਸਾਂ ਪਾਣੀਆਂ, ਕਲਾਣ ਦੇਣੀ (ਮਿਰਾਸੀ ਜਾਂ ਡੂੰਮ), ਸਾਈਸੀ, ਪਹਿਰੇਦਾਰੀ, ਸੌਦਾਗਰੀ, ਸ਼ਾਹੂਕਾਰਾ, ਨਗਾਰਾ ਕੁੱਟਣਾ, ਬਾਜੀਗਰੀ, ਨਾਈਗੀਰੀ, ਆਦਿਕ। ਆਬਪਾਸ਼ੀ ਮੀਂਹ ਦੇ ਪਾਣੀ ਜਾਂ ਟਿੰਡਾਂ ਵਾਲੇ ਖੂਹ ਨਾਲ ਹੁੰਦੀ ਹੈ। ਜਿਹੜੀਆਂ ਜਿਹੜੀਆਂ ਧਾਤਾਂ ਵੀ ਵਰਤੋਂ ਜਾਂ ਸੂਝ ਉਸ ਵੇਲੇ ਦੇ ਲੋਕਾਂ ਵਿਚ ਆਮ ਸੀ ਉਹ ਇਹ ਸਨ : ਸੋਨਾ, ਚਾਂਦੀ, ਤਾਂਬਾ, ਕਾਂਸ਼ੀ, ਸ਼ੀਸ਼ਾ, ਲੋਹਾ, ਕੋਲਾ, ਰਤਨ, ਜਵਾਹਰ, ਲਾਲ, ਮੋਤੀ, ਹੀਰੇ, ਆਦਿਕ। ਇਕ ਅਜੇਹੇ ਪੱਥਰ, ਪਾਰਸ, ਦਾ ਵੀ ਜ਼ਿਕਰ ਘੜੀ ਮੁੜੀ ਆਇਆ ਹੈ, ਜਿਸ ਨਾਲ ਛੋਹਿਆਂ ਅੱਠ ਧਾਤਾਂ ਸੋਨਾ ਹੋ ਜਾਂਦੀਆਂ ਹਨ। ਰੰਗਾਂ ਵਿਚ ਬੱਗਾ, ਰੱਤਾ, ਪੀਲਾ, ਕਾਲਾ, ਨੀਲਾ, ਹਰਾ, ਭਗਵਾ, ਦੀ ਵਰਤੋਂ ਬਹੁਤ ਦੱਸੀ ਹੈ, ਪਰ ਰੱਤੇ ਰੰਗ ਨੂੰ ਬੜਾ ਵਡਿਆਇਆ ਹੈ। ਸ਼ਹੁ ਸੁਹਾਗਣ ਦਾ ਰੰਗ ਰਤਾ ਹੈ। ਬਿਰਹੋਂ ਜਲੇ ਦਾ ਰੰਗ ਕਾਲਾ ਹੈ। ਭੇਖੀ ਦਾ ਭਗਵਾ ਹੈ। ਬੱਗਾ (ਚਿੱਟਾ) ਚਿਟੇ ਸਾਧ ਲਈ ਵੀ ਵਰਤਿਆ ਹੈ ਤੇ ਧੌਲੇ ਕੇਸਾਂ ਲਈ ਵੀ। ਪੀਲਾ ਰੰਗ ਬਸੰਤ ਦਾ ਹੈ, ਹਲਦੀ ਦਾ ਜਾਂ ਮਨਮੁਖਾਂ ਦਾ। ਚਾਰ ਵੇਦਾਂ ਨੂੰ ਵੀ ਚਾਰ ਰੰਗਾਂ ਵਿਚ ਵੰਡਿਆ ਹੋਇਆ ਹੈ। ਨੀਲਾ ਰੰਗ ਮੁਸਲਮਾਨ ਲਿਬਾਸ ਦਾ ਲਖਾਇਕ ਹੈ ਤੇ ਚਿੱਟਾ ਹਿੰਦੂ ਦਾ। ਹਰਾ ਰੰਗ ਖਿੜਾਉ ਨੂੰ ਦਰਸਾਉਂਦਾ ਹੈ।

ਖਾਣ ਪੀਣ ਲਈ ਵਰਤੀਂਦੀਆਂ ਵਸਤਾਂ ਇਹ ਹਨ :—ਦੁੱਧ, ਆਟਾ, ਦਾਲ, ਘਿਉ, ਲੂਣ, ਪਾਨ, ਸੁਪਾਰੀ (ਪਾਨ ਦੇ ਰਸ ਨੂੰ ਸ਼ਿੰਗਾਰ ਲਈ ਤੇ ਨਿਸਲ ਵਿਹਲੀ ਅਮੀਰੀ ਦਾ ਚੋਜ ਦਸਣ ਲਈ ਬਹੁਤ ਵਰਤਿਆ ਗਿਆ ਹੈ, ਤੇ ਬਕਰੇ ਮੱਛੀ ਦਾ ਮਾਸ (ਜਿਸ ਨੂੰ ਆਮ ਲੋਕੀਂ ਧਾਰਮਕ ਵਹਿਮ ਕਰ ਕੇ ਵਰਤਦੇ ਨਹੀਂ, ਪਰ ਜਿਸ ਆਦਤ ਦੀ ਗੁਰੂ ਗ੍ਰੰਥ ਦੇ ਸਿੱਖ ਕਰਤਿਆਂ ਨੇ ਵਿਰੋਧਤਾ ਕੀਤੀ ਹੈ)। ਗਿਰੀ, ਛੁਹਾਰੇ, ਖੀਰ, ਦੁੱਧ-ਚਾਵਲ, ਕੇਲਾ, ਅੰਬ, ਨਰੇਲ, ਬੇਰ, ਲੌਂਗ, ਮੇਵਾ, ਮੈਦਾ, ਸ਼ੱਕਰ, ਖੰਡ, ਮਿਸਰੀ, ਗੁੜ, ਕਪਾਹ (ਕਪੜੇ ਲਈ) ਸ਼ਰਾਬ, ਭੰਗ (ਜਿਨ੍ਹਾਂ ਦੀ ਵਰਤੋਂ ਜੋਗੀਆਂ ਤੇ ਗ੍ਰਸਤੀਆਂ ਵਿਚ ਆਮ ਦਿਸਦੀ ਹੈ), ਲਪੀਂ, ਪੰਜੀਰੀ, ਭਾਤ, ਪੱਟ (ਰੇਸ਼ਮ ਅਮੀਰਾਂ ਦੇ ਪਹਿਨਣ ਲਈ) ਅੰਗੂਰ, ਮਸਾਲੇ, ਹਲਦੀ, ਲਸਣ। ਖਾਣੇ ਛੱਤੀ ਤਰ੍ਹਾਂ ਦੇ ਗਿਣੇ ਗਏ ਹਨ ਤੇ ਰਸ ਖੱਟਾ, ਮਿੱਠਾ ਤੇ ਸਲੂਣਾ। ਸਲੂਣਾ ਸਹਿਜ ਤੇ ਸੁੰਦਰਤਾ ਦਾ ਲਖਾਇਕ ਵੀ ਹੈ—ਨੈਣ ਸਲੋਨੀੜੀਏ। ਕੌੜੇ ਰਸ ਤੁੰਮੀ, ਤੁੰਮਾ, ਅੱਕ, ਧਤੂਰਾ, ਨਿੰਮ, ਵਿਸ, ਤੰਮੂਰ ਆਦਿ ਗਿਣੇ ਗਏ ਹਨ। ਮਿਥਿਹਾਸਕ 'ਕਾਮਧੇਨ ਗਊ' ਦਾ ਜ਼ਿਕਰ ਵੀ ਬਹੁਤ ਆਇਆ ਹੈ, ਜਿਸ ਪਾਸੋਂ ਜੋ ਵਰ ਮੰਗੋ ਦੇਂਦੀ ਹੈ।

ਸ਼ਰਾਬ ਧਾਵੇ ਦੇ ਫੁਲਾਂ, ਤੇ ਗੁੜ ਤੋਂ ਭੱਠੀ ਵਿਚੋਂ ਅਰਕ ਵਾਂਗ ਕਢੀ ਦਸੀ ਗਈ ਹੈ। ਕਾਗਜ਼ ਤਾੜ ਦੇ ਰੁਖ ਤੋਂ ਬਣਦਾ ਦਸਿਆ ਹੈ ਤੇ ਸਿਆਹੀ ਦੀਵੇ ਦੀ ਮਸ ਤੋਂ। ਦੀਵਾ ਰੌਸ਼ਨੀ ਲਈ ਇਕੋ ਇਕ ਸਾਧਨ ਹੈ। ਇਥੋਂ ਤਕ ਕਿ ਚੰਨ-ਸੂਰਜ ਨੂੰ ਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਦੁਇ ਦੀਵੇ' ਆਖਿਆ ਗਿਆ ਹੈ। ਸੰਨ੍ਹ ਚੋਰੀ ਤੇ ਧਾੜੇ (ਡਕੇਤੀ) ਦਾ ਵਰਨਣ ਵੀ ਆਇਆ ਹੈ। ਠੱਗ ਠਗਮੂਰੀ (ਠਗਉਲੀ) ਮੂੰਹ ਵਿਚ ਪਾ ਕੇ ਪਹਿਲਾਂ ਲੋਕਾਂ ਨੂੰ ਬੇ-ਹੋਸ਼ ਕਰ ਲੈਂਦੇ ਹਨ, ਫਿਰ ਲੁੱਟ ਲੈਂਦੇ ਹਨ। ਵੇਸਵਾ, ਰੰਡੀਆਂ ਤੇ ਕੁਟਣੀਆਂ ਦਾ ਵੀ ਨਿੰਦਨੀਯ ਅਰਥਾਂ ਵਿਚ ਜ਼ਿਕਰ ਆਇਆ ਹੈ।

ਸੀਗਾਰ ਸੋਲਾਂ ਤਰ੍ਹਾਂ ਦੇ ਮੰਨੇ ਗਏ ਹਨ, ਪਰ ਉਨ੍ਹਾਂ ਵਿਚੋਂ ਵਾਲਾਂ ਨੂੰ ਪੱਟੀਆਂ ਵਿਚ ਗੁੰਦਣਾ, ਮਾਂਗ ਕਢਣੀ, ਮਾਂਗ ਵਿਚ ਸੰਧੂਰ ਪਾਣਾ (ਸੁਹਾਗ ਦੀ ਨਿਸ਼ਾਨੀ), ਪਾਨ ਸੁਪਾਰੀ ਖਾਣਾ, ਮੁਖ ਬੀੜੀਆਂ ਲਾਣੀਆਂ, ਪਟ ਰੇਸ਼ਮ ਪਹਿਨਣਾ, ਮੱਥੇ ਉਤੇ ਟਿੱਕਾ ਲਾਣਾ ਸੰਧੂਰ ਦਾ ਵਿਆਹੀਆਂ ਲਈ ਤੇ ਅਗਰ, ਚੰਦਨ, ਕਪੂਰ ਦਾ ਕਰਮ-ਕਾਂਡੀਆਂ ਲਈ, ਖ਼ੁਸ਼ਬੂਆਂ ਮਲਣੀਆਂ, (ਖ਼ਾਸ ਕਰ ਅਤਰ ਲਾਣਾ ਵਾਲਾਂ ਤੇ ਕਪੜਿਆਂ ਨੂੰ) ਅਖੀਂ ਕਜਲ, ਗਲ ਹਾਰ, ਪੈਰੀਂ ਪੰਜੇਬਾਂ, ਹਥੀਂ ਮੁੰਦਰੀ, ਬਾਹੀਂ ਕੰਗਣ, ਹੋਠਾਂ ਉਤੇ ਦੰਦਾਸਾ ਆਦਿ ਸੁਹਾਗਣਾਂ ਦਾ ਵੇਸ ਦਰਸਾਉਂਦਾ ਹੈ। ਸੁਹਾਗਣਾਂ ਦੀਆਂ ਸੇਜੜੀਆਂ 'ਹੀਰੇ ਲਾਲ ਜੜੰਦੀਆਂ' ਤਕ ਹਨ, 'ਦੰਦ ਖੰਡ ਕੀਤੇ ਰਾਸ ਜੀਉ' ਉਨ੍ਹਾਂ ਦੀਆਂ ਚੂੜੀਆਂ ਲਈ। ਦੁਹਾਗਣ ਤੇ ਕੰਵਾਰੀ ਲੜਕੀ ਲਈ ਸਿਗਾਰ ਮਨ੍ਹਾ ਹੈ। ਚੋਲਾ, ਚੋਲੀ, ਘਗਰਾ, ਦਾ ਵਰਨਣ ਕੀਤਾ ਗਿਆ ਹੈ, ਦੁਪੱਟੇ, ਲਹਿੰਗੇ, ਤਹਿਮਤ, ਸੁਥਣ, ਕੋਟ, ਫਤੂਹੀ ਜਾਂ ਪਜਾਮੇ ਦਾ ਨਹੀਂ, ਪਰ ਘੁੰਡ ਦਾ ਰਿਵਾਜ ਦੁਪੱਟਾ ਪਹਿਨਣ ਦਾ ਹੀ ਲਖਾਇਕ ਹੈ। ਮਰਦ ਸ਼ਾਇਦ ਚੋਲੇ ਦੇ ਨਾਲ ਲਾਂਗੜ ਹੀ ਮਾਰਦੇ ਹੋਣਗੇ। ਦਾੜ੍ਹੀ, ਕੇਸਾਂ ਦਾ ਰਿਵਾਜ ਵੀ ਆਮ ਹੈ, 'ਸਿਰ ਪਲਿਆ, ਦਾੜੀ ਪਲੀ' ਜਿਵੇਂ ਸਿਰ ਤੇ ਪਗੜੀ ਬੰਨ੍ਹਣ ਦਾ 'ਮੈਂ ਭੋਲਾਵਾ ਪੱਗ ਦਾ'। ਦਾਜ ਦੇਣ ਦਾ ਵੀ ਰਿਵਾਜ ਹੈ, ਜੋ ਆਤਮਕ ਤੌਰ ਤੇ ਸਲਾਹਿਆ ਗਿਆ ਹੈ : 'ਹਰ ਦੇਵਹੁ ਦਾਨ ਮੈ ਦਾਜੋ' ਪਰ ਹੋਰ ਦਾਜਾਂ ਨੂੰ ਤ੍ਰਿਸਕਾਰਿਆ ਗਿਆ ਹੈ।

'ਸਹਰ' ਸ਼ਬਦ ਰਵਿਦਾਸ ਨੇ ਇਕ ਵੇਰ ਵਰਤਿਆ ਹੈ, ਆਪਣੇ ਆਦਰਸ਼ ਰਾਜਸੀ ਨਿਜ਼ਾਮ ਦਾ ਨਕਸ਼ਾ ਖਿਚਦੇ ਹੋਇ। ਬਾਕੀ ਕਵੀਆਂ ਨੇ ਪਿੰਡ ਜਾਂ ਗਿਰਾਓਂ ਹੀ ਆਬਾਦੀ ਲਈ ਵਰਤਿਆ ਹੈ। ਦੇਸ਼ ਦਾ ਨਾਉਂ ਗੁਰੂ ਨਾਨਕ ਦੇਵ ਜੀ ਨੇ 'ਹਿੰਦੁਸਤਾਨ' ਦਸਿਆ ਹੈ ਤੇ ਉਸ ਸਾਰੇ ਹਿੰਦੁਸਤਾਨ ਦੀ ਬਾਬਰ ਦੇ ਹਥੋਂ ਹੋਈ ਦੁਰਗਤੀ—ਹਿਦੂ ਮੁਸਲਮਾਨ ਦੋਹਾਂ ਦੀ—ਦੇ ਵਿਰੁਧ ਕੀਰਨੇ ਪਾਏ ਹਨ। ਪਿੰਡਾਂ ਦੇ ਆਸ ਪਾਸ ਵਾਰ (ਵਾੜ) ਜਾਂ (ਦੀਵਾਰ) ਦੇ ਹੋਣ ਦਾ ਵੀ ਰਿਵਾਜ ਜਾਪਦਾ ਹੈ, ਜਿਸ ਵਿਚ ਪੱਕੇ ਫਾਟਕ ਲਗੇ ਹੋਣ। ਸ਼ਾਹ ਤੇ ਵਪਾਰੀ ਇੱਕੋ ਥਾਂ ਨਹੀਂ ਵਸਦੇ ਜਾਪਦੇ, ਕਿਉਂਕਿ ਆਦਰਸ਼ ਹਾਲਤ ਵਿਚ ਹੀ ਜੋ ਆਦਿ ਗੁਰੂ ਨੇ ਖਿਚੀ ਹੈ, ਅਜੇਹਾ ਹੋਣਾ ਹੈ।

ਬਜ਼ਾਰ ਛੱਤੇ ਹੋਏ ਤੇ ਗਲੀਆਂ ਖੁਲ੍ਹੀਆਂ ਹਨ। ਵਿਚ 'ਭੀੜੀ ਗਲੀ' ਪੁਰਸਲਾਤ ਦੇ ਭੀੜੇ ਪੁਲ ਨੂੰ ਦਰਸਾਉਣ ਲਈ ਵਰਤੀ ਹੈ। ਗਲੀਆਂ ਵਿਚ ਚਿੱਕੜ ਦਸਦਾ ਹੈ, ਕਿ ਗਲੀਆਂ ਪੱਕੀਆਂ ਨਹੀਂ। ਪਿੰਡਾਂ ਵਿਚ ਪੰਚਾਇਤਾਂ ਕਾਇਮ ਹਨ ਤੇ 'ਪੰਚ ਪਰਵਾਨ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਚ ਪਰਧਾਨ' ਮੰਨੇ ਜਾਂਦੇ ਹਨ। 'ਮਤ ਕੋ ਮਾਰੇ ਏਂਟ ਢੇਮ' ਦਸਦਾ ਹੈ, ਕਿ ਪੱਕੀਆਂ ਇੱਟਾਂ ਦਾ ਰਿਵਾਜ ਆਮ ਸੀ।

ਹਿੰਦੂਆਂ ਤੋਂ ਜਜ਼ੀਆ ਲਿਆ ਜਾਂਦਾ ਹੈ ਤੇ ਹੋਰ ਕਈ ਤਰ੍ਹਾਂ ਦੇ ਕਰ ਵੀ। ਗਊ ਤੇ ਬ੍ਰਾਹਮਣ ਉਤੇ ਵੀ ਕਰ ਲਗਾ ਹੋਇਆ ਹੈ। ਨਾਮਦੇਵ ਨੂੰ ਕਾਜ਼ੀ ਆਖਦਾ ਹੈ, 'ਜਾਂ ਤੂੰ ਰਾਮ ਦਾ ਨਾਂ ਛਡ ਕੇ ਖ਼ੁਦਾ ਦਾ ਨਾਂ ਲੈ, ਜਾਂ ਤੂੰ ਮੋਈ ਹੋਈ ਗਊ ਜਿਵਾ।' ਇਸ ਤੋਂ ਧੱਕੇ ਨਾਲ ਲੋਕਾਂ ਦਾ ਧਰਮ ਬਦਲਾਣ ਦਾ ਪਤਾ ਲਗਦਾ ਹੈ।

ਸ਼ਾਹਾਂ ਤੇ ਅਮੀਰਾਂ ਦੇ ਚੋਜ, ਜੋ ਗੁਰੂ-ਗ੍ਰੰਥ ਵਿਚ ਵਰਨਣ ਕੀਤੇ ਗਏ ਹਨ, ਉਤੇ ਵੀ ਨਜ਼ਰ ਦਹੁਰਾਣੀ ਯੋਗ ਹੋਵੇਗੀ। ਉਨ੍ਹਾਂ ਦੀ ਫ਼ੌਜ ਚਾਰ ਤਰ੍ਹਾਂ ਦੀ ਹੈ—ਹਾਥੀ, ਰੱਥ, ਘੋੜੇ, ਪੈਦਲ। ਤੁਪਕ (ਛੋਟੀ ਤੋਪ) ਦਾ ਜ਼ਿਕਰ ਬਾਬਰ ਦੇ ਹੱਲੇ ਵੇਲੇ ਗੁਰੂ ਨਾਨਕ ਦੇਵ ਜੀ ਨੇ ਕੀਤਾ ਹੈ। ਕਿਲ੍ਹਿਆਂ ਦੀ ਦੀਵਾਰ ਦੋਹਰੀ ਤੇ ਪੱਕੀ ਹੁੰਦੀ ਹੈ ਤੇ ਉਨ੍ਹਾਂ ਦੇ ਆਸ ਪਾਸ ਤ੍ਰੇਹਰੀ ਖਾਈ। ਉਨ੍ਹਾਂ ਦੇ ਤਾਜ਼ੀ ਘੋੜੇ, ਊਠ, ਹਾਥੀ, ਖਾਪਰ, ਨਿਵਾਰੀ ਪਲੰਘ, ਤੰਬੂ, ਕਨਾਤ (ਸਰਾਇਚੇ), ਕੀਮਖ਼ਾਬ (ਲਾਲਤੀ), ਸਿਰ ਤੇ ਝੁਲਦੇ ਸੁਨਹਿਰੀ ਛਤਰ, ਨੇਜੇ, ਵਾਜੇ, ਝੰਡੇ, ਹਰ ਪਾਸਿਓਂ ਸਲਾਮਾਂ, ਵਡੇ ਵਡੇ ਧੌਲਰ, ਹਰਮ-ਸਰਾ, ਅਨੇਕ ਇਸਤ੍ਰੀਆਂ, ਉਨ੍ਹਾਂ ਦੇ ਚਪੜਾਸੀਆਂ ਦੀ ਲਾਲ ਕਵਾਇ (ਬਰਦੀ), ਦਲੀਚੈ (ਗ਼ਲੀਚੇ), ਬਗ਼ੀਚੇ, ਚੋਆ-ਚੰਦਨ ਮਹਿਕੇ, ਬਸਤਰ ਤੇ ਸੇਜਾ ਦਾ ਜ਼ਿਕਰ ਥਾਂ ਥਾਂ ਤੇ ਲਭਦਾ ਹੈ, ਜੋ ਉਨ੍ਹਾਂ ਦੀ ਐਸ਼-ਪ੍ਰਸਤੀ ਵਲ ਇਸ਼ਾਰਾ ਕਰਦਾ ਹੈ। ਰਾਜ ਹੰਨੇ ਹੰਨੇ ਵੰਡਿਆ ਹੋਇਆ ਹੈ, ਇਸੇ ਲਈ ਗੁਰੂ ਨਾਨਕ ਦੇਵ ਜੀ 'ਸਗਲ ਸ੍ਰਿਸ਼ਟ ਮਹਿ ਏਕੋ ਰਾਜਾ' ਦੀ ਮੰਗ ਕਰਦੇ ਹਨ। ਰਾਜੇ ਆਪਣਾ ਰਾਜ ਵਧਾਣ ਲਈ ਹਰ ਵੇਲੇ ਜਦੋ-ਜਹਿਦ ਕਰਦੇ ਰਹਿੰਦੇ ਹਨ ਤੇ ਉਨ੍ਹਾਂ ਦੀ ਤ੍ਰਿਪਤੀ ਕਿਸੇ ਤਰ੍ਹਾਂ ਕਿਧਰੇ ਨਹੀਂ ਹੁੰਦੀ, ਜਿਵੇਂ ਮਾਰੂਥਲ ਦੀ, ਭਾਵੇਂ ਕਿੰਨਾ ਪਾਣੀ ਉਸ ਵਿਚ ਰੁੜ੍ਹ ਪਵੇ। ਸ਼ਿਕਾਰ ਦਾ ਰਿਵਾਜ ਵੀ ਹੈ—ਸ਼ਿਕਾਰ ਚੜ੍ਹਨ ਦਾ। ਘੋੜੇ ਤੇ ਸ਼ਿਕਾਰ ਹੁੰਦਾ ਹੋਵੇਗਾ।

ਉਸ ਵੇਲੇ ਦੇ ਵਰਤੇ ਜਾਂਦੇ ਹਥਿਆਰਾਂ ਵਿਚੋਂ ਕੁਝ ਕੁ ਇਹ ਦਿੱਤੇ ਹਨ :—

ਤੀਰ, ਕਮਾਨ, ਖੜਗ (ਤਲਵਾਰ), ਬਰਛੀ (ਸਾਂਗ), ਨੇਜ਼ਾ, ਕਟਾਰ, ਤੁਪਕ (ਛੋਟੀ ਤੋਪ), ਆਦਿਕ। ਸਾਜ਼ਾਂ ਵਿਚੋਂ ਸਿਤਾਰ, ਸਾਰੰਗੀ, ਇਕ-ਤਾਰਾ, ਤੂਤੀ, ਸਿੰਗੀ, ਰਬਾਬ, ਜੋੜੀ, ਛੈਣੇ, ਢੋਲ, ਸੰਖ, ਝਾਂਜਰਾਂ, ਕਿੰਗਰੀ, ਭੇਰੀ, ਸ਼ਹਿਨਾਈ ਆਦਿਕ। ਫੁਲਾਂ ਬੂਟਿਆਂ ਵਿਚੋਂ ਸਿੰਬਲ, ਅੱਕ, ਅਰਿੰਡ, ਕਸੁੰਭਾ, ਨੀਲੋਫ਼ਰ (ਚੌਪਤੀ), ਕੰਵਲ, ਚੰਦਨ, ਤੁਲਸੀ ਤੇ ਬਾਂਸ ਦਾ ਨਾਂ ਵਾਰ ਵਾਰ ਆਇਆ ਹੈ।

ਜਿਹੜੇ ਜਿਹੜੇ ਪੰਛੀਆਂ, ਜਨੌਰਾਂ ਜਾਂ ਕੀੜਿਆਂ ਦਾ ਵਰਨਣ ਗੁਰੂ-ਗ੍ਰੰਥ ਵਿਚ ਆਇਆ ਹੈ, ਸਮੇਤ ਉਨ੍ਹਾਂ ਦੀਆਂ ਆਦਤਾਂ ਦੇ, ਉਸਦਾ ਵੇਰਵਾ ਕਵੀ-ਮਨਾਂ ਦਾ ਆਪਣੀ ਉਡਾਰੀ ਵਿਚ ਕੁਦਰਤ ਦੇ ਅਤਿ ਨੇੜੇ ਰਹਿਣ ਦੀ ਤੀਬਰਤਾ ਨੂੰ ਦਰਸਾਂਦਾ ਹੈ। ਸੂਰ, ਕੁੱਤਾ, ਖੋਤਾ, ਬਿੱਲਾ, ਬਿੱਲੀ, ਗਿੱਦੜ, ਊਠ, ਘੋੜਾ, ਹਾਥੀ, ਕੀੜੀ, ਭੌਰਾ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਿਰਗ, ਬਾਜ਼, ਗਰੜ, ਬਗਲਾ, ਕੂੰਜ, ਤੋਤਾ, ਚੂਹਾ, ਸੱਪ, ਨਾਗ, ਮਛੀ, ਚੀਤਾ, ਸ਼ੀਂਹ, ਸ਼ੇਰ, ਭੇਡ, ਚਰਗੇ, ਕੂਹੀਆਂ, ਕਾਂ, ਕੋਇਲ, ਚਾਤ੍ਰਕ, ਮੋਰ, ਤੰਦੂਆ, ਬੈਲ, ਮਗਰਮੱਛ, ਹੰਸ, ਡੱਡੂ, ਕਿਰਲੀ, ਚਿੜਾ, ਚਿੜੀ, ਕੁੱਕੜ, ਸੰਢਾ, ਕਛੂਕੰਮਾ, ਮਧ-ਮਾਖੀ, ਗਊ, ਭੈਂਸ, ਬੱਕਰੀ, ਇੱਲ, ਬੰਦਰ, ਲੇਲਾ, ਆਦਿਕ ਦੀਆਂ ਜਮਾਤੀ ਆਦਤਾਂ ਨੂੰ ਅਲੰਕਾਰ ਬਣਾ ਕੇ ਆਪਣੇ ਭਾਵ ਨੂੰ ਖੋਲ੍ਹਿਆ ਹੈ, ਜਿਨ੍ਹਾਂ ਉਤੇ ਅਸੀਂ ਅਗਲੇ ਕਾਂਡ ਵਿਚ ਚਾਨਣਾ ਪਾਵਾਂਗੇ। ਜੂਨ ਸਾਰੀ ੮੪ ਲਖ ਦਸੀ ਹੈ, ਅੱਧੀ ਸਮੁੰਦਰ ਦੇ ਅੰਦਰ ਤੇ ਅੱਧੀ ਬਾਹਰ ਧਰਤੀ ਉਤੇ, ਉਸ ਨੂੰ ਫਿਰ ਚਾਰ ਹਿੱਸਿਆਂ ਵਿਚ ਵੰਡਿਆ ਹੈ, ਅੰਡਜ, (ਅੰਡੇ ਤੋਂ ਪੈਦਾ ਹੋਣ ਵਾਲੀ) ਜੇਰਜ (ਜੇਰ ਤੋਂ ਪੈਦਾ ਹੋਣ ਵਾਲੀ, ਜਿਵੇਂ ਮਨੁੱਖ ਤੇ ਪਸ਼ੂ) ਉਤਭੁਜ (ਧਰਤੀ ਵਿਚੋਂ ਆਪੇ ਫੁਟਣ ਵਾਲੇ) ਸੇਤਜ (ਪਸੀਨੇ ਤੋਂ ਪੈਦਾ ਹੋਣ ਵਾਲੀ)। ਧਰਤੀ ਦੇ ਨੌਂ ਖੰਡ ਦਸੇ ਹਨ, ਪਰ ਵਿਆਖਿਆ ਨਹੀਂ ਕੀਤੀ ਕਿ ਕਿਹੜੇ ਕਿਹੜੇ ? ਸਾਰੇ ਬ੍ਰਹਿਮੰਡ ਨੂੰ ਤਿੰਨਾਂ ਹਿਸਿਆਂ ਤੇ ਚੌਦਾਂ ਲੋਕਾਂ ਜਾਂ ਚਾਰ ਖਾਣੀਆਂ ਵਿਚ ਵੰਡਿਆ ਹੈ। ਤਿੰਨ ਹਿੱਸੇ ਹਨ—ਪਤਾਲ (ਧਰਤ ਹੇਠਾਂ) ਆਕਾਸ਼ (ਧਰਤੀ ਉਪਰ), ਤੇ ਧਰਤੀ। ਬੋਲੀ (ਬਾਣੀ) ਵੀ ਚਾਰ ਤਰ੍ਹਾਂ ਦੀ ਮੰਨੀ ਗਈ ਹੈ— ਮੱਧਮਾ, ਬੈਖਰੀ, ਪਰ੍ਹਾ, ਬਸੰਤੀ, ਜਿਉਂ ਜਿਉਂ ਉਹ ਗਲੇ, ਤਾਲੂ, ਦੰਦਾਂ ਤੇ ਹੋਠਾਂ ਤੋਂ ਉਚਾਰਨ ਹੁੰਦੀ ਹੈ, ਉਸ ਅਨੁਸਾਰ। ਸੱਤ ਦੀਪ ਦਸੇ ਹਨ, ਸੱਤ ਸਾਗਰ। ਉਸ ਵੇਲੇ ਜਿਹੜਾ ਇਹ ਵਿਸ਼ਵਾਸ਼ ਸੀ ਕਿ ਧਰਤੀ ਧੌਲਾ ਬਲਦ ਦੇ ਸਹਾਰੇ ਖਲੋਤੀ ਹੋਈ ਹੈ, ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਰਦ ਕਰ ਦਿਤਾ ਹੈ, ਇਹ ਆਖ ਕੇ ਕਿ ਧਰਤੀ ਤਾਂ 'ਹੋਰ ਪਰੇ ਹੋਰ ਹੋਰ ਹੈ', ਉਸ ਹਰੇਕ ਧਰਤੀ ਦੇ ਭਾਰ ਥਲੇ ਕੌਣ ਹੈ ? ਇਸੇ ਤਰ੍ਹਾਂ 'ਸਸ ਘਰ ਸੂਰ ਸਮਾਇੰਦਾ' ਵਲ ਇਸ਼ਾਰਾ ਦਸਦਾ ਹੈ ਕਿ ਗੁਰੂ ਸਾਹਿਬ ਨੂੰ ਪਤਾ ਸੀ, ਕਿ ਚੰਨ ਆਪਣੀ ਰੌਸ਼ਨੀ ਕਿਥੋਂ ਲੈਂਦਾ ਹੈ ? ਸੱਤ ਆਕਾਸ਼ ਤੇ ਸੱਤ ਪਾਤਾਲ ਦਾ ਮੁਸਲਮਾਨੀ ਵਿਸ਼ਵਾਸ਼ ਵੀ ਗੁਰੂ ਸਾਹਿਬ ਨੇ ਰੱਦ ਕੀਤਾ ਹੈ, 'ਪਤਾਲਾਂ ਪਾਤਾਲ, ਲਖ ਆਗਾਸਾ ਆਗਾਸ' ਆਖ ਕੇ। ਉਨ੍ਹਾਂ ਇਹ ਵੀ ਦੱਸਿਆ ਹੈ, ਕਿ ਸੂਰਜ ਸਾਡੀ ਧਰਤੀ ਦਾ ਹੀ ਨਹੀਂ, ਹੋਰ ਧਰਤੀਆਂ ਦੇ ਵੀ ਹਨ। 'ਕੇਤੇ ਇੰਦ ਚੰਦ ਸੂਰ, ਕੇਤੇ ਕੇਤੇ ਮੰਡਲ ਦੇਸ'। ਉਨ੍ਹਾਂ ਦਾ ਵਿਸ਼ਵਾਸ ਇਹ ਵੀ ਹੈ, ਜੁ ਸੂਰਜ ਚੰਨ ਬਾਕੀ ਕਾਇਨਾਤ ਵਾਂਗ ਸਦੀਵੀ ਚਾਲ ਵਿਚ ਪਏ ਹੋਏ ਹਨ--'ਕੋਹ ਕ੍ਰੋੜੀ ਚਲਤ ਨਾ ਅੰਤ।' ਸ੍ਰਿਸ਼ਟੀ ਦਾ ਮੁਢ ਦਸਣ ਲਗਿਆਂ ਵੀ ਉਨ੍ਹਾਂ ਮੁੱਢ ਵਿਚ 'ਅਰਬਦ ਨਰਬਦ ਧੁੰਦੂਕਾਰਾ' ਦਸਿਆ ਹੈ, ਜਿਸ ਵੇਲੇ ਨਾ ਧਰਤੀ ਸੀ, ਨਾ ਆਕਾਸ਼, ਨਾ ਦਿਨ, ਨਾ ਰਾਤ, ਨਾ ਸੂਰਜ, ਨਾ ਚੰਦ, ਨਾ ਪਉਣ, ਨਾ ਪਾਣੀ, ਨਾ ਰੁਖ, ਨਾ ਮਨੁੱਖ ਸੀ। ਆਪ ਹੀ ਰਬ ਨੇ ਆਪਣੇ ਹੁਕਮ ਨਾਲ ਸਭ ਰਚਨਾ ਰਚ ਦਿਤੀ, ਪਰ ਗੁਰੂ ਅਰਜਨ ਨੇ ਇਹ ਲਿਖ ਕੇ ਕਿ ਕਈ ਜਨਮ ਮਨੁੱਖ ਸੈਲ (ਪਥਰ) ਦੀ ਜੂਨ ਵਿਚ ਰਿਹਾ, ਕਈ ਜਨਮ ਸਾਖ (ਬ੍ਰਿਛ-ਬੂਟੇ) ਦੀ ਜੂਨ ਵਿਚ, ਫਿਰ ਕੀੜੇ ਪਤੰਗੇ, ਤੇ ਵਡੇ ਜਨੌਰਾਂ ਤੋਂ ਹੁੰਦਾ ਹੁੰਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਨੁਖ ਬਣਿਆ, ਕੀ ਇਸ਼ਾਰੇ-ਮਾਤਰ ਵਿਕਾਸ ਦੀ ਥੀਊਰੀ ਵਲ ਤਾਂ ਇਸ਼ਾਰਾ ਨਹੀਂ ਕੀਤਾ ?

'ਸੂਰਜ ਏਕੋ ਰੁਤ ਅਨੇਕ' ਦੇ ਬਚਨ ਤੋਂ ਪਤਾ ਲਗਦਾ ਹੈ ਕਿ ਰੁਤਾਂ ਦਾ ਬਦਲਣਾ ਸੂਰਜ ਦੀ ਗਰਦਸ਼ ਦਾ ਨਤੀਜਾ ਸਮਝਿਆ ਜਾਂਦਾ ਸੀ ।

ਉਨ੍ਹਾਂ ਨੇ ਇਹ ਵੀ ਫ਼ਰਮਾਇਆ ਹੈ ਕਿ ਜਲ ਅਕਾਸ਼ ਦੀ ਸੁੰਨ ਵਿਚ ਸਮਾ ਰਿਹਾ ਹੈ। ਅਰਥਾਤ ਪਾਣੀ ਨਿਰਾ ਸਮੁੰਦਰ ਵਿਚ ਹੀ ਨਹੀਂ, ਓਥੇ ਵੀ ਹੈ ਜਿਥੇ ਨਹੀਂ ਦਿਸਦਾ, ਜਿਵੇਂ ਅਗਨੀ ਪਾਣੀ ਵਿਚ ਵੀ ਵਸਦੀ ਹੈ (ਹੁਣ ਬਿਜਲੀ ਕਢ ਕੇ ਪ੍ਰਤੱਖ ਨਹੀਂ ਦਿਸ ਪਿਆ ?) ਤੇ ਲਕੜੀ ਵਿਚ ਵੀ। ਕਬੀਰ ਨੇ ਹਰ ਪੱਤੀ ਵਿਚ ਜੀਵ ਦਸਿਆ ਹੈ, ਜੋ ਸਾਇੰਸ ਦੀ ਅਤਿ ਨਵੀਂ ਖੋਜ ਦੇ ਅਨੁਕੂਲ ਹੈ ।

ਕੁਝ ਕੁ ਹੋਰ ਸਮਾਜੀ ਰਿਵਾਜਾਂ ਵਲ ਵੀ ਇਸ਼ਾਰਾ ਮਿਲਦਾ ਹੈ, ਗੁਰੂ-ਗ੍ਰੰਥ ਵਿਚ । ਮਿਸਾਲ ਲਈ ਮਰੇ ਹੋਏ ਸਰੀਰ ਨੂੰ ਨੁਹਾਲਣਾ, ਤੇ ਰੇਸ਼ਮ ਵਿਚ ਲਪੇਟਣਾ, ਲੋਕਾਂ ਦਾ ਢਾਹਾਂ ਮਾਰ ਕੇ ਰੋਣਾ ਤੇ 'ਹਾਏ ਹਾਏ' ਕਰ ਕੇ ਛਾਤੀ ਨੂੰ ਪਿੱਟਣਾ, ਕਈਆਂ ਦਾ ਦੱਬਿਆ ਜਾਣਾ, ਕਈਆਂ ਨੂੰ ਸਾੜਿਆ ਜਾਣਾ, ਕਈਆਂ ਨੂੰ ਕੁਤਿਆਂ ਨੇ ਖਾਣਾ, ਕਈਆਂ ਦਾ ਸਮੁੰਦਰ ਵਿਚ ਰੋੜ੍ਹਿਆ ਜਾਣਾ, ਕਈਆਂ ਦਾ 'ਹਸਣਿ ਪਾਏ ।' ਮੋਇ ਪਿੱਤਰਾਂ ਦੀ ਰੂਹ ਦਾ ਵਿਨਾਸ਼ ਨਾ ਹੋਇਆ ਮੰਨਣਾ, ਤੇ ਉਨ੍ਹਾਂ ਪਿਛੇ ਦਾਨ ਦੇਣਾ, ਪਿੰਡ ਭਰਨੇ, ਕਿਰਿਆ ਕਰਨੀ, ਪੱਤਲਾਂ ਦੇਣੀਆਂ, ਦੀਵਾ ਮਣਸਣਾ ਆਮ ਪ੍ਰਚਲਤ ਸੀ। ਇਥੋਂ ਤਕ ਕਿ ਚੋਰ ਵੀ ਪਿੱਤਰਾਂ ਨਮਿੱਤ ਦਾਨ ਦੇਂਦੇ ਸਨ ।

ਜੰਜ ਲੜਕੀ ਦੇ ਬੂਹੇ ਤੇ ਆਉਣ ਵੇਲੇ ਢੁਕਾ ਹੁੰਦਾ ਸੀ, ਤੂਤੀਆਂ ਵਾਜਿਆਂ ਦੀ ਕੜਕੁੱਟ ਵਿਚ, ਵਿਆਂਹੁਦੜ ਸੂਹੀ ਕਰਦੀ ਸੀ ਸੱਸ ਦੀ, ਸਸਾਂ ਨੂੰਹਾਂ ਦੇ ਸਿਰ ਉਤੋਂ ਪਾਣੀ ਵਾਰ ਕੇ ਪੀਂਦੀਆਂ ਸਨ, ਵਿਆਹ ਪਾਂਧਿਆਂ ਤੋਂ ਸੁਧਾਏ ਜਾਂਦੇ ਸਨ, ਤੇ 'ਮਿਲ ਕਰ ਪਾਵਹੁ ਤੇਲ,' ਜਿਸ ਵੇਲੇ ਵਿਆਹੀ ਕੁੜੀ ਸਹੁਰੇ ਘਰ ਦੇ ਬੂਹੇ ਵਿਚ ਪੈਰ ਰਖਦੀ ਸੀ ਸ਼ਗਨ ਦੇ ਤੌਰ ਤੇ। ਉਸ ਦਾ ਮੁਢ ਵਿਚ ਬੜਾ ਆਦਰ ਹੁੰਦਾ ਸੀ, ਤੇ ਉਹ ਡੋਲੀ ਵਿਚ ਬਹਿ ਕੇ ਆਉਂਦੀ ਸੀ । ਵਿਆਹ ਤੋਂ ਪਿਛੋਂ ਮੁਕਲਾਵੇ ਦਾ ਰਿਵਾਜ ਸੀ ।

'ਸਭਨਾਂ ਸਹੁਰੇ ਵੰਞਣਾ, ਸਭ ਮੁਕਲਾਵਣਹਾਰ ।'

ਲੋਕਾਂ ਵਿਚ ਸੂਤਕ ਆਮ ਮੰਨਿਆਂ ਜਾਂਦਾ ਸੀ । ਸੁੱਚ ਭਿੱਟ ਦੇ ਖ਼ਿਆਲ ਨਾਲ ਚੌਂਕਾ ਫੇਰਨਾ ਤੇ ਕਾਰਾਂ ਕਢਣੀਆਂ ਵੀ ਪ੍ਰਚਲਤ ਸਨ । ਪਤੀ ਨੂੰ ਪਰਦੇਸ ਭੇਜਣ ਤੋਂ ਪਤਨੀਆਂ ਵਿਚ ਬੜੀ ਘਬਰਾਹਟ ਸੀ :—

'ਪਿਰ ਪਰਦੇਸਿ ਨਾ ਜਾਹੁ, ਵਸਹੁ ਘਰ ਮੋਰੇ ।'

ਸ਼ਾਇਦ ਆਵਾਜਾਈ ਦੇ ਸਾਧਨ ਘਟ ਸਨ, ਇਸ ਲਈ ਸਮੁੰਦਰ ਤੋਂ ਡਰ ਲਗਦਾ ਜਾਪਦਾ ਹੈ ਲੋਕਾਂ ਨੂੰ । ਇਵੇਂ ਤਾਂ ਨਹੀਂ ਸੰਸਾਰ ਨੂੰ 'ਸਾਗਰ' ਆਖਿਆ ਗਿਆ, ਜਿਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚੋਂ ਮਨੁੱਖ ਦਾ ਪਾਰ ਉਤਾਰਾ ਹੋਣਾ ਲੋੜੀਏ। ਬੋਹਿਥ (ਜਹਾਜ਼) ਤੇ ਬੇੜੀ-ਤੁਲਹਾ ਦਾ ਘੜੀ ਮੁੜੀ ਆਇਆ ਵਰਨਣ ਦਸਦਾ ਹੈ ਕਿ ਵਪਾਰ ਸਮੁੰਦਰ ਦੇ ਰਸਤੇ ਵੀ ਹਿੰਦ ਨਾਲ ਬਾਹਰ ਦੇ ਦੇਸਾਂ ਦਾ ਹੁੰਦਾ ਸੀ।

ਗਊ ਤੇ ਸੂਰ ਹਿੰਦੂ ਤੇ ਮੁਸਲਮਾਨ ਲਈ ਹੁਣ ਵਾਂਗ ਹੀ ਗਾਲ੍ਹ ਸਨ। ਪਰਾਇਆ ਹੱਕ ਮਾਰਨਾ ਗੁਰੂ-ਗ੍ਰੰਥ ਵਿਚ ਇਨ੍ਹਾਂ ਨੂੰ ਖਾਣ ਦੇ ਤੁਲ ਮਿਥਿਆ ਗਿਆ ਹੈ।

ਗੁਰੂ-ਗ੍ਰੰਥ ਵਿਚ ੬੮ ਤੀਰਥਾਂ ਦਾ ਵਰਨਣ ਘੜੀ ਮੁੜੀ ਕੀਤਾ ਗਿਆ ਹੈ, ਭਾਵੇਂ ਸਾਰਿਆਂ ਦਾ ਵੇਰਵਾ ਦਿੱਤਾ ਨਹੀਂ ਗਿਆ। ਕੁਝ ਕੁ ਪ੍ਰਸਿਧ ਅਸਥਾਨ ਜਿਨ੍ਹਾਂ ਦਾ ਜ਼ਿਕਰ ਆਇਆ ਹੈ, ਇਹ ਹਨ :—

ਉੜੀਸਾ, ਜਗਨਨਾਥ ਪੁਰੀ, ਕਾਬਾ, ਗੋਇੰਦਵਾਲ, ਹਰਦਵਾਰ, ਲੰਕਾ, ਕਾਂਸ਼ੀ, ਕੇਦਾਰਾ, ਕਾਬਲ, ਕਰਤਾਰ ਪੁਰ, ਕੁਰਖੇਤਰ, ਕੈਲਾਸ਼ ਪਰਬਤ, ਖੁਰਾਸਾਨ, ਗਇਆ, ਗੰਗਾ, ਸਰਸਵਤੀ, ਜਮਨਾ, ਗੋਦਾਵਰੀ, ਗੋਮਤੀ, ਪਰਿਯਾਗ (ਅਲਾਹਾਬਾਦ), ਦਵਾਰਕਾ, ਬਿੰਦਰਾਬਨ, ਮਾਨਸਰੋਵਰ, ਮਾਰਵਾੜ, ਰਿਖੀਕੇਸ਼, ਖਡੂਰ, ਬਿਆਸ, ਮਥਰਾ। ਇਨ੍ਹਾਂ ਤੋਂ ਪਤਾ ਲਗਦਾ ਹੈ, ਕਿ ਉਤਰੀ ਹਿੰਦੁਸਤਾਨ ਨੂੰ ਹੀ ਉਸ ਵੇਲੇ ਦੇਸ ਆਖਿਆ ਜਾਂਦਾ ਸੀ। ਦੱਖਣੀ ਤੇ ਪੂਰਬੀ ਹਿੰਦ ਨਾਲ ਲੋਕਾਂ ਦਾ ਨਾਤਾ ਧਰਮ ਜਾਂ ਸਭਿਆਚਾਰ ਕਰ ਕੇ ਬੜਾ ਘਟ ਸੀ। ਪ੍ਰਦੇਸਾਂ ਵਿਚੋਂ ਕੇਵਲ ਕਾਬਲ, ਖੁਰਾਸਾਨ ਤੇ ਕਾਬਾ ਦਾ ਜ਼ਿਕਰ ਮੁਸਲਮਾਨਾਂ ਦੇ ਰਾਜਸੀ ਦਾਬੇ ਦਾ ਲਖਾਇਕ ਹੈ।

ਆਏ ਗਏ ਅਭਿਆਗਤ ਦੀ ਸੇਵਾ ਟਹਿਲ ਕਰਨੀ, ਚਰਨ-ਧੋਣ ਪੀਣੀ, ਪੈਰਾਂ ਦੀ ਧੂੜ ਮਥੇ ਤੇ ਲਾਣੀ, 'ਦਮੜਾ' (ਰੁਪਿਆ) ਖ਼ਰਚ ਕੇ ਚੀਜ਼ਾਂ ਦਾ ਮਿਲਣਾ [ਭਾਵ ਚੀਜ਼ਾਂ ਦੇ ਵੱਟੇ ਸੱਟੇ ਦਾ ਰਵਾਜ ਨਹੀਂ ਸੀ, ਰੁਪਏ ਨਾਲ ਲੈਣ ਦੇਣ ਹੁੰਦਾ ਸੀ] ਸੂਮਾਂ ਦਾ ਧਨ ਨੂੰ ਅੰਦਰ ਦਬਾਣਾ [ਡਰ ਕਰ ਕੇ ਜਾਂ ਲਾਲਚ ਕਰ ਕੇ] ਤੇ ਧਨ ਦਾ ਤੁਰਨਾ ਫਿਰਨਾ ਘਟ, ਜਿੱਥੇ ਆਨਾ ਨਿੱਠ ਕੇ ਬਹਿ ਜਾਣਾ, ਉਦੋਂ ਦੇ ਜਾਗੀਰਦਾਰੀ ਨਿਜ਼ਾਮ ਵਿਚ ਇਨਬਿਨ ਢੁਕਦਾ ਹੈ। ਫਿਰ ਗ਼ਰੀਬਾਂ ਦੀ ਰੋਟੀ ਰੁਖੀ ਕਾਠ ਵਰਗੀ ਤੇ ਅਮੀਰਾਂ ਦੀ ਚੋਪੜੀ ਹੋਈ, ਗ਼ਰੀਬਾਂ ਦੀਆਂ ਛੰਨ ਛਪਰੀਆਂ ਤੇ ਅਮੀਰਜ਼ਾਦਿਆਂ ਦੇ ਚਿਤਰਕਾਰੀ-ਮੜ੍ਹੇ ਧੌਲਰ ਨਾਲੋ ਨਾਲ ਹੋਣੇ ਉਸ ਵੇਲੇ ਦੇ ਸਭਿਆਚਾਰਕ ਵਿਕਾਸ ਦਾ ਪਤਾ ਦੇਂਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

4

ਗੁਰੂ ਗ੍ਰੰਥ ਦੀ ਕੁਦਰਤ-ਕਵਿਤਾ

ਗੁਰੂ ਗ੍ਰੰਥ ਦੀ ਕਵਿਤਾ ਵਿਚ ਕੁਦਰਤ ਦੇ ਕ੍ਰਿਸ਼ਮਿਆਂ ਨੂੰ ਦੇਵ-ਰੂਪ ਨਹੀਂ ਦਿਤਾ ਗਿਆ, ਨਾ ਹੀ ਮਨੁੱਖ-ਰੱਬ-ਕੁਦਰਤ ਦੀ ਅਭੇਦਤਾ ਦਰਸਾ ਕੇ ਕੁਦਰਤ-ਪੂਜਾ ਜਾਂ ਕੁਦਰਤ ਵਿਚੋਂ ਕਾਦਰ ਦੇ ਸਰੂਪ ਨੂੰ ਵੇਖਣ ਉਤੇ ਜ਼ੋਰ ਦਿਤਾ ਗਿਆ ਹੈ। ਮਨੁੱਖ ਦੇ ਹੀਅੜੇ ਵਾਂਗ ਕੁਦਰਤ ਵਿਚ ਵੀ ਇਕੋ ਪਰਮ-ਤੱਤ ਦੀ ਜੋਤ ਬਲ ਰਹੀ ਹੈ, 'ਬਲਿਹਾਰੀ ਕੁਦਰਤ ਵਸਿਆ', ਤੇ ਮਨੁੱਖ ਵਾਂਗ ਕੁਦਰਤ ਵੀ ਉਸੇ ਦੇ ਹੁਕਮ ਵਿਚ ਬੱਧੀ, ਭੈ ਵਿਚ ਥਰਹਰ ਕੰਬਦੀ ਕਾਰ ਕਰਦੀ ਹੈ :—

'ਭੈ ਵਿਚ ਪਵਣੁ ਵਹੈ ਸਦ ਵਾਉ ।
ਭੈ ਵਿਚਿ ਚਲਹਿ ਲਖ ਦਰੀਆਉ ।
ਭੈ ਵਿਚ ਅਗਨਿ ਕਢੈ ਵੇਗਾਰਿ ।
ਭੈ ਵਿਚਿ ਧਰਤੀ ਦਬੀ ਭਾਰਿ ।
ਭੈ ਵਿਚ ਸੂਰਜੁ, ਭੈ ਵਿਚ ਚੰਦੁ ।
ਕੋਹ ਕਰੋੜੀ ਚਲਤ ਨ ਅੰਤੁ ।'

ਇਹੀ ਸਾਂਝ ਕੁਦਰਤ ਤੇ ਮਨੁੱਖ ਦੀ ਹੈ। ਦੋਹਾਂ ਦੇ ਸਿਰ ਉਤੇ 'ਅਮਰ ਕਰਾਰਾ' ਗਰਜ ਰਿਹਾ ਹੈ ਤੇ ਦੋਵੇਂ 'ਜਿਵ ਜਿਵ ਹੁਕਮ, ਤਿਵੈ ਤਿਵ ਕਾਰ' ਕਰੀ ਜਾ ਰਹੇ ਹਨ। ਇਸੇ ਨੂੰ ਹੀ ਕੁਦਰਤ ਦਾ ਹਰੀ-ਸਿਮਰਨ ਆਖਿਆ ਹੈ :—

'ਸਿਮਰੈ ਧਰਤੀ ਅਰੁ ਆਕਾਸਾ ।
ਸਿਮਰਹਿ ਚੰਦ ਸੂਰਜ ਗੁਣ ਤਾਸਾ ।
ਪਉਣੁ ਪਾਣੀ ਬੈਸੰਤਰ ਸਿਮਰਹਿ,
ਸਿਮਰੈ ਸਗਲ ਉਪਾਰਜਨਾ ।' [ਮਾਰੂ ਸੋਲਹੇ ਮ: ੫]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸੇ ਲਈ ਇਨ੍ਹਾਂ ਨੂੰ ਵੇਖ ਵੇਖ ਮਨੁੱਖ ਵਿਸਮਾਦ ਵਿਚ ਆਉਂਦਾ ਹੈ ਤੇ ਜਾਣਨ ਲਗਦਾ ਹੈ ਕਿ ਏਨੇ ਅਟੱਲ ਸੁਭਾ ਪ੍ਰਕ੍ਰਿਤੀ ਦੀਆ ਅਡੋ ਅਡ ਤਾਕਤਾਂ ਦੇ, ਇਕ ਬਝਵੇਂ ਨੇਮ ਵਿਚ ਕਾਰ ਕਰਦੇ, ਕਿਸੇ ਬੇ-ਕਾਇਦਗੀ ਦੇ ਲਖਾਇਕ ਨਹੀਂ, ਸਗੋਂ ਕਿਸੇ ਤਰਤੀਬ, ਨੇਮ, ਆਦਰਸ਼ ਦੇ ਲਖਾਇਕ ਹਨ। ਇਨ੍ਹਾਂ ਦੇ ਪਿਛੇ ਕੋਈ ਸੋਚਵਾਨ ਸ਼ਕਤੀ ਕੰਮ ਕਰ ਰਹੀ ਹੈ। ਹਰੇਕ ਵਿਚ ਅੱਡਰੀ ਨਾਂਹ, ਸਗੋਂ ਹਰੇਕ ਵਿਚ ਓਹੀ, ਜਿਸ ਨਾਲ ਇਕ ਦੂਜੇ ਦੀਆਂ ਪ੍ਰਤੀਕਰਮ ਹੁੰਦੀਆਂ ਹੋਈਆਂ ਵੀ ਇਹ ਤਾਕਤਾਂ ਇਕ ਸਮੁੱਚੀ ਇਕਾਈ ਵਿਚ ਬੱਝੀਆਂ ਹਨ। ਮਨੁੱਖ ਲਈ ਇਹ ਲਾਭਵੰਦੀਆਂ ਤਾਂ ਹਨ, ਪਰ ਇਹ ਉਸਦਾ ਆਦਰਸ਼ ਨਹੀਂ। ਹਾਂ, ਉਨ੍ਹਾਂ ਤੋਂ ਉਹ ਆਪਣੇ ਜੀਵਨ-ਰਾਹ ਨੂੰ ਰੱਬ ਵਲ ਮੋੜਨ ਲਈ ਉਤਸ਼ਾਹ ਲੈ ਸਕਦਾ ਹੈ। ਜੇ ਬਾਹਰੋਂ ਦਿਸਦੀ ਜੜ੍ਹ-ਕੁਦਰਤ ਇਕ ਬਝਵੇਂ ਨੇਮ ਨੂੰ ਸੁਤੇ ਸਿਧ ਹੀ ਪਾਲਦੀ ਹੈ ਤਾਂ ਚੈਤੰਨ ਮਨੁੱਖ ਕਿਉਂ ਨਾ ਉਸ ਨੇਮ ਜਾਂ 'ਹੁਕਮ' ਨੂੰ ਖੋਜੇ, ਬੁਝੇ ਤੇ ਉਸਦੇ ਆਖੇ ਲਗ ਜੀਵਨ-ਆਦਰਸ਼ ਨੂੰ ਪ੍ਰਾਪਤ ਕਰੇ। ਜੇ ਗਗਨ ਦੇ ਥਾਲ ਵਿਚ ਜੜ੍ਹੇ ਚੰਦ ਸੂਰਜ ਦੇ ਦੀਵੇ ਤੇ ਤਾਰਾ-ਮੰਡਲ ਦੇ ਮੋਤੀ ਹਰਦਮ, ਹਰ ਘੜੀ, ਕਿਸੇ 'ਹੁਕਮ' ਤੋਂ ਬਲਿਹਾਰ ਜਾ ਰਹੇ, ਮਾਨੋਂ ਉਸਦੀ ਆਰਤੀ ਉਤਾਰਦੇ ਹਨ, ਜਦ ਪਵਣ ਉਸਦੀ ਚੌਰੀ ਕਰਦੀ, ਮਲਿਆਗਰ ਚੰਦਨ ਦੀ ਧੂਪ ਉਸ ਅਗੇ ਧੁਖਦੀ ਤੇ ਸਗਲ ਬਨਰਾਇ ਦੇ ਫੁੱਲ ਉਸ ਅਗੇ ਆਪਣੀ ਖ਼ੁਸ਼ਬੂਈ ਦਾ ਢੋਆ ਭੇਟ ਕਰਦੇ ਹਨ ਤਾਂ ਮਨੁੱਖ ਕਿਉਂ ਨਾ ਕਰੇ ? ਜਿਸ ਪਰਮ-ਜੋਤ ਦੇ ਅਗੇ :--

ਭਾਰ ਅਠਾਰਹ ਮਾਲਣਿ ਤੇਰੀ।
ਚਉਰੁ ਢੁਲੈ ਪਵਣੈ ਲੈ ਫੇਰੀ।
ਚੰਦੁ ਸੂਰਜ ਦੁਇ ਦੀਪਕ ਰਾਖੇ।
ਸਸਿ ਘਰਿ ਸੂਰੁ ਸਮਾਇਦਾ। [ਮਾਰੂ ਮ: ੧]

ਉਸ ਤੋਂ ਮਨੁੱਖ ਕਿਉਂ ਨਾ ਜੀਉ ਸਦੱਕੜੇ ਹੋਵੇ ? ਕੁਦਰਤ ਦੀ ਅਥਾਹ ਵਿਸ਼ਾਲਤਾ, ਉਸਦੇ ਰੰਗਾ ਰੰਗਪਨ, ਉਸਦੀ ਤਾਕਤ ਤੇ ਕਹਿਰ, ਉਸਦੀ ਕੋਮਲਤਾ ਤੇ ਕੰਮ ਆਉਣ ਦਾ ਸੁਭਾਉ ਤੇ ਸਭ ਕੁਝ ਉਤੇ ਉਸਦਾ ਨਿਯਮ-ਬੰਧ ਹੋਣਾ ਮਨੁੱਖ ਨੂੰ ਇਹੀ ਸੁਝਾਉਂਦੇ ਹਨ ਕਿ ਜਿਵੇਂ 'ਕੁਦਰਤ ਤੇਰੀ ਬਿਸਮਾ' ਹੈ, ਤਿਵੇਂ 'ਤੂੰ' (ਹੇ ਚੀਜ਼ਾਂ ਦੀ ਮੂਲ-ਜ਼ਤਾ) ਅਚਰਜ ਹੈਂ। ਕੁਦਰਤੀ ਤੱਤਾਂ ਦੇ ਸੁਭਾ ਤੇ ਜੀਵਨ-ਜਾਚ ਤੋਂ ਇਹ ਵੀ ਪਤਾ ਲਗਦਾ ਹੈ (ਜਿਸਦੀ ਪ੍ਰੋੜ੍ਹਤਾ ਵਰਤਮਾਨ ਸਾਇੰਸ ਵੀ ਕਰਦੀ ਹੈ) ਕਿ ਉਹ ਜੜ੍ਹ ਨਹੀਂ, ਚੈਤੰਨ ਹੈ ਤੇ ਮਨੁੱਖ ਤੇ ਉਨ੍ਹਾਂ ਦੀ ਬਣਤਰ ਜਾਂ ਸੁਭਾ ਵਿਚ ਭਿੰਨਤਾ ਬਾਹਰ-ਮੁਖੀ ਹੈ, ਅੰਤਰ-ਮੁਖੀ ਕੋਈ ਨਹੀਂ, ਇਹ ਭਿੰਨਤਾ 'ਵੰਨਗੀ' ਦੀ ਨਹੀਂ, 'ਦਰਜੇ' ਦੀ ਭਾਵੇਂ ਹੋਵੇ। ਦੋਵੇਂ ਇਕੋ ਪ੍ਰਕਾਸ਼ ਨਾਲ ਚਾਨਣਿਆਏ ਜਾ ਰਹੇ ਹਨ, ਦੋਹਾਂ ਵਿਚ ਓਹੀ ਤੱਤ ਜੁੜੇ, ਬਧੇ ਹੋਏ ਕਾਰ ਕਰਦੇ ਹਨ; ਮਨੁੱਖ ਦੇ ਅੰਦਰ ਦਾ ਪਸਾਰਾ ਵੀ ਓਹੀ ਹੈ ਜੋ ਉਸਨੂੰ ਬਾਹਰ ਖਿਲਰਿਆ ਦਿਸ ਰਿਹਾ ਹੈ। ਓਹੀ ਪੌਣ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਣੀ, ਬੈਸੰਤਰ, ਧਰਤੀ, ਗਗਨ, ਮਨੁਖ ਦੇ ਅੰਦਰ ਵਸਦੇ ਹਨ, ਜੋ ਬਾਹਰ ਦਿਸਦੇ ਹਨ। ਓਵੇਂ ਹੀ ਮਨੁੱਖ ਜੰਮਦਾ, ਵਧਦਾ, ਕਾਰ ਕਰਦਾ ਤੇ ਮਰਦਾ ਹੈ, ਜਿਵੇਂ ਕੋਈ ਬਿਰਖ, (ਹੈਨ ਭਾਵੇਂ ਬਾਕੀ ਸਭ ਜੂਨਾਂ ਮਨੁੱਖ ਦੀ ਪਨਿਹਾਰੀ ਵਾਂਗ ਤੇ ਸਿਕਦਾਰੀ ਸਭਨਾਂ ਉਤੇ ਉਸੇ ਦੀ ਹੈ)। ਇਵੇਂ ਹੀ ਉਸਦੀ ਆਤਮਾ ਵੀ ਸੜਦੀ, ਸੁਕਦੀ ਹੈ, ਜੇ ਉਹ ਆਪਣੀ ਧਰਤੀ, ਰੱਬ, ਵਿਚ ਨਾ ਗੱਡੀ ਹੋਵੇ। ਕਦੀ ਉਹ ਪਾਣੀ ਵਾਂਗ ਸੀਤਲ ਹੁੰਦਾ, ਪਵਣ ਵਾਂਗ ਝੁਲਦਾ ਹੈ, ਕਦੀ 'ਅਗਨਿ ਭਖੈ ਭੜਹਾਰੇ।' ਪਵਣ ਉਸਦਾ ਗੁਰੂ ਹੈ, ਪਾਣੀ ਪਿਤਾ ਹੈ, ਧਰਤੀ ਮਾਂ ਹੈ, ਦਿਨ-ਰਾਤ ਉਸਦੇ ਖਿਡਾਵੇ ਹਨ। ਬਾਕੀ ਸ੍ਰਿਸਟੀ ਵਾਂਗ ਪੈਦਾ ਉਹ ਵੀ ਪਾਣੀ ਤੋਂ ਹੀ ਹੋਇਆ ਹੈ :--

'ਸਾਚੇ ਤੇ ਪਵਨਾ ਭਇਆ, ਪਵਨੈ ਤੇ ਜਲੁ ਹੋਇ।
ਜਲ ਤੇ ਤ੍ਰਿਭਵਣ ਸਾਜਿਆ ਘਟਿ ਘਟਿ ਜੋਤਿ ਸਮੋਇ।'

ਜਿਸ ਪਾਣੀ ਨਾਲ 'ਹਰਿਆ ਸਭ ਕੋਇ' ਹੈ, ਉਸ ਬਿਨਾਂ ਉਹ ਵੀ ਹਰਿਆ ਨਹੀਂ ਰਹਿ ਸਕਦਾ! ਜਦ ਹਾੜ੍ਹ ਦੇ ਸੋਕੇ ਪਿਛੋਂ,

'ਉਨਵੈ ਘਨਹਰੁ ਗਰਜੈ ਬਰਸੈ, ਕੋਕਿਲ, ਮੋਰ, ਬੈਰਾਗੇ।
ਤਰਵਰ, ਬਿਰਖ, ਬਿਹੰਗ, ਭੁਇਅੰਗਮ, ਘਰਿ ਪਿਰੁ ਧਨ ਸੋਹਾਗੈ।'

ਹੁੰਦਾ ਹੈ ਤਾਂ ਉਸਦਾ ਅੰਦਰਲਾ ਵੀ ਮੌਲਦਾ ਹੈ ਤੇ ਦੁਖ ਭੁਖ ਉਸਦੇ ਦੂਰ ਹੋ ਜਾਂਦੇ ਹਨ :--

'ਸਾਵਣ ਆਇਆ ਝਿਮਝਿਮਾ, ਹਰਿ ਗੁਰਮੁਖਿ ਨਾਮੁ ਧਿਆਇ।
ਦੁਖ ਭੁਖ ਕਾੜ ਸਭੁ ਚੁਕਾਇਸੀ, ਮੀਹੁ ਵੁਠਾ ਛਹਿਬਰ ਲਾਇ।
ਸਭ ਧਰਤਿ ਭਈ ਹਰਿਆਵਲੀ, ਅੰਨ ਜੰਮਿਆ ਬੋਹਲ ਲਾਇ।'

ਇਸੇ ਲਈ 'ਮੀਂਹ ਪਇਆ, ਪਰਮੇਸਰ ਪਾਇਆ' ਵਾਂਗ ਹੈ। ਸਾਵਣ ਦੀ ਛਮਛਮਾਈ ਨੂੰ ਗੁਰੂ ਗ੍ਰੰਥ ਦੀ ਬਾਣੀ ਵਿਚ ਇਸੇ ਲਈ ਹੁਨਰ ਦੀ ਸਾਰੀ ਕਾਰੀਗਰੀ ਨਾਲ, ਕਈ ਪਾਸਿਆਂ ਤੋਂ ਵਿਆਖਿਆ ਗਿਆ ਹੈ। ਉਦਾਹਰਣ ਵਜੋਂ, ਜਦ ਸਾਵਣ ਵਿਚ ਪ੍ਰਿਯ ਕੋਲ ਹੋਵੇ ਤਾਂ,

'ਊਪਰ ਬਨੈ ਅਕਾਸੁ, ਤਲੈ ਧਰ ਸੋਹਤੀ।
ਦਹਦਿਸ ਚਮਕੈ ਬੀਜੁਲ, ਮੁਖ ਕਉ ਜੋਹਤੀ।'

ਅਤੇ ਜੇ ਦੂਰ ਹੋਵੇ, ਤਾਂ :--

'ਮੋਰੀ ਰੁਣ ਝੁਣ ਲਾਇਆ, ਭੈਣੇ ਸਾਵਣ ਆਇਆ।
ਤੇਰੇ ਮੁੰਧ ਕਟਾਰੇ ਜੇਵਡਾ, ਤਿਨਿ ਲੋਭੀ ਲੋਭੁ ਲੁਭਾਇਆ।
ਚੂੜਾ ਭੰਨੁ, ਪਲੰਘ ਸਿਉ ਮੁੰਧੇ, ਸਣੁ ਬਾਹੀ, ਸਣੁ ਬਾਹਾ।
ਏਤੇ ਵੇਸ ਕਰੇਂਦੀਏ ਮੁੰਧੇ, ਸਹੁ ਰਾਤੋ ਅਵਰਾਹਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾ ਮਨੀਆਰੁ, ਨ ਚੂੜੀਆ, ਨਾ ਸੇ ਵੰਗੁੜੀਆਹ ।
ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ ।
ਮਾਠਿ ਗੁੰਦਾਈ ਪਟੀਆ, ਭਰੀਐ ਮਾਂਗ ਸੰਧੂਰੇ ।
ਅਗੈ ਗਈ ਨ ਮੰਨੀਆ, ਮਰਉ ਵਿਸੂਰਿ ਵਿਸੂਰੇ ।
ਮੈ ਰੋਵੰਦੀ ਸਭੁ ਜਗੁ ਰੁੰਨਾ, ਰੁੰਨੜੇ ਵਣਹੁ ਪੰਖੇਰੂ ।
ਇਕ ਨ ਰੁੰਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ ।'

ਜਾਪਦਾ ਇਵੇਂ ਹੈ, ਜਿਵੇਂ ਕੁਦਰਤ-ਮਾਂ ਸਾਡੇ ਸੁਖ ਵਿਚ ਵਿਗਸਦੀ ਤੇ ਦੁਖ ਵਿਚ ਕਹਿਰ ਕਹਿਰ ਹੋ ਨਿਬੜਦੀ ਹੈ । ਗੁਰੂ ਅਰਜਨ ਦੇਵ ਦੀਆਂ 'ਰੁਤੀ' (ਰਾਮਕਲੀ ਮ: ੫) ਤੇ ਗੁਰੂ ਨਾਨਕ ਦੇਵ ਬਾਰਾ ਮਾਹੁ ਵਿਚ ਰੁਤਾਂ ਦੇ ਵਟਦੇ ਸੁਭਾਉ ਨਾਲ ਪਲ ਪਲ ਬਦਲਦੀ ਮਨ ਦੀ ਹਾਲਤ ਨੂੰ ਇਵੇਂ ਜੋੜਿਆ ਹੈ ਕਿ ਕੁਦਰਤ-ਪਸਾਰਾ ਅੰਤਰ-ਆਤਮੇ ਦੀ ਦਸ਼ਾ ਨੂੰ ਹੀ ਮਾਨੋਂ ਰੂਪਮਾਨ ਕਰ ਰਿਹਾ ਹੋਵੇ, ਜਿਵੇਂ ਬਸੰਤ ਵਿਚ :--

੧. ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ ।
ਹਰਿ ਜੀਉ ਨਾਹੁ ਮਿਲਿਆ, ਮਉਲਿਆ ਮਨੁ ਤਨੁ ਸਾਸੁ ਜੀਉ ।
[ਰੁਤੀ, ਰਾਮਕਲੀ ਮ: ੫]

੨. ਚੇਤ ਬਸੰਤ ਭਲਾ, ਭਵਰ ਸੁਹਾਵੜੇ ।
ਬਨ ਫੂਲੇ ਮੰਝ ਬਾਰਿ, ਮੈ ਪਿਰੁ ਘਰਿ ਬਾਹੁੜੇ ।
[ਰਾਗ ਤੁਖਾਰੀ ਛੰਤ ਬਾਰਾ ਮਾਹ, ਮ: ੧]

ਵੈਸਾਖ ਵਿਚ ਵੀ, ਜਦ 'ਸਾਖਾ ਵੇਸ ਕਰੇ' ਮਨ ਨੂੰ ਇਹੀ ਉਡੀਕ ਹੁੰਦੀ ਹੈ ਕਿ 'ਪਿਆਰੇ ਆਉ ਘਰੇ ।' ਪਰ ਹਾੜ੍ਹ ਤੀਕ ਜੇ ਪ੍ਰਿਯ ਨਾਲ ਮੇਲ ਨਹੀਂ ਹੁੰਦਾ ਤਾਂ :--

੧. ਗ੍ਰੀਖਮ ਰੁਤਿ ਅਤਿ ਗਾਖੜੀ ਜੇਠ ਅਖਾੜੈ ਘਾਮ ਜੀਉ ।
ਪ੍ਰੇਮ ਬਿਛੋਹ ਦੁਹਾਗਣੀ, ਦ੍ਰਿਸਟਿ ਨ ਕਰੀ ਰਾਮ ਜੀਉ ।
ਨਹ ਦ੍ਰਿਸਟਿ ਆਵੈ ਮਰਤ ਹਾਵੈ ਮਹਾ ਗਾਰਬਿ ਮੁੱਠੀਆ ।
ਜਲ ਬਾਝੁ ਮਛੁਲੀ ਤਤਫੜਾਵੈ ਸੰਗਿ ਮਾਇਆ ਰੁਠੀਆ ।
[ਰੁਤੀ ਮ: ੫]

੨. ਆਸਾੜ ਭਲਾ, ਸੂਰਜ ਗਗਨਿ ਤਪੈ ।
ਧਰਤੀ ਦੂਖ ਸਹੈ, ਸੋਖੈ, ਅਗਨਿ ਭਖੈ ।
ਅਗਨਿ ਰਸੁ ਸੋਖੈ, ਮਰੀਐ ਧੋਖੈ, ਭੀ ਸੋ ਕਿਰਤੁ ਨ ਹਾਰੇ ।
ਰਥੁ ਫਿਰੈ, ਛਾਇਆ ਧਨ ਤਾਕੈ, ਟੀਡੁ ਲਵੈ ਮੰਝ ਬਾਰੇ ।
[ਬਾਰਾਂ ਮਾਹ, ਮ: ੧]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਵਣ ਚੜ੍ਹਦੇ ਹੀ, ਜੇ ਮੇਲ ਦਾ ਰਸ ਅੰਦਰ ਆ ਸਿੰਜਰੇ, ਤਾਂ :--

੧. ਰੁੱਤਿ ਬਰਸੁ ਸੁਹੇਲੀਆ ਸਾਵਣ ਭਾਦਵੇ ਆਨੰਦ ਜੀਉ ।
ਘਣਿ ਉਨਵਿ ਵੂਠੇ ਜਲ ਥਲ ਪੂਰਿਆ ਮਕਰੰਦ ਜੀਉ ।

ਪਰ ਜੇ ਵਿਛੋੜਾ ਹੋਵੇ, ਤਾਂ :--

੨. ਸਾਵਣ ਸਰਸ ਮਨਾ, ਘਣ ਵਰਸਹਿ ਰੁਤਿ ਆਏ ।
ਮੈ ਮਨਿ ਤਨਿ ਸਹੁ ਭਾਵੈ, ਪਿਰ ਪਰਦੇਸਿ ਸਿਧਾਏ ।
ਪਿਰੁ ਘਰ ਨਹੀ ਆਵੈ, ਮਰੀਐ ਹਾਵੈ, ਦਾਮਨਿ ਚਮਕਿ ਡਰਾਏ ।
ਸੇਜ ਇਕੇਲੀ, ਖਰੀ ਦੁਹੇਲੀ, ਮਰਣੁ ਭਇਆ ਦੁਖ ਮਾਏ ।

[ਬਾਰਾਂ ਮਾਹ, ਮ: ੧]

ਜੇ ਵਿਛੋੜਾ ਲੰਮੇਰਾ ਹੋਵੇ, ਜਿਵੇਂ ਗੁਰੂ ਨਾਨਕ ਨੇ ਦਰਸਾਇਆ ਹੈ ਤਾਂ ਭਾਦਉਂ ਵਿਚ :--

'ਭਾਦਉ ਭਰਮਿ ਭੁਲੀ, ਭਰਿ ਜੋਬਨਿ ਪਛੁਤਾਣੀ ।
ਜਲ ਥਲਿ ਨੀਰਿ ਭਰੇ, ਬਰਸ ਰੁਤੇ ਰੰਗੁ ਮਾਣੀ ।
ਬਰਸੈ ਨਿਸ ਕਾਲੀ, ਕਿਉ ਸੁਖ ਪਾਲੀ, ਦਾਦਰ ਮੋਰ ਲਵੰਤੇ ।
ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੈ, ਭੁਇਅੰਗਮ ਫਿਰਹ ਡਸੰਤੇ ।
ਮੱਛਰ ਡੰਗ, ਸਾਇਰ ਭਰ ਸੁਭਰ, ਬਿਨ ਹਰ ਕਿਉ ਸੁਖੁ ਪਾਈਐ ।
ਨਾਨਕ ਪੂਛ ਚਲਉ ਗੁਰ ਅਪੁਨੇ, ਜਹ ਪ੍ਰਭੁ ਤਹ ਹੀ ਜਾਈਐ ।'

ਤੇ ਪੋਹ ਵਿਚ ਵੀ 'ਪੋਖ ਤੁਖਾਰੁ ਪੜੈ, ਵਣੁ ਤ੍ਰਿਣੁ ਰਸੁ ਸੋਖੈ ।' ਪਰ ਜੇ ਮੇਲ ਹੋਵੇ ਤਾਂ :--

'ਬਾਬੀਹਾ ਪ੍ਰਿਉ ਬੋਲੇ, ਕੋਕਿਲ ਬਾਣੀਆ ।
ਸਾਧਨ ਸਭਿ ਰਸ ਚੋਲੈ, ਅੰਕਿ ਸਮਾਣੀਆ ।
ਨਾਨਕ ਪ੍ਰਿਉ ਪ੍ਰਿਉ ਚਵੈ ਬਬੀਹਾ, ਕੋਕਿਲ ਸਬਦਿ ਸੁਹਾਵੈ ।'

[ਬਾਰਾਂ ਮਾਹ, ਮ: ੧]

ਸਾਵਣ ਦੀ ਛਮਛਮਾਈ ਨੂੰ ਜਦ ਗੁਰੂ ਨੇ ਅੰਦਰ ਸਿੰਜਰਦੀ ਸਹਿਜ ਦੀ ਠੰਢ ਨਾਲ ਤੁੱਲਨਾ ਦਿਤੀ ਹੈ ਤਾਂ ਕਵਿਤਾ ਕਲਪਨਾ ਦੇ ਸਾਰੇ ਸਾਵੇ ਕੰਢੇ ਤਰੋੜ ਕੇ ਛਲਿਹਾਰ ਹੋ ਵਗੀ ਹੈ ਤੇ ਇਵੇਂ ਜਾਪਿਆ ਹੈ, ਜਿਵੇਂ ਮੀਂਹ ਬਾਹਰ ਨਹੀਂ ਪਿਆ, ਸਾਡਾ ਸਾਰਾ ਹਾੜ੍ਹ-ਸੋਖਿਆ ਅੰਦਰ ਮਿਠੀ, ਨਿੰਮ੍ਹੀ, ਫੁਹਾਰ ਨਾਲ ਤ੍ਰੌਂਕਿਆ ਗਿਆ ਹੈ । ਮਾਨੋਂ ਅੰਮ੍ਰਿਤ ਵਸਿਆ ਹੈ, 'ਝਿਮ ਝਿਮ, ਝਿਮ 'ਝਿਮ', ਜੀਉੜਾ 'ਮਉਲਿਆ' ਹੈ', ਇਹ ਘਨਹਰ ਗਰਜਿਆ ਹੈ ਕਿ ਮਨ ਵਿਚ ਮੋਰ ਕੂਹਕਿਆ ਹੈ, ਇਹ ਜਲ ਬਰਖਿਆ ਹੈ ਜਾਂ ਸਾਡੀ ਰੂਹ ਭਿਜੀ ਹੈ ? ਘਾਹ ਦੀ ਸਾਵਿਹਾਣ ਬਾਹਰ ਨਿਖਰੀ ਹੈ ਕਿ ਸਾਡਾ ਮਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਹਾਰਾ ਹੋਇਆ ਹੈ ? ਹੀਰੇ-ਲਾਲ ਜੜੰਦੀ ਸੇਜਾ ਉਤੇ ਪਿਰ ਨਾਲ ਕੋਈ 'ਗਲ ਬਾਹਿੜੀਆਂ' ਪਾ ਸੁੱਤੀ ਹੈ ਕਿ ਮੇਰਾ ਪ੍ਰਦੇਸੀ ਜੀਅੜਾ ਸਹਿਜ ਵਿਚ ਨਿਸਲ ਹੋ ਆਪਣੇ ਨਿਜ-ਘਰ ਆਣ ਸੁਤਾ ਹੈ ? ਤੇ ਇਸ ਅੰਦਰ ਬਾਹਰ ਦੇ ਸੁਮੇਲ ਨੂੰ ਅਜੇਹੇ ਸ਼ਬਦ ਤੇ ਬੋਲ-ਚਿੱਤਰਾਂ ਵਿਚ ਬੱਧਾ ਗਿਆ ਹੈ ਕਿ ਸ਼ਬਦ ਤੇ ਭਾਵ ਇਕੋ ਤਾਲ ਤੇ ਰਸ ਵਿਚ ਗੁਧੇ ਗਏ ਹਨ, ਜਿਵੇਂ :—

'ਬਰਸੈ ਅੰਮ੍ਰਿਤਧਾਰ, ਬੂੰਦ ਸੁਹਾਵਣੀ ।'
'ਉਨਵ ਘਨ ਛਾਏ, ਬਰਸ ਸੁਭਾਏ, ਮਨਿ ਤਨਿ ਪ੍ਰੇਮ ਸੁਖਾਵੈ ।'
[ਬਾਰਾ ਮਾਹ, ਮ: ੧]

'ਉਨਵੈ ਘਨੁ ਘਨ ਘਨਿਹਰੁ ਗਰਜੈ, ਮਨਿ ਬਿਗਸੈ ਮੋਰ ਮੁਰਲੇ ।'
'ਧਰਣਿ ਸੁਵੰਨੀ, ਖੜ ਰਤੰਨ ਜੜਾਵੀ, ਹਰਿ ਪ੍ਰੇਮ ਪੁਰਖੁ ਮਨਿ ਵੁੱਠਾ ।'
'ਕੱਤਕ ਕੂੰਜਾਂ, ਚੇਤਿ ਡਉ, ਸਾਵਣਿ ਬਿਜੁਲੀਆਂ ।
ਸੀਆਲੇ ਸੋਹੰਦੀਆ, ਪਿਰ ਗਲਿ ਬਾਹੜੀਆਂ ।' [ਆਸਾ, ਫ਼ਰੀਦ]
'ਆਂਧੀ ਪਾਛੇ ਜੋ ਜਲੁ ਬਰਖੈ, ਤਿਹਿ ਤੇਰਾ ਜਨੁ ਭੀਨਾ ।' [ਕਬੀਰ]
'ਝਿਮਿ ਝਿਮਿ, ਝਿਮਿ ਝਿਮਿ, ਵਰਸੈ ਅੰਮ੍ਰਿਤਧਾਰਾ ਰਾਮ ।'
'ਮਉਲੀ ਧਰਤੀ, ਮਉਲਿਆ ਅਕਾਸੁ ।
ਘਟਿ ਘਟਿ ਮਉਲਿਆ, ਆਤਮ ਪ੍ਰਗਾਸੁ ।' [ਕਬੀਰ]
'ਨਾਨਕ ਸਾਵਣਿ ਜੇ ਵਸੈ, ਚਹੁ ਓਮਾਹਾ ਹੋਇ ।
ਨਾਗਾਂ, ਮਿਰਗਾਂ, ਮੱਛੀਆਂ, ਰਸੀਆਂ ਘਰਿ ਧਨੁ ਹੋਇ ।
ਨਾਨਕ ਸਾਵਣਿ ਜੇ ਵਸੈ ਚਹੁ ਵੇਛੋੜਾ ਹੋਇ ।
ਗਾਈ ਪੁਤਾਂ, ਨਿਰਧਨਾ, ਪੰਥੀ ਚਾਕਰ ਹੋਇ ।'
'ਸਾਵਣ ਵਰਸੁ, ਅੰਮ੍ਰਿਤਿ ਜਗੁ ਛਾਇਆ ਜੀਉ ।
ਮਨੁ ਮੋਰ ਕੁਹੁਕਿਅੜਾ ਸਬਦੁ ਮੁਖਿ ਪਾਇਆ ।'
'ਵੁਠੈ ਹੋਇਐ, ਹੋਇ ਬਿਲਾਵਲ ।'
'ਨਾਨਕ ਬਿਜੁਲੀਆ ਚਮਕੰਨਿ, ਘੁਰਨਿ ਘਟਾ ਅਤਿ ਕਾਲੀਆ ।
ਬਰਸਨਿ ਮੇਘ ਅਪਾਰ, ਨਾਨਕ ਸੰਗਮਿ ਪਿਰੀ ਸਹੰਦੀਆ ।
ਜਲ ਥਲ ਨੀਰਿ ਭਰੇ, ਸੀਤਲ ਪਵਣ ਝੁਲਾਰਦੇ ।
ਸੇਜੜੀਆ ਸੋਇੰਨ, ਹੀਰੇ ਨਾਲ ਜੜੰਦੀਆਂ ।' [ਮਾਰੂ ਡੱਖਣੇ ਮ: ੫]

ਇਸੇ ਤਰ੍ਹਾਂ ਪ੍ਰੀਤ ਦੀ ਸਿਕਦੀ ਦਸ਼ਾ ਨੂੰ ਅਨੇਕ ਤਰ੍ਹਾਂ ਦੇ ਕੁਦਰਤ ਵਿਚੋਂ ਲਏ ਅਜੇਹੇ ਢੁਕਵੇਂ ਅਲੰਕਾਰਾਂ ਨਾਲ ਵਿਆਖਿਆ ਗਿਆ ਹੈ ਕਿ ਮਨ ਦਾ ਕੰਵਲ ਲਹਿਰਾਂ ਦੀ ਪਛਾੜ ਤੋਂ ਤ੍ਰਹਿੰਦਾ ਨਹੀਂ, ਤੇ ਪਾਣੀ ਵਾਂਗ 'ਆਵੱਟਣ' (ਉਬਾਲ ਲਈ ਸ਼ਬਦ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਵੇਂ ਵੱਟ ਪਾ ਦਿਤੇ ਹਨ) ਖਾਇ ਕੇ ਵੀ ਆਪਣੇ ਦੁੱਧ (ਪਰਮ-ਤਤ) ਨੂੰ ਸੜਨ ਨਹੀਂ ਦੇਂਦਾ :—

'ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰ ਜੈਸੀ ਜਲ ਕਮਲੇਹਿ ।
ਲਹਿਰੀ ਨਾਲਿ ਪਛਾੜੀਐ, ਭੀ ਵਿਗਸੈ ਅਸਨੇਹਿ ।
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰ ਜੈਸੀ ਮਛੁਲੀ ਨੀਰ ।
ਬਿਨੁ ਜਲੁ ਘੜੀ ਨ ਜੀਵਈ, ਪ੍ਰਭ ਜਾਣੈ ਅਭ ਪੀਰ ।
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ, ਜੈਸੀ ਚਾਤ੍ਰਿਕ ਮੇਹ ।
ਸਰ ਭਰਿ ਥਲ ਹਰੀਆਵਲੇ, ਇਕ ਬੂੰਦ ਨ ਪਾਈ ਕੇਹ ।
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ, ਜੈਸੀ ਜਲ ਦੁਧ ਹੋਇ ।
ਆਵਟਣ ਆਪੇ ਖਵੈ, ਦੁਧ ਕਉ ਖਪਣਿ ਨ ਦੇਇ ।
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ, ਜੈਸੀ ਚਕਵੀ ਸੂਰ ।
ਖਿਨੁ ਪਲੁ ਨੀਦ ਨ ਸੋਵਈ, ਜਾਣੈ ਦੂਰਿ ਹਜੂਰਿ ।'

[ਸ੍ਰੀ ਰਾਗ ਮ: ੧]

ਇਵੇਂ ਹੀ 'ਪ੍ਰਿਉ ਪ੍ਰਿਉ ਨਾਮ ਤੇਰਾ ਦਰਸਨ ਚਾਹੈ ਜੈਸੇ ਦ੍ਰਿਸਟਿ ਓਹ ਚੰਦ ਚਕੋਰੀ ।' ਸੰਸਾਰ ਦੇ 'ਫੁੱਲਾਂ ਕੀ ਬਾਗਾਤ' ਵਿਚ ਰਚਿਆਂ ਹੋਇਆਂ ਵੀ ਲਿਵ ਦੀ ਤਾਰ ਆਪਣੇ ਆਦਰਸ਼ ਵਿਚ ਮਨੁੱਖ ਇਵੇਂ ਹੀ ਜੋੜੀ ਰਖੇ, ਜਿਵੇਂ ਕੂੰਜ ਆਪਣੇ ਵਿਛੜੇ ਹੋਏ ਬੱਚੇ ਵਿਚ, ਭਾਵੇਂ ਉਹ ਕਿਸੇ ਹੀ ਦੇਸ ਦੇਸਾਂਤਰਾਂ ਵਿਚ ਭੰਵਦੀ ਹੋਵੇ :—

'ਜੈਸੀ ਗਗਨਿ ਫਿਰੰਤੀ ਊਡਤੀ, ਕਪਰੇ ਬਾਗੇ ਵਾਲੀ ।
ਤਿਹ ਰਾਖੈ ਚੀਤ ਪੀਛੈ ਬਿਚ ਬਚਰੇ, ਨਿਤ ਹਿਰਦੈ ਸਾਰਿ ਸਮਾਲੀ ।'

ਜਦ 'ਚਉਥੇ ਪਹਰਿ ਸਬਾਹ ਕੇ' 'ਚਿੜੀ ਚੁਹਕੀ, ਪਹੁ ਫੁਟੀ, ਵਗਨਿ ਬਹੁਤ ਤਰੰਗ ।' ਉਸ ਵੇਲੇ ਮਨੁੱਖ 'ਦਰਿਆਵਾਂ ਸਿਉ ਦੋਸਤੀ' ਕਰੇ, ਨ੍ਹਾਵੇ ਤੇ ਇਕ-ਚਿਤ ਹੋ ਕੇ ਹਰੀ ਨੂੰ ਧਿਆਵੇ । ਜਾਂ ਇਵੇਂ ਲੋਚੇ, (ਆਪਣੇ ਜੀਵਨ ਆਦਰਸ਼ ਨੂੰ) ਜਿਵੇਂ ਬਨ ਵਾਸੀ ਹਿਰਣੀ, ਅੰਬੀ ਵਲ੍ਹੇਟੀ ਕੋਇਲ, ਜਲ-ਡੁਬੀ ਮਛੁਲੀ, ਜਾਂ ਧਰਤ-ਧਸੀ ਨਾਗਣ :—

'ਹਰਣੀ ਹੋਵਾਂ, ਬਨਿ ਬਸਾ, ਕੰਦ ਮੂਲ ਚੁਣਿ ਖਾਉ ।
ਗੁਰ ਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ ।
ਕੋਕਿਲ ਹੋਵਾ ਅੰਬਿ ਬਸਾ, ਸਹਜਿ ਸਬਦ ਬੀਚਾਰੁ ।
ਸਹਜਿ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ ।
ਮਛੁਲੀ ਹੋਵਾ ਜਲਿ ਬਸਾ ਜੀਅ ਜੰਤ ਸਭਿ ਸਾਰਿ ।
ਉਰਵਾਰਿ ਪਾਰਿ ਮੇਰਾ ਸਹੁ ਵਸੈ, ਹਉ ਮਿਲਉਗੀ ਬਾਹ ਪਸਾਰਿ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਗਨਿ ਹੋਵਾ ਧਰ ਵਸਾ ਸਬਦੁ ਵਸੈ ਭਉ ਜਾਇ ।
ਨਾਨਕ ਸਦਾ ਸੋਹਾਗਣੀ ਜਿਨ ਜੋਤੀ ਜੋਤਿ ਸਮਾਇ ।'

[ਗਉੜੀ ਬੈਰਾਗਣ ਮ: ੧]

ਜਾਂ 'ਮਿਲਿ ਪਾਣੀ ਜਿਉ ਹਰੇ ਬੂਟ' ਹੁੰਦਾ ਹੈ ਜਾਂ 'ਜਿਉ ਬਾਰਿਕੁ ਰਸਕਿ ਪਰਿਓ ਥਨਿ ਮਾਤਾ, ਥਨਿ ਕਾਢੇ ਬਿਲਲ ਬਿਲੀਧੇ' ਜਾਂ ਜਿਵੇਂ ਪ੍ਰੇਮ ਦੇ ਪਿੰਜਰੇ ਵਿਚ ਬੈਠਾ ਸਾਵਾ ਤੋਤਾ :—

'ਸੂਹਟ ਪਿੰਜਰਿ ਪ੍ਰੇਮ ਕੇ, ਬੋਲੈ ਬੋਲਣਹਾਰ ।
ਸਚੁ ਚੁਗੈ, ਅੰਮ੍ਰਿਤ ਪੀਐ, ਉਡੈ ਤ ਏਕਾ ਵਾਰ ।'

ਜਾਂ ਜਿਵੇਂ, 'ਚੰਦ ਕੁਮੁਦਨੀ ਦੂਰਹੁ ਨਿਵਸਸਿ, ਅਨਭਉ ਕਾਰਨ ਰੇ' ਜਾਂ ਜਿਉਂ ਚੰਨ-ਚਾਨਣੀ ਵਿਚ ਭੰਵਰੇ ਕੰਵਲਾਂ ਵਿਚ ਹੀ ਬਧੇ ਸੁੱਤੇ ਰਹਿੰਦੇ ਹਨ :—

'ਮੂਸਨ ਮਸਕਰ ਪ੍ਰੇਮ ਕੀ, ਰਹੀ ਜੁ ਅੰਬਰੁ ਛਾਇ ।
ਬੀਧੇ ਬਾਂਧੇ ਕਮਲ ਮਹਿ, ਭਵਰ ਰਹੇ ਲਪਟਾਇ ।'

ਜਾਂ 'ਜਿਉਂ ਚੰਦਨ ਸੰਗਿ ਨਿੰਮੁ ਬਿਰਖਾ, ਗੁਨ ਚੰਦਨ ਕੇ ਬਸਖੇ', ਇਵੇਂ ਮਨੁੱਖ ਆਪਣੇ ਆਪ ਨੂੰ ਰੱਬ-ਚੰਦਨ ਦੇ ਨੇੜੇ ਜਾ ਗੱਡੇ ਤੇ ਸਹਿਜ ਸੁਭਾਇ, ਅਨਭਉ, ਨਾਲ ਹੀ 'ਅੰਦਰ ਮੁਸਕਿ ਝਕੋਲਿਆ' ਕਰ ਲਵੇ । ਆਪਣੇ ਪੇਰੁ (ਪੇੜ) ਨੂੰ ਮੁੱਢ ਤੋਂ ਕਦੀ ਨਾ ਕੱਟਣ ਦੇਵੇ, ਕਿਉਂ ਜੁ ਜਿਸਦਾ ਮੁੱਢ ਕਟਿਆ ਗਿਆ, 'ਤਿਸੁ ਡਾਲ ਸੁਕੰਦੇ' ਹੋ ਜਾਂਦੇ ਹਨ । ਜੜ੍ਹ ਕਾਇਮ ਹੋਵੇ ਤੇ ਧਰਿਤ ਰੰਗਾਵਲੀ, ਉਪਜਾਊ ਹੋਵੇ ਤਾਂ :—

'ਸੂਕੇ ਕਾਸਟ ਹਰੇ ਚਲੂਲ ।
ਊਚੈ ਥਲਿ ਫੂਲੇ ਕਮਲ ਅਨੂਪ ।'

ਨਹੀਂ, ਨਹੀਂ ਜੀਵਨ-ਬਿਰਖ ਸੁਇਨੇ ਦਾ ਬਣ ਜਾਂਦਾ ਹੈ, ਜਿਸ ਨੂੰ ਪੱਤੇ ਮੂੰਗੇ ਦੇ, ਫੂਲ 'ਜਵੇਹਰ' ਲਾਲ ਦੇ ਤੇ ਫਲ ਰਤਨਾਂ ਦੇ ਲਗਦੇ ਹਨ :—

'ਸੁਇਨੇ ਕਾ ਬਿਰਖ, ਪਤ ਪਰਵਾਲਾ, ਫੁਲ ਜਵੇਹਰ ਲਾਲ ।
ਤਿਤੁ ਫਲ ਰਤਨ ਲਗਹਿ ਮੁਖਿ ਭਾਖਿਤ, ਹਿਰਦੈ ਰਿਦੈ ਨਿਹਾਲ ।'

ਤੇ ਇਹੋ ਜਹੀ ਕਿਰਸਾਣੀ ਕਰੇ ਜਿਵੇਂ :

'ਮਨੁ ਹਾਲੀ, ਕਿਰਸਾਣੀ ਕਰਣੀ, ਸਰਮੁ ਪਾਣੀ ਤਨੁ ਖੇਤੁ ।
ਨਾਮੁ ਬੀਜੁ, ਸੰਤੋਖ ਸੁਹਾਗਾ, ਰਖੁ ਗਰੀਬੀ ਵੇਸੁ ।
ਭਾਉ ਕਰਮ ਕਰਿ ਜੰਮਸੀ, ਸੋ ਘਰ ਭਾਗਠ ਦੇਖੁ ।' [ਸੋਰਠ ਮ: ੧]

ਇਸ ਖੇਤੀ ਨੂੰ ਇਵੇਂ ਸੰਭਾਲ ਕੇ ਰਖੇ, ਕਿ 'ਕੂੰਜ ਪੜੈਗੀ ਖੇਤਿ' ਦਾ ਡਰ ਨਾ ਰਹੇ । ਉਂਜ ਜਦ ਖੇਤੀ ਪੱਕ ਜਾਂਦੀ ਹੈ ਤਾਂ ਕੱਟੀ ਜ਼ਰੂਰੀ ਜਾਂਦੀ ਹੈ :—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਹਰੀ ਨਾਹੀ, ਨਹ ਡਡੂਰੀ, ਪਕੀ ਵਢਣਹਾਰ ।
ਲੈ ਲੈ ਦਾਤ ਪਹੁਤਿਆ, ਲਾਵੇ ਕਰ ਤਇਆਰ ।'

ਪਰ ਉਸਦੇ ਕੱਟੇ ਜਾਣ ਤੋਂ ਪਹਿਲਾਂ ਉਸਦੀ ਰਾਖੀ ਹੋਣੀ ਜ਼ਰੂਰੀ ਹੈ । ਨਹੀਂ ਤਾਂ 'ਤਿਲ ਬੂਆੜ ਜਿਉ' ਬਾਕੀ ਖੇਤੀ ਦੇ ਕੱਟੇ ਜਾਣ ਤੇ ਵੀ ਉਸ ਦੇ 'ਸੁੰਞੇ ਅੰਦਰ ਖੇਤ' ਛਡੇ ਜਾਣ ਦੀ ਸੰਭਾਵਨਾ ਹੈ ।

ਜਾਂ ਪੰਖੀ ਵਾਂਗ ਆਤਮਾ 'ਬਿਰਖ ਸੁਹਾਵੜੇ' ਉਤੇ ਬੈਠੀ 'ਸੱਚ ਚੁਗੇ, ਹਰਿ ਰਸ ਪੀਏ' ਤੇ 'ਉਡੈ ਤ ਏਕਾ ਵਾਰ' । ਪਰ ਜੇ ਇਹ ਪੰਖੀ 'ਊਡਹਿ ਚਹੁਦਿਸਿ ਜਾਹਿ' ਤਾਂ 'ਜੇਤਾ ਉਡਹਿ ਦੁਖ ਘਣੇ, ਨਿਤ ਦਾਝਹਿ ਤੈ ਬਿਲਲਾਹਿ' । ਨਹੀਂ ਨਹੀਂ

'ਮਨਮੁਖ ਊਭੇ ਸੁਕਿ ਗਏ ਨਾ ਫਲੁ ਤਿੰਨਾ ਛਾਉ ।
ਕਟੀਅਹਿ ਤੈ ਨਿਤ ਜਾਲੀਅਹਿ, ਓਨ੍ਾ ਸਬਦ ਨ ਨਾਉ ।'

ਹਾਂ, ਗੁਰਮੁਖ ਨੂੰ ਫੂਲ ਲਗਦੇ ਹਨ, ਫਲ ਪੈਂਦਾ ਹੈ, ਉਸਦੀ 'ਸੰਘਣੀ ਛਾਉਂ' ਹੁੰਦੀ ਹੈ, ਪਰ ਮਨਮੁਖ ਸੁੱਕੀ ਲੱਕੜੀ ਵਾਂਗ ਹਉ ਵਿਚ ਆਕੜਿਆ, ਨਿਤ ਕਟਿਆ, ਨਿਤ ਜਾਲਿਆ ਜਾਂਦਾ ਹੈ ।

ਸਾਰੇ ਬਨਰਾਇ ਨੂੰ ਫੂਲ ਲਗਦੇ ਹਨ ਤਾਂ ਫਲ ਪੈਣ ਲਈ, ਤੇ ਜਦ ਫਲ ਪਕਦਾ ਹੈ ਤਾਂ ਫੂਲ ਵਿਨਾਸ਼ ਹੋ ਜਾਂਦੇ ਹਨ । ਇਵੇਂ ਮੌਤ ਜੀਵਨ ਦਾ ਅੰਤ ਨਹੀਂ, ਉਸਦੀ ਸੰਪੂਰਨਤਾ ਹੈ, ਨਾ ਹੀ ਮੁਕਤੀ ਕੋਈ ਸਦੀਵੀ ਨੀਂਦਰ ਹੈ, ਇਹ ਤਾਂ ਆਤਮਾ ਦੇ ਫੂਲ ਦਾ ਫਲ ਵਿਚ ਵਟਣਾ ਹੈ :

'ਫਲ ਕਾਰਨ ਫੂਲੀ ਬਨਰਾਇ ।
ਫਲੁ ਲਾਗਾ ਤਬ ਫੂਲੁ ਬਿਲਾਇ !'

ਸੰਸਾਰ ਦੇ ਕਿਸੇ ਅਧਿਆਤਮਕ ਫ਼ਲਸਫ਼ੇ ਨੇ ਜੀਵਨ ਮੌਤ ਨੂੰ ਏਨੀ ਹਸਦੀ, ਸੁਹਾਵੀ, ਸਹਿਜ-ਅਨੰਦ ਦੀ ਖੇਡ ਵਾਂਗ ਜਾਂ ਅਜੇਹੇ ਕਾਵਿ-ਮਈ ਚਿੱਤਰਾਂ ਵਿਚ ਸ਼ਾਇਦ ਹੀ ਵਿਆਖਿਆ ਹੋਵੇ ਜਿਵੇਂ ਗੁਰੂ ਗ੍ਰੰਥ ਦੀ ਚਾਂਦੀ ਚਿਟੀ ਬਾਣੀ ਵਿਚ । ਨਾ ਹੀ ਆਤਮਾ ਦੀ ਤੁਰੀਆ ਅਵਸਥਾ ਦੀ ਭਾਲ ਨੂੰ ਇੰਨੇ ਸਹਿਜ-ਸੁਭਾਵ ਕੁਦਰਤੀ ਵਿਕਾਸ ਨਾਲ ਤੁੱਲਨਾ ਦਿਤੀ ਹੋਵੇਗੀ । ਨਾ ਅੰਦਰ ਦੇ ਹਨੇਰੇ ਵਿਚ ਚਾਨਣਾ ਹੀ ਕਿਤੇ ਏਨਾ ਸੁਤੇ ਸਿਧ ਆਇਆ ਹੈ, ਨਾ ਸਹਿਜ-ਆਨੰਦ ਦੀ ਅਵਸਥਾ ਹੀ ਕਿਤੇ ਏਨੀ ਮਿਠੀ, ਠੰਡੀ, ਰਸਿਕ, ਰੋਮਾਂਚਿਕ ਦਿਸ ਆਉਂਦੀ ਹੈ ।

ਜਦ ਆਤਮਾ ਅਜੇ ਆਪਣੇ ਆਪ ਵਿਚ ਫਾਥੀ ਹੁੰਦੀ ਹੈ ਤਾਂ ਇਵੇਂ ਹੈ, ਜਿਵੇਂ ਕੋਈ ਪੰਛੀ 'ਫਾਥਾ ਚੁਗੈ ਨਿਤ ਚੋਗੜੀ' ਉਸਦੇ ਅੰਦਰ 'ਅਗਨ ਭਖੈ ਭੜਹਾਰੇ', ਉਹ ਇਵੇਂ ਹੈ ਜਿਵੇਂ ਕੋਈ ਹਿਰਨੋਟਾ ਹੋਵੇ ਜਿਸਦੇ 'ਅੰਦਰ ਵਾਸੁ ਬਹੁਤੁ ਮੁਸਕਾਈ ਭ੍ਰਮ ਭੂਲਾ ਮਿਰਗ ਸਿਙਾਰੇ' । ਉਹ ਲੋਭ ਦੀ ਲਹਿਰ ਨਾਲ ਇਵੇਂ ਹਲਕਿਆ ਹੈ, ਜਿਵੇਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਸੁਆਨ' (ਕੁਤਾ) ਹੱਡੀ ਪਿਛੇ । ਉਸ ਉਤੇ ਜੇ ਕੋਈ ਰੰਗ ਚੜ੍ਹਿਆ ਵੀ ਹੈ ਤਾਂ ਕਸੁੰਭੇ ਦਾ ਕਚੂਆ ਰੰਗ ਹੈ, 'ਜਿਉ ਕੁਸਮ ਚਾਰ ਦਿਨ ਚਾਗਾ' । ਉਹ ਦਾਦਰ (ਡਡੂ) ਵਾਂਗ ਹੈ, ਜੋ ਤਲਾ ਦੇ ਜਲ ਵਿਚ ਕੰਵਲ ਦੇ ਨਾਲ ਹੀ ਚਿੱਕੜ ਵਿਚ ਵਸਦਾ ਹੈ, ਪਰ ਉਸਨੂੰ ਪਤਾ ਨਹੀਂ ਕਿ ਕੰਵਲ ਕਿਵੇਂ ਆਪਣੇ ਫੂਲ ਦੀ ਗਿਚੀ ਪਾਣੀ ਤੇ ਚਿਕੜ ਦੋਹਾਂ ਤੋਂ ਬਾਹਰ ਉਚੀ ਰਖਦਾ ਹੈ, ਪਰ ਡੱਡੂ ਚਿਕੜ ਖਾਂਦਾ, ਪਾਣੀ ਤੋਂ ਬਾਹਰ ਨਿਕਲਿਆਂ ਤ੍ਰਹਿੰਦਾ ਹੈ। ਇਸਦੀ ਪ੍ਰੀਤ ਪਿੱਸੂ ਜਾਂ ਚਿੱਚੜ ਵਰਗੀ ਹੈ। ਇਹ ਕਊਏ ਵਾਂਗ ਚੁੰਚ-ਗਿਆਨ ਦੀ ਸ਼ੋਰੀਲੀ ਕਾਂਇੰ ਕਾਂਇੰ ਵਿਚ ਫਾਥਾ ਹੈ । ਇਸ 'ਖਰ' ਦਾ ਪੈਖਰ ਇੱਕ ਪਾਸੋਂ ਛੁਟਦਾ ਹੈ ਤਾਂ ਦੂਜੇ ਪਾਸਿਉਂ ਲਦਿਆ ਜਾਂਦਾ ਹੈ। ਕਦੀ ਇਸ ਨੇ ਮਨ ਦੀ ਮੁਹਾਰ ਮੋੜ ਕੇ ਉਸਦੇ ਮੂੰਹ ਵਿਚ ਲਗਾਮ ਨਹੀਂ ਦਿਤੀ। ਇਸਦਾ ਮਨ ਕੁੰਚਰ (ਹਾਥੀ) ਕਾਇਆਂ ਦੇ 'ਉਦਿਆਨ' (ਜੰਗਲ) ਵਿਚ ਭ੍ਰਮਦਾ ਫਿਰਦਾ ਹੈ। ਇਹ ਤੁੰਮੇਂ ਵਾਂਗ ਬਾਹਰੋਂ ਸੁਹਣਾ ਦਿਸਦਾ ਹੈ, ਪਰ ਇਸਨੂੰ 'ਪੇਖੰਦੜੋ' (ਵੇਖ) ਕੌਣ ਭੁਲਦਾ ਹੈ? ਇਹ ਮਨਮੁਖ 'ਤੁਹ ਕੁਟਦਾ ਹੈ', ਇਹ 'ਗਰਬ-ਗਵਾਰ' ਵਾਊ ਦੇ ਹੰਕਾਰੀ ਕਪੜੇ ਪਾ ਕੇ ਐਂਠਿਆ ਹੈ। ਜੇ ਇਹ ਕਦੀ ਮਨ ਜੋੜਦਾ ਵੀ ਹੈ ਤਾਂ 'ਬਗਲੇ ਵਾਂਗ ਘੁਟ ਘੁਟ' ਜੀਆਂ ਨੂੰ ਖਾਉਣ ਲਈ। ਉੱਚਾ ਕਦੀ ਉਡਦਾ ਵੀ ਹੈ ਤਾਂ ਇੱਲ ਵਾਂਗ ਮੋਏ ਮੁਰਦਿਆਂ ਉਤੇ ਹੀ ਆਣ ਢਹਿੰਦਾ ਹੈ। ਬ੍ਰਿੱਛ ਵਾਂਗ ਮੌਲਦਾ ਵੀ ਹੈ, ਤਾਂ ਸਿੰਮਲ ਵਾਂਗ ਬਿਨਾ ਛਾਉਂ, ਬਿਨਾਂ-ਫੁਲ, ਬਿਨਾਂ-ਫਲ। ਨਿੰਵਦਾ ਵੀ ਹੈ ਤਾਂ ਹਿਰਨਾਂ ਦੇ ਸ਼ਿਕਾਰੀ ਵਾਂਗ। ਅੱਕ ਦੀ ਖੱਖੜੀ ਵਾਂਗ ਇਹ ਅੱਕ ਦੇ ਗਲ ਲਗਾ ਸੁਹਾਵਾ ਲਗਦਾ ਹੈ, ਪਰ ਕੀ ਇਹ ਅੰਦਰੋਂ ਵੀ ਓਨਾ ਹੀ ਸੁਹਾਵਾ ਹੈ ? ਸਮੁੰਦਰਾਂ ਨੂੰ ਤਰਨਾ ਚਾਹੁੰਦਾ ਹੈ, ਪਰ :

'ਬੇੜਾ ਬੰਧ ਨਾ ਸਕਿਓ, ਬੰਧਨ ਕੀ ਵੇਲਾ ।
ਭਰ ਸਰਵਰ ਜਬ ਊਛਲੇ, ਤਬ ਤਰਣ ਦੁਹੇਲਾ ।'

ਜੇ ਛੱਪੜ ਦੇ ਨੀਰ ਨੂੰ ਵਰੋਲੀਏ ਤਾਂ ਕੀ ਵਿਚੋਂ ਮੱਖਣ ਰਸੇਗਾ ?

ਇਹ ਤਾਂ ਅਨਦਿਨ ਮੂਸੇ (ਚੂਹੇ) ਵਾਂਗ ਆਪਣੀ ਲਾਜ ਟੁਕਦਾ ਰਹਿੰਦਾ ਹੈ। ਦਾਵਾ ਅਗਨੀ ਸਭ ਬਨਰਾਇ ਨੂੰ ਸਾੜ ਕੇ ਸੁਆਹ ਕਰ ਰਹੀ ਹੈ, ਇਸ ਤੋਂ ਕੋਈ ਹੀ 'ਹਰਿਆ ਬੂਟ' ਹੋਵੇਗਾ ਜੋ ਬਚ ਰਿਹਾ ਹੋਸੀ। ਇਹ ਮਨਮੁਖ ਇਵੇਂ ਹੈ, ਜਿਵੇਂ 'ਊਧਾ ਕਉਲ' (ਕੰਵਲ ਦਾ ਫੁਲ ਉਲਟਿਆ) ਹੋਵੇ। ਇਸਦੇ ਖੇਤ ਦੀਆਂ ਮਿਆਲਾਂ (ਬੰਨੀਆਂ) ਉੱਚੀਆਂ ਨਹੀਂ, ਮੀਂਹ ਪਵੇ ਵੀ ਤਾਂ ਠਹਿਰੇ ਕਿਥੇ ? ਇਸ ਨੂੰ ਕੀ ਪਤਾ ਕਿ ਧਰਤੀ ਪਾਣੀ ਉਤੇ ਮਾਨੋਂ ਤਰ ਰਹੀ ਹੈ ਤੇ ਭਾਹਿ ਈਂਧਨ ਦੇ ਅੰਦਰ ਲੁਕੀ ਬੈਠੀ ਹੈ ? ਇਹ ਤੇਲੀ ਦੇ ਬਲਦ ਵਾਂਗ ਅੱਖਾਂ ਬੱਧਾ ਭ੍ਰਮਦਾ ਰਹਿੰਦਾ ਹੈ--ਇਕ ਸਦੀਵੀ ਗੋਲਾਈ ਵਿਚ, ਪਤਾ ਨਹੀਂ ਕਿਥੋਂ ਤੋਂ, ਕਿਥੋਂ ਤੀਕ ਤੇ ਕਿਉਂ। ਇਹ ਕੀ ਜਾਣੇ ਕਿ ਦੁੱਧ ਬਿਨਾਂ ਧੇਨ (ਗਊ), ਪੰਖ ਬਿਨਾਂ ਪੰਖੀ, ਜਲ ਬਿਨ ਉਤਭੁਜ (ਬਨਸਪਤੀ) ਕਿਸ ਕੰਮ ਦੀ ਨਹੀਂ ? ਇਸਦਾ ਬੀਜ ਵਿਚੋਂ ਪਾਟਿਆ ਹੋਇਆ ਹੈ, ਹੁਣ ਦਾਲ ਕਿਵੇਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਗੇ ? ਨਾਲੇ ਰੁਤ ਬਿਨਾਂ ਵੀ ਕਦੀ ਬੀਜ ਫੁਟੇ ਹਨ ? ਕਦੀ ਪਾਹ ਬਿਨਾਂ ਵੀ ਕੋਰੇ ਕਪੜੇ ਨੂੰ ਰੰਗ ਚੜ੍ਹਿਆ ਹੈ ? ਇਹ ਤਾਂ 'ਰੈਣਿ ਚੰਦ੍ਰਾਇਣ' ਵੇਖ ਵੇਖ ਕੇ ਮ੍ਰਿਗ ਵਾਂਗ ਤ੍ਰਿਸ਼ਨਾ ਮਾਰਿਆ ਆਪਣੇ ਹੀ ਭਰਮ ਭੁਲੇਖੇ ਵਿਚ ਫਸਿਆ ਬੈਠਾ ਹੈ। ਇਸ ਦੇ ਅੰਦਰ ਤਾਂ :—

'ਫੀਲ ਰਬਾਬੀ, ਬਲਦ ਪਖਾਵਜ, ਕਊਆ ਤਾਲ ਬਜਾਵੈ।
ਪਹਿਰ ਚੋਲਨਾ, ਗਦਹਾ ਨਾਚੈ, ਭੈਸਾ ਭਗਤਿ ਕਰਾਵੈ।'

ਏਨਾ ਮੂਰਖ ਹੈ ਇਹ ਕਿ ਤ੍ਰਿਣ (ਕਖਾਂ) ਦੀ ਛਪਰੀ ਦੇ ਆਸ-ਪਾਸ ਅੱਗ ਬਾਲ ਬਹਿੰਦਾ ਹੈ, ਕਟੀ ਡਾਲੀ ਉਤੇ ਬੈਠਣਾ ਲੋਚਦਾ ਹੈ, ਚਿੱਟੇ ਕਪੜੇ ਪਾ ਕੇ ਕਜਲ ਦੀ ਕੋਠੀ ਵਿਚ ਜਾ ਵੜਿਆ ਹੈ। ਇਸ ਨੂੰ ਪਤਾ ਨਹੀਂ ਕਿ ਇਸ ਦੀ ਚੰਮ ਦੀ ਮਸ਼ਕ ਨਿਪਟ ਪਵਣ ਨਾਲ ਆਫਰੀ ਹੋਈ ਹੈ ਤੇ ਇਸ ਦੀ ਮਟੁਕੀ ਜਰਜਰੀ ਹੈ ਜਿਹੜੀ ਬਸ ਇਕੋ ਠਣੱਕੇ ਦੀ ਮਾਰ ਹੈ। ਤੇ ਜਿਵੇਂ ਦੋਹੀ ਹੋਈ ਗਊ ਦੇ ਥਣਾਂ ਵਿਚੋਂ ਮੁੜ ਦੁਧ ਨਹੀਂ ਲਹਿੰਦਾ, ਨਾ ਪੱਕਿਆ ਫਲ ਹੀ ਟੁਟਿਆ ਮੁੜ ਟਾਹਣੀ ਨਾਲ ਲਗਦਾ ਹੈ, ਇਵੇਂ ਮਨੁੱਖ ਲਈ ਆਪਣੇ ਆਦਰਸ਼ ਨੂੰ ਪਾਉਣ ਲਈ ਇਹ ਇਕੋ ਹੀ 'ਬਰੀਆ' (ਵਾਰੀ) ਹੈ।

ਪਰ ਜਦ ਇਸ 'ਭੂਮਿ ਰੰਗਾਵਲੀ' ਦੇ 'ਵਿਸੂਲੇ ਬਾਗ' ਤੋਂ ਆਤਰੀ ਆਤਮਾ ਆਪਣੇ ਤੋਂ ਉਚੀ ਉਠਦੀ, ਬਾਹਰ ਹੋ ਵਗਦੀ ਤੇ 'ਹਉਂ' ਤੋਂ ਸਖਣੀ ਹੋ ਕੇ ਕਿਸੇ ਉਚੇਰੇ ਆਦਰਸ਼ ਅਗੇ ਜਾ ਢਹਿੰਦੀ ਹੈ, ਤਾਂ ਇਵੇਂ ਸਹਿਜ-ਸੁਭਾਵੀ ਉਸ ਨੂੰ ਪਰਮ-ਰਸ ਦੀ ਪ੍ਰਾਪਤੀ ਹੁੰਦੀ ਹੈ, ਜਿਵੇਂ :—

'ਫੂਟੋ ਆਂਡਾ ਭਰਮ ਕਾ', ਜਾਂ ਜਿਵੇਂ ਸੂਰਜ ਦੀ ਕਿਰਨ ਸੂਰਜ ਵਿਚ ਆ ਮਿਲਦੀ ਹੈ ਤੇ ਪਾਣੀ ਦੀ ਤਰੰਗ ਅਸਗਾਹ ਪਾਣੀ ਦੀ ਵਗਦੀ ਛਾਤੀ ਵਿਚ।

'ਦਿਨੀਅਰ ਸੂਰ, ਤ੍ਰਿਸ਼ਨਾ ਅਗਨ ਬੁਝਾਨੀ,
ਸਿਵ ਚਰਿਓ ਚੰਦ ਚੰਦਾਕੀ !'

ਹੁਣ 'ਨਦੀ ਤਰੰਦੜੀ' ਵਿਚ 'ਮੈਂਡਾ ਖੋਜ ਨਾ ਖੁੰਭੈ,' ਕਿਉਂ ਜੁ ਆਪਣੀ ਮੁਹੱਬਤ ਦੀ ਥਾਂ ਹੁਣ 'ਮੰਝਿ ਮੁਹੱਬਤਿ ਤੇਰੀ' ਹੈ। ਛੱਪੜਾਂ ਦੇ ਕੰਢੇ ਕੱਕਰ ਚੁਗਣ ਨਾਲੋਂ ਹੁਣ ਹੰਸ ਮਾਨ-ਸਰੋਵਰ ਦੇ ਕੰਢੇ ਆ 'ਉਲੱਥੇ' ਹਨ। ਇਹ ਤਾਂ ਬਸ ਹਨੇਰੇ ਦਾ ਫਟ ਚਾਨਣ ਵਿਚ ਵਟਣਾ ਹੈ :

'ਤਹ ਭਇਆ ਪ੍ਰਗਾਸੁ, ਮਿਟਿਆ ਅੰਧਿਆਰਾ,
ਜਿਉਂ ਸੂਰਜ ਰੈਣਿ ਕਿਰਾਖੀ।'

ਇਹ ਤਾਂ ਇਵੇਂ ਹੈ, ਜਿਵੇਂ ਬਾਲਕ ਦੂਰ ਬਹਿ ਕੇ ਵਿਰਲਾਪ ਕਰਨ ਦੀ ਥਾਂ ਮਾਂ ਦੀਆਂ ਦੁਧੀਆਂ ਨੂੰ ਆਣ ਚਮੁਟਿਆ ਹੈ। ਹੁਣ ਇਸ ਦਾ 'ਊਂਧਾ ਕੰਵਲ' ਸਿੱਧਾ ਹੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਗਿਆ ਹੈ ਤੇ ਉਸ ਦੀਆਂ ਚੌੜੀਆਂ ਪੱਤੀਆਂ ਵਿਚ ਚਾਨਣਾ ਰਚ ਗਿਆ ਹੈ ; ਇਵੇਂ ਜਿਵੇਂ ਧਰਤੀ ਮੀਂਹ ਤੋਂ ਪਿਛੋਂ ਹਰਿਆਵਲ ਦਾ ਸਿੰਗਾਰ ਪਹਿਨਦੀ ਹੈ। ਹੁਣ 'ਊਪਰ ਦੇ ਕੂਪ' (ਦਸਮ ਦੁਆਰ ਕੇ ਖੂਹ) ਵਿਚੋਂ ਗਗਨ (ਮਨ) ਦੀ ਪਨਿਹਾਰੀ ਅੰਮ੍ਰਿਤ ਦੀਆਂ ਚੁਲੀਆਂ ਭਰ ਪੀਣ ਲਗ ਪਈ ਹੈ। ਹਾਇ ਓਇ, ਇਹ ਤਾਂ ਗੰਨੇ ਦੇ ਮਿਠੇ ਰਸ ਦੀ ਚਾਸ਼ਨੀ ਹੈ। ਇਹ ਤਾਂ ਜਿਵੇਂ ਦੀਵਾ ਬਲਣ ਨਾਲ ਹੀ ਮੈਨੂੰ ਆਪਣੇ ਘਰੋਂ ਹੀ ਗੁਆਚਾ ਰਤਨ ਆਣ ਲਧਾ ਹੈ। ਨਹੀਂ ਨਹੀਂ, ਇਹ ਤਾਂ :

'ਪਸਰੀ ਕਿਰਣਿ, ਰਸਿ ਕਮਲ ਬਿਗਾਸੇ,
ਸਸਿ ਘਰਿ ਸੂਰੁ ਸਮਾਇਆ।'

ਇਹ ਤਾਂ ਸੂਰਜ ਦੀਆਂ ਲੂੰਹਦੀਆਂ ਕਿਰਨਾਂ ਦਾ ਚੰਨ ਦੀਆਂ ਠੰਢੀਆਂ ਰੇਸ਼ਮੀ ਰਿਸ਼ਮਾਂ ਵਿਚ ਵਟਣਾ ਹੈ। ਹੁਣ ਤਾਂ ਇਸ ਦੇ ਅੰਦਰ ਮੁਸ਼ਕ ਝਕੋਲਿਆ ਗਿਆ ਹੈ; ਲਾਲਾ ਦੇ ਫੁੱਲ ਵਾਂਗ ਇਸ ਦੀ ਆਤਮਾ 'ਚਲੂਲੀ' ਗਈ ਹੈ। ਹੁਣ ਤਾਂ ਅੰਦਰ, ਬਾਹਰ, ਇਥੇ ਉਥੇ, ਚਾਨਣੀ ਨੇ ਇਸ ਨੂੰ ਵਿਹੜ ਘਤਿਆ ਹੈ :—

'ਚਾਂਦਨਾ ਚਾਂਦਨ ਆਂਗਨਿ, ਪ੍ਰਭ ਜੀਉ ਅੰਤਰਿ ਚਾਂਦਨਾ।'

ਹੁਣ, ਅਗਨੀ ਦੇ ਵਿਚ ਵਸਦੀ ਹੋਈ ਵੀ ਬਨਸਪਤੀ ਮੌਲ ਰਹੀ ਹੈ; ਹੁਣ 'ਸਾਗਰ' ਪੰਡ (ਹੱਦ) ਵਿਚ ਬੱਧਾ ਦਿਸ ਆਉਂਦਾ ਹੈ, ਹੁਣ ਚੰਨ ਦੀ ਠੰਢਿਆਈ ਤੇ ਸੂਰਜ ਦੀ ਤਪਸ਼ ਇਕੋ ਅਕਾਸ਼ ਵਿਚ ਇਕਸੁਰ ਵਸਦੇ ਦਿਸਦੇ ਹਨ। ਹੁਣ ਮਾਨੋਂ ਆਤਮਾ ਵਿਚ ਚੰਨ ਤੇ ਸੂਰਜ ਦਾ 'ਗੰਢ-ਚਿਤ੍ਰਾਵਾ', ਹੋ ਗਿਆ ਹੈ। ਹਾਂ ਹਾਂ, ਹੁਣ ਤਾਂ :

'ਗੁਰ ਪਰਸਾਦਿ ਸਹਜ ਘਰੁ ਪਾਇਆ
ਮਿਟਿਆ ਅੰਧੇਰਾ ਚੰਨ ਚੜ੍ਹਿਆ।'

ਕੁਦਰਤੀ ਦ੍ਰਿਸ਼ਾਂ ਨੂੰ ਉਨ੍ਹਾਂ ਦੀ ਨਿਪਟ ਖ਼ੂਬਸੂਰਤੀ ਕਰ ਕੇ ਵੀ ਵਿਆਖਿਆ ਹੈ, ਭਾਵੇਂ ਉਸਨੂੰ ਕੋਈ ਵਖਰੀ ਹੋਂਦ ਨਹੀਂ ਦਿਤੀ ਤੇ ਉਨ੍ਹਾਂ ਨੂੰ ਕਿਸੇ ਵਡੇਰੇ ਆਦਰਸ਼ ਦੇ ਅਧੀਨ ਕਾਰ ਕਰਦਾ ਦਰਸਾਇਆ ਹੈ, ਤਾਂ ਵੀ ਬਾਬੇ ਨਾਨਕ ਨੂੰ ਇਹ ਕੁਦਰਤ ਦੀਆਂ ਅਨੂਪਮ ਸ਼ਕਤੀਆਂ ਵਿਸਮਾਦ ਵਿਚ ਲੈ ਆਉਂਦੀਆਂ ਹਨ :—

'ਵਿਸਮਾਦੁ ਪਉਣੁ ਵਿਸਮਾਦੁ ਪਾਣੀ।
ਵਿਸਮਾਦੁ ਅਗਨੀ ਖੇਡਹਿ ਵਿਡਾਣੀ।
ਵਿਸਮਾਦੁ ਧਰਤੀ, ਵਿਸਮਾਦੁ ਖਾਣੀ।'

ਕਿਉਂਕਿ ਰੱਬ ਨੇ ਆਪਣੇ ਤੋਂ ਛੁਟ 'ਦੂਜੀ ਕੁਦਰਤ ਸਾਜੀਐ', ਜਿਸ ਵਿਚ ਆਸਣ ਟਿਕਾ ਕੇ ਉਹ ਚਾਉ ਨਾਲ ਆਪਣੀ ਸਾਜੀ ਖੇਡ ਨੂੰ ਵੇਖ ਰਿਹਾ ਹੈ। ਨਹੀਂ ਨਹੀਂ ਇਹ ਕੁਦਰਤ ਤਾਂ ਆਪਣੇ ਕਰਤੇ ਨੂੰ ਰੀਝਾਉਣ ਲਈ ਇਕ ਸਦੀਵੀ ਰਾਸ ਪਾ ਰਹੀ ਹੈ :—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਘੜੀਆ ਸਭੇ ਗੋਪੀਆਂ, ਪਹਰ ਕੰਨ ਗੋਪਾਲ ।
ਗਹਣੇ ਪਉਣੁ ਪਾਣੀ ਬੈਸੰਤਰੁ, ਚੰਦ ਸੂਰਜ ਅਵਿਤਾਰ ।'

ਜਾਂ ਸ਼ਾਇਦ ਆਰਤੀ ਉਤਾਰ ਰਹੀ ਹੈ :—

'ਗਗਨ ਮੈ ਥਾਲੁ ਰਵਿ ਚੰਦ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ ।
ਧੂਪ ਮਲਿਆਨ ਲੋ, ਪਵਣ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ ।'

ਇਸੇ ਲਈ ਜਦ ਰਾਤ ਤ੍ਰੇਲ-ਭਿਜੀ ਹੋਵੇ ਤੇ ਤਾਰੇ ਝਿਲਮਿਲਾਂਦੇ ਹੋਣ, ਉਦੋਂ ਰਬ ਨਾਲ ਜੁੜਨ ਦਾ ਆਵੇਸ਼ਕ ਸਮਾਂ ਹੁੰਦਾ ਹੈ, ਇਸੇ ਲਈ ਉਹ 'ਅੰਮ੍ਰਿਤ-ਵੇਲਾ' ਹੈ :—

'ਭਿੰਨੀ ਰੈਨੜੀਏ, ਚਾਮਕਨਿ ਤਾਰੇ ।
ਜਾਗਹਿ ਸੰਤ ਜਨਾ, ਮੇਰੇ ਰਾਮ ਪਿਆਰੇ ।'

ਤੇ ਜਦ ਕੁਦਰਤ ਤੋਂ ਬਿਨਾਂ ਸਭ ਪਾਸੇ ਕਿਸੇ ਡੂੰਘੀ ਖ਼ਲਾ ਦਾ ਹਨੇਰਾ ਸੀ, ਤਾਂ ਉਸ ਭਿਆਨਕ ਸੁੰਨ-ਅਵਸਥਾ ਦਾ ਕਹਿਰ-ਦ੍ਰਿਸ਼ ਗੁਰੂ ਨਾਨਕ ਇਵੇਂ ਸੁਝਾਉਂਦੇ ਹਨ :—

'ਅਰਬਦ ਨਰਬਦ ਧੁੰਧੂਕਾਰਾ ।
ਧਰਣਿ ਨ ਗਗਨਾ, ਹੁਕਮੁ ਅਪਾਰਾ ।
ਨਾ ਦਿਨ ਰੈਣਿ ਨਾ ਚੰਦ ਨਾ ਸੂਰਜ
ਸੁੰਨ ਸਮਾਧਿ ਲਗਾਇੰਦਾ ।
ਖਾਣੀ ਨਾ ਬਾਣੀ, ਪਉਣ ਨਾ ਪਾਣੀ,
ਓਪਤ ਖਪਤ ਨਾ ਆਵਣ ਜਾਣੀ,
ਖੰਡ ਪਤਾਲ ਸਪਤ ਨਹੀਂ ਸਾਗਰ,
ਨਦੀ ਨਾ ਨੀਰ ਵਹਾਇੰਦਾ ।'

ਇਸ ਲਈ ਗੁਰੂ-ਕਵੀਆਂ ਨੂੰ ਹਸਦੀ, ਮਉਲੀ, ਰਜੀ ਖਿੜੀ, ਕੁਦਰਤ ਨਾਲ ਡਾਢਾ ਪਿਆਰ ਹੈ ਤੇ ਉਹਨਾਂ ਦੀ ਲੋਚਨਾ ਹੈ ਕਿ :—

'ਨਦੀਆਂ ਹੋਵਹਿ ਧੇਣਵਾਂ, ਸੁੰਮ ਹੋਵਹਿ ਦੁਧ ਘੀਉ ।
ਸਗਲੀ ਧਰਤੀ ਸਕਰ ਹੋਵੇ, ਖ਼ੁਸ਼ੀ ਕਰਹਿ ਨਿਤ ਜੀਉ ।'

ਤੇ ਵਾਹੁ ਵਿਛੁੰਨੀਆਂ ਨਦੀਆਂ ਨੂੰ ਵੇਖ ਉਹਨਾਂ ਦੇ ਮਨ ਤ੍ਰਾਟ ਪੈਂਦੀ ਹੈ :

'ਨਦੀਆਂ ਵਾਹੁ ਵਿਛੁੰਨੀਆਂ, ਮੇਲਾ ਸੰਜੋਗੀ ਰਾਮ ।'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁਦਰਤ ਦੇ ਖੇੜੇ ਨੂੰ ਸਦਾ ਹੀ ਆਤਮਾ ਦੇ ਖਿੜਾਉ ਨਾਲ ਤੁਲਨਾ ਦਿਤੀ ਗਈ ਹੈ, ਤੇ ਇਸ ਨੂੰ ਇਕ ਵਸੀਲਾ ਵੀ ਮੰਨਿਆਂ ਗਿਆ ਹੈ ਸਹਿਜ-ਸੁਖ ਨੂੰ ਪਾਉਣ ਦਾ। ਨਹੀਂ ਨਹੀਂ, ਆਤਮਾ ਦੀ ਲਗਭਗ ਹਰ ਅਵਸਥਾ ਨੂੰ ਸੰਮਤਾ ਕੁਦਰਤ ਦੇ ਹੀ ਕਿਸੇ ਨਾ ਕਿਸੇ ਚਮਤਕਾਰ ਨਾਲ ਦਿਤੀ ਗਈ ਹੈ। ਬ੍ਰਹਮ ਗਿਆਨੀ ਦੇ ਮਨ ਪ੍ਰਗਾਸ ਇਵੇਂ ਖਿੜਦਾ ਹੈ, ਜਿਵੇਂ 'ਧਰ ਊਪਰ ਆਕਾਸ'। ਨਾਸ਼ਵਾਨ ਵਸਤਾਂ ਨਾਲ ਨੇਹੁ ਲਾਉਣ ਵਾਲਾ 'ਬਿਰਖ ਕੀ ਛਾਇਆ ਸਿਉਂ ਰੰਗ ਲਾਵੇ' ਜਾਂ 'ਬਲੂਆ ਕੇ ਗ੍ਰਿਹਿ ਭੀਤਰ ਬਸੈ', ਸਹਿਜ ਜਦ ਅੰਦਰ ਆਉਂਦਾ ਹੈ, ਤਾਂ ਸੁਭਾਉ ਇਵੇਂ ਹੋ ਜਾਂਦਾ ਹੈ 'ਜਿਉਂ ਪਾਵਕ ਕਾ ਸਹਿਜ ਸੁਭਾਓ।' ਗਿਆਨੀ ਨੂੰ ਮੈਲ ਇਵੇਂ ਨਹੀਂ ਲਗਦੀ ਜਿਵੇਂ 'ਮੈਲ ਨਾ ਲਾਗੈ ਜਲਾ।' ਤੇ ਉਸਦਾ ਖੇੜਾ ਇਵੇਂ ਸੁਵੰਨਾ ਹੁੰਦਾ ਹੈ ਜਿਵੇਂ :—

'ਕਰਮ ਪੇਡ, ਸਾਖਾ ਹਰੀ, ਧਰਮ ਫੂਲ ਫਲ ਗਿਆਨੁ।
ਪਤ ਪਰਾਪਤਿ, ਛਾਵ ਘਣੀ, ਚੂਕਾ ਮਨ ਅਭਿਮਾਨ।'

ਜੇ ਅੰਮ੍ਰਿਤ ਸਿੰਜਣ ਦੀ ਚਾਹ ਹੋਵੇ, ਤਾਂ ਇਵੇਂ ਹੀ ਉਹ ਪੀਵੀਦਾ ਹੈ, ਜਿਵੇਂ ਟਿੰਡਾਂ ਵਾਲੇ ਖੂਹ ਦਾ ਪਾਣੀ :—

'ਕਰ ਹਰਿਹਟ, ਮਾਲ ਟਿੰਡ ਪਰੋਵਹੁ, ਤਿਸ ਭੀਤਰਿ ਮਨੁ ਜੋਵਹੁ।
ਅੰਮ੍ਰਿਤ ਸਿੰਚਹੁ ਭਰਹੁ ਕਿਆਰੇ, ਤਉ ਮਾਲੀ ਕੇ ਹੋਵਹੁ।'

ਸੰਸਾਰ ਵਿਚ ਜੀਊਂਦਿਆਂ ਵਸਦਿਆਂ ਇਵੇਂ ਆਤਮਾ ਸਹਿਜ ਘਰ ਟਿਕੀ ਰਹਿ ਸਕਦੀ ਹੈ ਜਿਵੇਂ :—

'ਭੀਤਰਿ ਅਗਨਿ ਬਨਾਸਪਤਿ ਮਉਲੀ, ਸਾਗਰੁ ਪੰਡੈ ਪਾਇਆ।
ਚੰਦ ਸੂਰਜੁ ਦੁਇ ਘਰ ਹੀ ਭੀਤਰਿ, ਐਸਾ ਗਿਆਨੁ ਨਾ ਪਾਇਆ।'

ਇਹ ਕਵਿਤਾ ਮਨ ਦੀ ਪਲ ਪਲ ਦੀ ਵਟਦੀ ਹਾਲਤ ਦਾ ਗਿਆਨ ਬਦਲਦੀਆਂ ਰੁਤਾਂ, ਢੁਕਵੇਂ ਤੇ ਕੁਦਰਤੀ ਦ੍ਰਿਸ਼ਾਂ ਨਾਲ ਇਵੇਂ ਜੋੜਦੀ ਹੈ, ਜਿਵੇਂ ਕੁਦਰਤ ਸਾਡੇ ਨਾ ਕੇਵਲ ਸ੍ਰੀਰਕ ਸਗੋਂ ਆਤਮਕ ਦੁਖ ਸੁਖ, ਸੰਜੋਗ-ਵਿਜੋਗ, ਹਾਵੇ ਤੇ ਪ੍ਰੀਤੀ ਦੀ ਸਾਂਝੀਵਾਲ ਹੈ :—

'ਭਵਰ ਭਵੰਤਾ, ਫੂਲੀ ਡਾਲੀ, ਕਿਉਂ ਜੀਵਾਂ ਮਰ ਮਾਏ ?'
'ਝੂਰ ਵਿਗੁਤੀ ਤਾ ਪਿਰ ਮੁਤੀ,'
'ਕੂਕਰ ਕਾਹਿ ਸਿ ਫੁਲੇ।'
'ਤੇਰਾ ਨਾਮ ਕਰੀ ਚਰਣਾਰੀਆ, ਜੇ ਮਨ ਉਰਸਾ ਹੋਇ।
ਕਰਣੀ ਕੁੰਗੂ ਜੇ ਰਲੇ, ਘਟ ਅੰਤਰਿ ਪੂਜਾ ਹੋਇ।'

ਰੱਬ ਬਿਨਾਂ ਆਤਮਾ ਇਵੇਂ ਸਖਣੀ ਵਿਲਕਦੀ ਹੈ :—

'ਜਿਉਂ ਸੁੰਞੈ ਘਰ ਕਾਉ।'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਹਲਾ ਭਮਣ ਇਵੇਂ ਹੈ ਜਿਉਂ :—

'ਭ੍ਰਮਤਿ ਫਿਰਤ ਤੇਲੀ ਕੇ ਕਪਿ ਜਿਉਂ ।'

ਅਥਾਹ ਸਚਿਆਈ ਦੀ ਹਾਥ ਇਵੇਂ ਹੀ ਨਹੀਂ ਪਾਈ ਜਾ ਸਕਦੀ :—

ਜਿਉਂ ਆਕਾਸੈ ਪੰਖੀਅਲੋ, ਖੋਜ ਨਿਰਖਉ ਨਾ ਜਾਈ ।
ਜਿਉਂ ਜਲ ਮਾਝ ਮਾਛਲੋ, ਮਾਰਗੁ ਪੇਖਣੋ ਨਾ ਜਾਈ ।
ਜਿਉਂ ਆਕਾਸੇ ਘੜੂਅਲੇ, ਮ੍ਰਿਗ ਤ੍ਰਿਸਨਾ ਭਰਿਆ ।

ਰੱਬ-ਪਿਆਰ ਇਕ ਤਰ੍ਹਾਂ ਦਾ ਪੁਤਰ-ਪਿਆਰ ਜਾਂ ਪ੍ਰਿਅ-ਪਿਆਰ ਹੈ :—

ਜਿਉ ਮਿਲਿ ਬਛਰੈ ਗਊ ਪ੍ਰੀਤ ਲਗਾਵੈ ।
ਕਾਮਨਿ ਪ੍ਰੀਤਿ ਜਾ ਪਿਰੁ ਘਰਿ ਆਵੈ ।
ਸਾਰਿੰਗ ਪ੍ਰੀਤਿ ਬਸੈ ਜਲ ਧਾਰਾ ।
ਨਰਪਤਿ ਪ੍ਰੀਤਿ ਮਾਇਆ ਦੇਖਿ ਪਸਾਰਾ ।
ਭੂਖੇ ਪ੍ਰੀਤਿ ਹੋਵੈ ਅੰਨ ਖਾਇ
ਚਕਵੀ ਪ੍ਰੀਤਿ ਸੂਰਜ ਮੁਖਿ ਲਾਗੈ ।
ਬਛਰੈ ਪ੍ਰੀਤਿ ਖੀਰ ਮੁਖ ਖਾਇ ।

ਗੋਵਿੰਦ ਦਾ ਨਾਮ ਏਨਾ ਨਿਰਮਲ ਹੈ ਜਿੰਨਾ ਪਾਣੀ :

'ਨਿਰਮਲ ਉਦਕ ਗੋਵਿੰਦ ਕਾ ਨਾਮ ।'

ਉਸ ਨੂੰ ਯਾਦ ਵਿਚ ਸੰਭਾਲਦਿਆਂ ਨਵੇਂ ਖੰਭ ਨਿਕਲ ਆਉਂਦੇ ਹਨ :

'ਨਿਕਸੁ ਰੇ ਪੰਖੀ ਸਿਮਰਿ ਹਰਿ ਪਾਖ ।'

ਸਹਿਜ-ਸੁਖ ਅੰਦਰ ਇੰਜ ਆਉਂਦਾ ਹੈ, ਜਿਵੇਂ ਚਿਟੀ ਸਵੇਰ ਚੜ੍ਹ ਪੈਂਦੀ ਹੈ ।

'ਅਨਦ ਸੂਖ ਭੇਟਤ ਹਰਿ ਨਾਨਕ
ਜਨਮ ਕ੍ਰਿਤਾਰਥ ਸਫਲ਼ ਸਵੇਰਾ ।'

ਕਚੀਆਂ ਜਰਜਰੀਆਂ, ਸਚਿਆਈਆਂ ਨਾਲ ਪ੍ਰੀਤੀ ਇਵੇਂ ਹੈ, ਜਿਵੇਂ :—

'ਧ੍ਰੂਮ ਕੀ ਛਾਇਆ, ਨਿਹਚਲੁ ਗ੍ਰਿਹੁ ਬਾਂਧਿਆ ।'
'ਬਾਲੂ ਕਿਨਾਰਾ, ਤ੍ਰੰਗ ਮੁਖ ਆਇਆ ।'

ਪਰ ਜਿਸ ਦੇ 'ਭਾਗ ਮਥਾਣੇ' ਹੋਣ, ਉਹ ਵਾਸ਼ਨਾ ਦੀ ਅੱਗ ਵਿਚ ਬੈਠਾ ਵੀ ਇਵੇਂ ਬਚਿਆ ਰਹਿੰਦਾ ਹੈ ਜਿਵੇਂ :—

'ਦਾਵਾ ਅਗਨਿ ਬਹੁਤੁ ਤ੍ਰਿਣੁ ਜਾਲਿਓ,
ਕੋਈ ਹਰਿਆ ਬੂਟ ਰਹਿਓਰੀ ।'

ਅਲਪਿਤ ਇਵੇਂ ਰਹੀਏ, ਜਿਵੇਂ 'ਜਲ ਮਹਿ ਕਉਲਾ ।' ਕਾਮਨਾਵਾਂ ਇਵੇਂ ਹੀ ਕਦੀ ਪੂਰੀਆਂ ਨਹੀਂ ਹੁੰਦੀਆਂ, ਜਿਵੇਂ 'ਮਾਰੂ ਮੀਂਹ ਨਾ ਤ੍ਰਿਪਤਿਆ, ਅਗੀ ਲਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾ ਭੁਖ' ਜਦ 'ਰਸਕ ਪੁਰਖ ਬੈਰਾਗੀ' ਨਾਲ ਮੇਲ ਹੋਣ ਲਈ ਪੂਰਬ-ਕਰਮ ਜਾਗਦੇ ਹਨ ਤਾਂ ਇਵੇਂ ਜਿਵੇਂ ਅੰਕੁਰ (ਅੰਗੂਰੀ) ਫੁਟਦੀ ਹੈ ਤੇ ਜਦ ਮੇਲ ਹੁੰਦਾ ਹੈ, ਤਾਂ ਇਵੇਂ ਭਾਸਦਾ ਹੈ ਜਿਵੇਂ ਅਸੀਂ 'ਆਸਾੜ ਗਗਨ ਤਪੈ' ਵਿਚੋਂ ਉਠ ਕੇ 'ਅੰਬੀ ਛਾਵੜੀ-ਅਹਿ ਜੀਓ' ਹੇਠ ਆ ਨਿਸਲ ਹੋਏ ਹਾਂ। ਬੁਢੇਪਾ ਇਵੇਂ ਹੈ ਜਿਵੇਂ 'ਸਰ ਹੰਸ ਉਲੱਥੜੇ ਆਏ' (ਮਾਨ ਸਰੋਵਰ ਕੰਢੇ ਹੰਸ—ਚਿਟੇ ਵਾਲ—ਆ ਲਥੇ ਹਨ)। ਜਾਂ ਜਿਵੇਂ 'ਸਾਖ ਪਕੰਦੀ ਆਈਆ, ਹੋਰ ਕਰੇਂਦੀ ਵੰਨ।' ਸੰਸਾਰ ਨੂੰ ਤਿਆਗਣਾ ਇਵੇਂ ਹੀ ਹੈ ਜਿਵੇਂ :

'ਉਡ ਉਡ ਗਈਆ ਪੰਖੀਆ ਜਿਨੀ ਵਸਾਏ ਤਲ।
ਫ਼ਰੀਦਾ ਸਰ ਭਰਿਆ ਭੀ ਚਲਸੀ ਥੱਕੇ ਕਵਲ ਇਕੱਲ।'

ਜੀਵਨ ਦੇ ਦਿਨ 'ਤਿਲ ਥੋੜੜੇ' ਹਨ, ਕਿਰਨਮ ਕਿਰਨੀ ਕਿਰ ਜਾਣਗੇ। ਜਦ ਪੁਗਣਗੇ, ਤਦ ਵੰਞਣਾ ਇਵੇਂ ਹੈ, ਜਿਵੇਂ 'ਜਾ ਭਰਿਆ ਤਾਂ ਲਦਿਆ।' ਰੱਬ ਏਨਾ ਮਿੱਠਾ ਹੈ, ਜਿੰਨਾ 'ਖਜੂਰੀ ਪਕੀਆਂ' ਜਾਂ ਜਿਵੇਂ ਮਾਖਿਓਂ, ਮਾਝਾ ਦੁਧ ਹੋਵੇ। ਮਿੱਠੀਆਂ, ਪਰ ਵਿਚੋਂ ਕੌੜੀਆਂ ਕਾਮਨਾਵਾਂ ਇਵੇਂ ਹਨ, ਜਿਵੇਂ 'ਵਿਸ ਗੰਦਲਾਂ ਖੰਡ ਲਵੇੜੀਆਂ' ਹੋਣ। ਇਨ੍ਹਾਂ ਵਿਚ ਖਚਤ ਹੋਇਆਂ ਮਨ ਦੀ ਦਸ਼ਾ ਉਹ ਹੁੰਦੀ ਹੈ ਜੋ ਪੀੜੀਂਦੇ ਤਿਲ ਦੀ, ਕੁਟੀਂਦੇ ਕਾਗ਼ਜ਼ ਜਾਂ ਕੂੰਨੀ ਹੇਠ ਬਲਦੇ ਕੋਇਲੇ ਦੀ। ਜ਼ਿੰਦਗੀ ਦੀ ਸੁਵੰਨਵੀ ਘੜੀ ਟੁਟਦੀ ਹੈ ਕਿ ਕੋਈ ਨਾਗਰ ਲਜ ਸਮੇਂ ਦੀ ਘਾਸ ਨਾਲ ਛਿਸ ਗਈ ਹੈ ? ਖੜੋਤੀ ਇਹ ਇਵੇਂ ਰਹਿੰਦੀ ਹੈ, ਹਰ ਸਮੇਂ, ਜਿਵੇਂ ਦਰਿਆ ਦੀ ਕੰਧੀ ਉਤੇ ਰੁਖੜਾ ਜਾਂ ਕਚੇ ਭਾਂਡੇ ਵਿਚ ਪਿਆ ਪਾਨੀ। ਮੌਤ ਇਵੇਂ ਆਣ ਅਚਾਨਕ ਝਪੱਟਾ ਮਾਰਦੀ ਹੈ, ਜਿਵੇਂ 'ਕੂੰਜ ਪੜੇਗੀ ਖੇਤ' ਤੇ ਦਰਿਆ-ਕੰਢੇ ਕੇਲ-ਕਰਦੇ ਬਗਲੇ ਨੂੰ ਅਚਿੰਤੇ ਬਾਜ ਆਣ ਪੈਂਦੇ ਹਨ। ਖਿੜੇ ਵਣ ਹਰਿਆਵਲੇ ਦੀ ਪੱਤਰ-ਝਾੜ ਕਦੀ ਤਾਂ ਅਵੱਸ਼ ਹੋਣੀ ਹੈ :—

'ਫ਼ਰੀਦਾ ਰੁਤ ਫਿਰੀ, ਵਣ ਕੰਬਿਆ, ਪਤ ਝੜੇ ਝੜਿ ਪਾਹਿ।'

ਸੱਚ ਵਲ ਮੂੰਹ ਕੀਤੀ ਆਤਮਾ ਇਵੇਂ ਹੈ, ਜਿਵੇਂ ਬਿਰਖ ਸੁਹਾਵੜੇ ਉਤੇ ਕੋਈ ਰੰਗ ਨਵੇਲਾ ਪੰਛੀ ਬੈਠਾ ਹੋਵੇ। ਪਵਣ, ਪਾਣੀ, ਬੈਸੰਤਰ, ਖ਼ਾਕ, ਆਕਾਸ਼, ਦਾ ਮੁਢ ਤਾਂ ਕਰਤਾ-ਪੁਰਖ ਹੈ, ਪਰ ਇਨ੍ਹਾਂ ਰਾਹੀਂ ਸੰਸਾਰ ਦੀ ਉਪਜ ਵੀ ਹੋਈ ਹੈ :—

'ਸਾਚੇ ਤੇ ਪਵਨਾ ਭਇਆ, ਪਵਨੈ ਤੇ ਜਲ ਹੋਇ।
ਜਲ ਤੇ ਤ੍ਰਿਭਵਣ ਸਾਜਿਆ, ਘਟਿ ਘਟਿ ਜੋਤਿ ਸਮੋਇ।'

ਇਵੇਂ ਇਹ ਸਾਡੇ ਮਾਂ-ਪਿਓ, ਦਾਈ-ਦਾਇਆ, ਗੁਰੂ ਹਨ :—

'ਪਵਣੁ ਗੁਰੂ, ਪਾਣੀ ਪਿਤਾ, ਮਾਤਾ ਧਰਤਿ ਮਹਤੁ।
ਦਿਵਸੁ ਰਾਤ ਦੁਇ ਦਾਈ ਦਾਇਆ, ਖੇਲੈ ਸਗਲ ਜਗਤੁ।'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸੇ ਲਈ ਇਸ ਸੰਸਾਰ ਨੂੰ 'ਫੁਲਾਂ ਸੰਦੀ ਵਾੜਿ' ਨਾਲ ਉਪਮਾਇਆ ਹੈ, ਜਿਸ ਵਿਚ 'ਖਿੜਿਆ ਹਭੁ ਸੰਸਾਰੁ' ਹੈ। ਸਾਡਾ ਪਰਮ-ਸੱਤ ਦੇ ਦਰ ਢਹਿਣਾ ਇਵੇਂ ਹੀ ਹੈ, ਜਿਵੇਂ ਕੰਮੀ ਦਾ ਫੁਲ ਚੰਨ ਦੀ ਠੰਢੀ ਚਿਟੀ ਵਡਿਆਈ ਨੂੰ ਵੇਖ ਕੇ ਸੁਤੇ ਹੀ ਨਿੰਵਦਾ ਹੈ :—

'ਚੰਦ ਕੁਮੁਦਨੀ ਦੂਰੋਂ ਨਿਵਸਸ, ਅਨਭਉ ਕਾਰਨਿ ਰੇ।'

ਸਹਿਜ ਦੇ ਘਰ ਟਿਕਣਾ ਮਾਨੋਂ ਸੂਰਜ ਤੇ ਚੰਦਰਮਾ ਦੀਆਂ ਕਿਰਨਾਂ ਨੂੰ ਇਕੱਠਿਆਂ ਪੀਵਣਾ ਹੈ। ਫਿਰ ਮੱਛੀ ਵਾਲੀ ਚੰਚਲਤਾ ਮਨ ਵਿਚੋਂ ਮੁਕ ਜਾਂਦੀ ਹੈ :—

'ਸੂਰ ਸਰੁ ਸੋਸਿ ਲੈ, ਸੋਮ ਸਰੁ ਪੋਖਿ ਲੈ।
ਜੁਗਤ ਕਰਿ ਮਰਤੁ ਸੁ ਸਨਬੰਧ ਕੀਜੈ।
ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ,
ਉਡੈ ਨਹ ਹੰਸ, ਨਹ ਕੰਧ ਛੀਜੈ।'

ਬਿਨਾਂ ਗਿਆਨ ਦੇ ਅਥਾਹ ਸੰਸਾਰ ਦੇ ਸਮੁੰਦ ਵਿਚੋਂ ਬਿਨ ਵੰਞੀ (ਚਪੂ) ਬਿਨ ਖੇਵਟ (ਮਲਾਹ) 'ਤੁਰਨਾ' ਹੈ :—

'ਬਿਖੁ ਬੋਹਿਥਾ ਲਾਦਿਆ, ਦੀਆ ਸਮੁੰਦ ਮਝਾਰਿ।
ਕੰਧੀ ਦਿਸਿ ਨਾ ਆਵਈ, ਨਾ ਉਰਵਾਰੁ ਨਾ ਪਾਰੁ।
ਵੰਞੀ ਹਾਥਿ ਨਾ ਖੇਵਟੂ, ਜਲੁ ਸਾਗਰਿ ਅਸਰਾਲੁ।
ਬਾਬਾ ਜਗੁ ਫਾਥਾ ਮਹਾ ਜਾਲਿ।'

ਨਿਰਮਲ ਕਾਇਆਂ ਇਵੇਂ ਹੈ, ਜਿਵੇਂ 'ਊਜਲ ਹੰਸਾ' ਜਾਂ ਪ੍ਰੇਮ ਦੀ ਫਾਹੀ ਫਾਥਾ ਤੋਤਾ ਜੋ ਸਚੁ ਚੁਗਦਾ, ਅੰਮ੍ਰਿਤ ਪੀਂਵਦਾ ਹੈ ਤੇ ਜਦ ਉਡਦਾ ਹੈ ਤਾਂ ਮੁੜ ਕੇ ਨਹੀਂ ਆਂਵਦਾ :—

'ਸੂਹਟ ਪਿੰਜਰਿ ਪ੍ਰੇਮ ਕੈ, ਬੋਲੈ ਬੋਲਣਹਾਰੁ।
ਸਚੁ ਚੁਗੈ, ਅੰਮ੍ਰਿਤ ਪੀਐ, ਉਡੈ ਤ ਏਕਾ ਵਾਰ।'

ਚੰਦਨ ਦੇ ਨੇੜੇ ਰਹਿਣ ਵਾਲਾ ਨਿੰਮੁ ਜਿਵੇਂ ਚੰਦਨ ਦੀ ਖ਼ੁਸ਼ਬੂਈ ਗ੍ਰਹਿਣ ਕਰ ਲੈਂਦਾ ਹੈ, ਪਰ ਬਾਂਸ ਨਹੀਂ ਕਰਦਾ, ਇਹੀ ਹਾਲ ਨਿਮਰ ਤੇ ਹੰਕਾਰੀ ਆਤਮਾ ਦਾ ਹੁੰਦਾ ਹੈ। ਅਗਿਆਨ ਵਿਚ ਫਾਥਿਆ ਮਨੁੱਖ ਇਵੇਂ ਹੈ, ਜਿਵੇਂ ਰੈਣ-ਅੰਧਿਆਰੀ ਵਿਚ, ਵੱਖਰ ਨੂੰ ਖੋਲ੍ਹ ਸੁਤੀ, ਸਲੂਣੇ ਨੈਣਾਂ ਵਾਲੀ ਨਵ-ਯੋਬਨਾਂ :—

'ਪਹਿਲੈ ਪਹਰੈ, ਨੈਣ ਸਲੋਨੜੀਏ, ਰੈਣ ਅੰਧਿਆਰੀ ਰਾਮ।
ਵਖਰੁ ਰਾਖੁ ਮੁਈਏ ਆਵੈ ਵਾਰੀ ਰਾਮ।
ਵਾਰੀ ਆਵੈ, ਕਵਣੁ ਜਗਾਵੈ, ਸੂਤੀ ਜਮ ਰਸੁ ਚੂਸਏ।
ਰੈਣਿ ਅੰਧਾਰੀ ਕਿਆ ਪਤਿ ਤੇਰੀ, ਚੋਰੁ ਪੜੈ ਘਰ ਮੂਸਏ।'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰ, ਜੀਉ ਜੀ, ਕਿਵੇਂ ਵੇਖੀਏ ਕਿਥੇ ਹੈ, ਪਿਰ ਰਲੀਆਰਾ ਸਾਡਾ, ਸੁਤਾ ਜਾਂ ਰਲੀਆਂ ਮਾਣਦਾ ? ਹਾਇ ਜੀ, ਉਹ ਤਾਂ ਇਵੇਂ ਪਿਆ ਚਟਾਕ ਚਿਟਾ ਚਮਕਦਾ ਹੈ, ਜਿਵੇਂ ਬੋਦੀ ਵਾਲਾ ਤਾਰਾ :

'ਤਾਰਾ ਚੜਿਆ ਲੰਮਾ,
ਕਿਉਂ ਨਦਰਿ ਨਿਹਾਲਿਆ ਰਾਮ ।'

ਉਹ 'ਪਰਬਤ' ਵਾਂਗ ਸਾਡਾ ਓਹਲਾ ਹੈ, ਉਸ ਨੇ 'ਪ੍ਰੇਮ ਪਟੋਲਾ' ਸਾਨੂੰ ਦਿਤਾ ਹੈ ਸਾਡੀ ਪੱਤ ਕੱਜਣ ਲਈ, ਉਸ ਬਿਨਾਂ ਆਤਮਾ ਇਵੇਂ ਹੈ, ਜਿਵੇਂ ਧੇਨੁ (ਗਊ) 'ਦੁਧੈ ਤੇ ਬਾਹਿਰੀ' ਜਾਂ ਜਲ ਬਿਨਾਂ ਸਾਖ ਕੁਮਲਾਈ ਹੋਈ, ਤੇ ਜਦ ਉਹ ਪ੍ਰਾਪਤ ਹੋ ਜਾਵੇ, ਤਾਂ ਫਿਰ ਹੋਰ ਕਿਸੇ ਮੂਲ, ਧਨ, ਵੱਖਰ ਦੀ ਲੋੜ ਨਹੀਂ ਰਹਿੰਦੀ । ਪੰਛੀ ਵਾਂਗ, ਟਾਹਣੀ ਉਤੇ ਬੈਠਾ, ਮਨ ਆਸਾ ਦੇ ਘਰ ਜੀਉਣ ਲਗ ਪੈਂਦਾ ਹੈ :—

ਪਰਿੰਦਏ ਨਾ ਗਿਰਹ ਜ਼ਰ ।
ਦਰਖ਼ਤ ਆਬ ਆਸ ਕਰ ।
ਦਿਹੰਦ ਸੁਈ ।
ਏਕ ਤੁਈ, ਏਕ ਤੁਈ ।

ਪਰ, ਆਪਣੇ ਮਨ ਦੇ ਪਿਛੇ ਤੁਰਨ ਵਾਲੇ ਦੀ ਦਸ਼ਾ ਇਵੇਂ ਹੁੰਦੀ ਹੈ, ਜਿਵੇਂ :—

ਮਨ-ਅਸਵਾਰ ਜੈਸੇ ਤੁਰੀ ਸੀਗਾਰੀ ।
ਜਿਉਂ ਕਾਪੁਰਖ ਪੁਚਾਰੈ ਨਾਰੀ ।
ਬੈਲ ਕਉ ਨੇਤ੍ਰਾ ਪਾਇ ਦੁਹਾਵੈ ।
ਗਊ ਚਰਿ ਸਿੰਘ ਪਾਛੈ ਪਾਵੈ ।
ਗਾਡਰ ਲੇ ਕਾਮਧਾਨ ਕਰ ਪੂਜੀ ।
ਸਉਦੇ ਕਉ ਧਾਵੈ ਬਿਨੁ ਪੰਜੀ ।

(੨)

ਗੁਰੂ ਗਰੰਥ ਦੀ ਕਵਿਤਾ ਵਿਚ ਨਾ ਕੇਵਲ ਕੁਦਰਤ ਨੂੰ ਚਿੰਨ੍ਹ ਰੂਪ (Symbolic) ਢੰਗ ਵਿਚ ਹੀ ਆਤਮਕ ਜਾਂ ਅਧਿਆਤਕ ਸਚਿਆਈਆਂ ਦੇ ਸੁਝਾਣ ਲਈ, ਉਪਮਾ ਜਾਂ ਰੂਪਕ ਵਜੋਂ ਵਰਤਿਆ ਗਿਆ ਹੈ, ਸਗੋਂ ਉਨ੍ਹਾਂ ਦੀ ਸ੍ਰੀਰਕ ਸੁੰਦਰਤਾ ਲਈ ਤੇ ਉਨ੍ਹਾਂ ਦੇ ਕੰਮ ਆਉਂਦੇ ਪਾਸੇ ਲਈ ਵੀ ਇਕ ਕਵੀ-ਦਿਲ ਦੇ ਅਹਿਸਾਸ ਨਾਲ ਚਿਤ੍ਰਿਆ ਗਿਆ ਹੈ ਤੇ ਏਹੀ ਇਸ ਕਵਿਤਾ ਨੂੰ ਵਧੀਕ ਲੌਕਿਕ ਬਣਾਉਂਦਾ ਹੈ । ਨਾ ਕੇਵਲ ਸ੍ਰੀਰ ਨੂੰ 'ਕੰਚਨ ਚੰਗੜੀਆ' ਜਾਂ ਇਕ ਤੇਜਣ (ਘੋੜੀ) 'ਜੀਨ ਸਵੰਨਾ' ਵਾਲੀ ਨਾਲ ਉਪਮਾਇਆ ਗਿਆ ਹੈ, ਸਗੋਂ ਜਿਥੇ ਕਿਤੇ ਵੀ ਰੂਪ ਦਾ ਵਿਗਾੜ ਕਵੀ-ਮਨਾਂ ਨੇ ਡਿਠਾ ਹੈ, ਉਹ ਉਥੇ ਹੀ ਕਿਸੇ ਅੰਦਰਲੀ ਤ੍ਰਾਟ ਨਾਲ ਪਾਟੇ ਹਨ । ਕੁਦਰਤੀ ਸ਼ਕਤੀਆਂ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੱਤਾਂ, ਤੇ ਰੂਪ ਤੋਂ ਮੂੰਹ ਮੋੜਨ ਵਾਲੇ ਅਸੋਹਜਵਾਦੀ ਅਗਿਆਨੀਆਂ ਨੂੰ ਇਸ ਕਵਿਤਾ ਵਿਚ ਰਜ ਕੇ ਕੋਸਿਆ ਗਿਆ ਹੈ। ਪਾਣੀ ਦੀ ਉਸਤਤੀ ਕਰਨ ਜਦ ਕਵੀ ਨਾਨਕ ਉਠਿਆ ਹੈ, ਤਾਂ ਉਹ ਭਾਵ ਤੇ ਜੋਸ਼ ਨਾਲ ਭਰ ਛਲਕਿਆ ਹੈ :—

'ਵੁਠੈ ਅੰਨ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ।
ਵੁਠੈ ਘਾਹੁ ਚਰਹਿ ਨਿਤਿ ਸੁਰਹੀ, ਸਾਧਨ ਦਹੀ ਵਿਲੋਵੈ।'

'ਅੰਨ, ਕਮਾਦ ਤੇ ਕਪਾਹ ਸਾਡਾ ਪੜਦਾ ਢਕਦੇ ਹਨ'—ਇਹ ਕੋਈ ਕਵੀ ਹੀ ਆਖ ਸਕਦਾ ਸੀ ਜਿਸਦੀ ਅੱਖ ਗਊਆਂ ਨੂੰ ਘਾਹਾਂ ਉਤੇ ਚਰਦਾ ਤੇ ਸਵਾਣੀ ਨੂੰ ਊਸ਼ਾ ਦੀ ਲਾਲੀ ਤੇ ਦਹੀ ਰਿੜਕਦਾ ਵੇਖ ਪ੍ਰਸੰਨ ਹੁੰਦੀ ਹੈ।

ਮਾਸ ਤੋਂ ਘ੍ਰਿਣਾ ਕਰਨ ਵਾਲਿਆਂ ਲਈ ਮਾਸ ਦੀ ਉਸਤਤੀ ਵਿਚ ਕੋਈ ਕਵੀ ਹੀ ਏਨੇ ਆਦਰ ਨਾਲ ਉਸਦੀ ਸਿਫ਼ਤ-ਸਲਾਹ ਕਰ ਸਕਦਾ ਸੀ :—

'ਪਹਿਲਾਂ ਮਾਸਹੁ ਨਿੰਮਿਆ, ਮਾਸੈ ਅੰਦਰਿ ਵਾਸੁ।
ਜੀਉ ਪਾਇ ਮਾਸੁ ਮੁਹਿ ਮਿਲਿਆ, ਹਡੁ ਚੰਮੁ ਤਨੁ ਮਾਸੁ।
ਮਾਸਹੁ ਬਾਹਰਿ ਕਢਿਆ, ਮੰਮਾ ਮਾਸ ਗਿਰਾਸੁ।
ਮੁਹੁ ਮਾਸੈ ਕਾ ਜੀਭ ਮਾਸੇ ਕੀ, ਮਾਸੈ ਅੰਦਰਿ ਸਾਸੁ।
ਵਡਾ ਹੋਆ ਵੀਆਹਿਆ, ਘਰਿ ਲੈ ਆਇਆ ਮਾਸੁ।
ਮਾਸਹੁ ਹੀ ਮਾਸੁ ਊਪਜੈ, ਮਾਸਹੁ ਸਭੋ ਸਾਕੁ।
ਮਾਸਹੁ ਨਿੰਮੇ, ਮਾਸਹੁ ਜੰਮੇ, ਹਮ ਮਾਸੈ ਕੇ ਭਾਂਡੇ।
ਗਿਆਨੁ ਧਿਆਨ ਕਛੁ ਸੂਝੈ ਨਾਹੀ, ਚਤੁਰੁ ਕਹਾਵੈ ਪਾਂਡੇ।'

ਤੇ ਜਦ ਸ੍ਰੀਰਕ ਸੁੰਦਰਤਾ ਨੂੰ ਕਿਤੇ ਕਿਸੇ ਰੋਲਿਆ ਹੈ, ਚਾਹੇ ਵਹਿਮ ਕਰ ਕੇ, ਚਾਹੇ ਜਬਰ ਕਰ ਕੇ, ਉਥੇ ਕਵੀ ਆਤਮਾ ਕੁਰਲਾ ਉਠੀ ਹੈ :—

'ਜਿਨ ਸਿਰਿ ਸੋਹਨਿ ਪਟੀਆਂ, ਮਾਂਗੀ ਪਾਇ ਸੰਧੂਰੁ।
ਸੇ ਸਿਰ ਕਾਤੀ ਮੁਨੀਅਨਿ, ਗਲ ਵਿਚ ਆਵੈ ਧੂੜਿ।
ਜਦਹੁ ਸੀਆ ਵਿਆਹੀਆ ਲਾੜੇ ਸੋਹਨਿ ਪਾਸਿ।
ਹੀਡੋਲੀ ਚੜ੍ਹਿ ਆਈਆ ਦੰਦ ਖੰਡ ਕੀਤੇ ਰਾਸਿ।
ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ।
ਇਕ ਲਖ ਲਹਿਨ ਬਹਿਠੀਆਂ ਲਖੁ ਲਹਨਿ ਖੜੀਆਂ।
ਗਰੀ ਛੁਹਾਰੇ ਖਾਂਦੀਆਂ ਮਾਣਨਿ ਸੇਜੜੀਆਂ।
ਤਿੰਨ ਗਲਿ ਸਿਲਕਾ ਪਾਈਆ ਤੁਟਨਿ ਮੋਤ ਸਰੀਆ।'

ਪੇਟੋਂ ਭਾਰੀ ਹੋਈ, ਥਣ-ਭਰੀ, ਉਚ-ਅੰਗੀ, ਨਵ-ਯੋਬਨਾਂ ਸਸ ਦੀ ਸੂਹੀ ਨਾ ਕਰ ਸਕਣ ਵਾਲੀ ਨੂੰ ਵੀ ਬਾਬੇ ਨਾਨਕ ਦੀ ਅਖ ਪਛਾਣਦੀ ਹੈ :—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਉਤੰਗੀ, ਪੈਓਹਰੀ, ਗਹਿਰੀ, ਗੰਭੀਰੀ,
ਸਸੁੜਿ ਸੁਹੀਆ ਕਿਵ ਕਰੀ, ਨਿਵਣ ਨਾ ਜਾਇ ਥਣੀ ।'

ਉਸ ਰੱਬ ਨੂੰ ਜੋ ਰੂਪ ਦੀ ਆਭਾ ਵਿਚ ਜਾਗਿਆ ਹੈ, ਛਡ ਕੇ ਵਿਹਲਿਆਂ ਹਵਾਈ ਆਦਰਸ਼ਾਂ ਅਗੇ ਨਚਣਾ, ਆਰਤੀਆਂ ਉਤਾਰਨੀਆਂ ਤੇ ਉਨ੍ਹਾਂ ਨੂੰ ਪੂਜਣਾ ਇਸ ਕਵਿਤਾ ਵਿਚ ਪਖੰਡ ਆਖਿਆ ਗਿਆ ਹੈ। ਰਵੀਦਾਸ ਨੂੰ ਤਾਂ ਉਹ ਸੁਚੇ ਫੂਲ ਨਹੀਂ ਲਭਦੇ, ਨਾ ਉਹ ਦੁਧ, ਨਾ ਉਹ ਚੰਦਨ, ਨਾ ਉਹ ਧੂਪ, ਜਿਹੜੀ ਪ੍ਰੇਮੀ-ਮਨਾਂ ਨੇ ਅਗੇ ਹੀ ਨਾ ਜੂਠਿਆਈ ਹੋਵੇ ਤੇ ਵਿਆਖਿਆ ਇਸ ਨੂੰ ਇਵੇਂ ਹੈ, ਜਿਵੇਂ ਕਵੀ ਨੇ ਇਨ੍ਹਾਂ ਦਾ ਆਪਣੇ ਠੀਕਰਾਂ ਦੇ 'ਠਾਕੁਰ' ਨਾਲੋਂ ਪਹਿਲਾ ਅਧਿਕਾਰ ਮੰਨਿਆਂ ਹੋਵੇ :—

'ਦੂਧ ਤ ਬਛਰੈ ਥਨਹੁ ਬਿਡਾਰਿਓ ।
ਫੂਲ ਭਵਰਿ, ਜਲੁ ਮੀਨ ਬਿਗਾਰਿਓ ।
ਮੈਲਾਗਰ ਬੇਰ੍ਹੇ ਹੈ ਭੁਇਅੰਗਾ ।
ਬਿਖੁ ਅੰਮ੍ਰਿਤ ਬਸਹਿ ਇਕ ਸੰਗਾ ।
ਧੂਪ, ਦੀਪ, ਨਈਬੇਦਹਿ ਬਾਸਾ ।
ਕੈਸੇ ਪੂਜ ਕਰਹਿ ਤੇਰੀ ਦਾਸਾ ।'

ਇਵੇਂ ਨੱਚਣਾ ਵੀ, ਤੇ ਸ੍ਵਾਂਗ ਧਾਰ ਕੇ ਰਾਸਾਂ ਪਾਉਣੀਆਂ, ਕਿਸੇ ਆਤਮਕ ਆਦਰਸ਼ ਦੀ ਪ੍ਰਾਪਤੀ ਲਈ ਨਿਪਟ ਫੋਕਟ-ਕਰਮ ਹੈ, ਜਦ ਕਿ ਨੱਚਣ ਦੀ ਕ੍ਰਿਤ ਵਿਚ ਕੁਦਰਤ ਦੀਆਂ ਅਨੰਤ ਸ਼ਕਤੀਆਂ-ਜੀਵ ਵੀ ਤੇ ਅਜੀਵ ਵੀ—ਰੁਝੀਆਂ ਹੋਈਆਂ ਹਨ। ਮਨੁੱਖ ਦੀ ਨ੍ਰਿਤਕਾਰੀ ਇਨ੍ਹਾਂ ਤੋਂ ਵਧੀਕ ਸੂਖਮ ਹੋਣੀ ਚਾਹੀਦੀ ਹੈ :—

'ਕੋਲੂ, ਚਰਖਾ, ਚੱਕੀ, ਚੱਕ ।
ਥਾਲ ਵਿਰੋਲੇ ਬਹੁਤੁ ਅਨੰਤੁ ।
ਲਾਟੂ, ਮਧਾਣੀਆ, ਅਨਗਾਹ ।
ਪੰਖੀ ਭਉਦੀਆ ਲੈਨਿ ਨਾ ਸਾਹ ।
ਸੂਐ ਚਾੜਿ ਭਵਾਈਅਹ ਜੰਤ ।
ਨਾਨਕ ਭਉਦਿਆ ਗਣਿਤ ਨਾ ਅੰਤ ।'

ਕਬੀਰ ਨੂੰ ਤਾਂ 'ਪਾਤੀ ਤੋਰੇ ਮਾਲਣੇ ਪਾਤੀ ਪਾਤੀ ਜੀਉ' ਦਿਸਦਾ ਹੈ, ਤੇ ਬਨ ਦੀ ਦਾਧੀ ਲਕੜੀ ਦੀ ਪੁਕਾਰ ਉਸਦੇ ਆਪਣੇ ਮਨ ਦੀ ਹੂਕ ਬਣ ਨਿਬੜਦੀ ਹੈ ਕਿ ਕਿਤੇ ਇਕ ਵੇਰ ਦੀ ਸੰਸਾਰ ਦੀ ਸੱਟ ਉਸ ਦੀ ਆਤਮਾ ਨੂੰ ਲਗੀ ਮੁੜ ਨਾ ਉਸ ਨੂੰ ਆ ਵਿਲੂੰਧਰੇ :—

'ਕਬੀਰ ਬਨ ਕੀ ਦਾਧੀ ਲਾਕਰੀ, ਠਾਢੀ ਕਰੈ ਪੁਕਾਰ ।
ਮਤਿ ਬਸਿ ਪਰਉ ਲੋਹਾਰ ਕੇ, ਜਾਰੈ ਦੂਜੀ ਬਾਰ ।'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੇ ਮਨ ਕਿਸੇ ਅਕਹਿ ਆਦਰਸ਼ ਵਿਚ ਜੁੜਿਆ ਹੋਵੇ, ਤਾਂ ਇਵੇਂ ਜਿਵੇਂ ਚਾਨਣੀ ਰਾਤੇ ਭੌਂਵਰੇ ਕੰਵਲ ਵਿਚ ਸੁਤੇ ਹੀ ਲਪੇਟੇ ਜਾਂਦੇ ਹਨ :—

'ਮੂਸਨ ਮਸਕਰ ਪ੍ਰੇਮ ਕੀ, ਰਹੀ ਜੁ ਅੰਬਰੁ ਛਾਇ ।
ਬੀਧੇ ਬਾਧੇ ਕਮਲ ਮਹਿ, ਭਵਰ ਰਹੇ ਲਪਟਾਇ ।'

ਗੁਰੂ ਗ੍ਰੰਥ ਦੇ ਕਵੀਆਂ ਨੂੰ ਕੋਈ ਭੁਲੇਖਾ ਨਹੀਂ, ਕਿ ਅਸੀਂ ਚੰਨਣ-ਵਾਸੀ ਹਾਂ, ਹਾਂ ਭਾਵੇਂ ਸੱਪਾਂ ਸਪਣੀਆਂ ਨਾਲ ਘਿਰੇ । ਤਾਂ ਵੀ ਸਾਡਾ ਮਨੋਰਥ ਰਸ ਪੀਣਾ ਹੈ, ਜ਼ਹਿਰ ਫਕਣਾ ਨਹੀਂ :—

'ਚੰਦਨ ਵਾਸੁ, ਭੁਇਅੰਗਮ ਵੇੜੀ,
ਕਿਵ ਮਿਲੀਐ ਚੰਦਨੁ ਲੀਜੈ ।
ਕਾਢਿ ਖੜਗੁ ਗੁਰ ਗਿਆਨੁ ਕਰਾਰਾ,
ਬਿਖੁ ਛੇਦਿ ਛੇਦਿ ਰਸ ਪੀਜੈ ।'

ਕੁਦਰਤ ਦੇ ਸੁਭਾ ਦੀ ਸੋਝੀ ਵੀ ਇਨ੍ਹਾਂ ਕਵੀਆਂ ਨੂੰ ਅਤਿ ਤੀਖਣ ਹੈ, ਜਿਸ ਨਾਲ ਉਹ ਮਨੁਖੀ ਸੁਭਾ ਜਾਂ ਆਤਮਕ ਕਿਰਤ ਦਾ ਗਿਆਨ ਸਾਨੂੰ ਦੇਂਦੇ ਹਨ :—

੧. 'ਹਿਰਣਾ, ਬਾਜਾ, ਤੇ ਸਿਕਦਾਰਾਂ ਏਨਾ ਪੜਿਆ ਨਾਉ ।
ਫਾਂਧੀ ਲਾਗੀ ਜਾਤਿ ਫਹਾਇਨਿ, ਅਗੈ ਨਾਹੀ ਥਾਉ ।'

੨. ਸੁਆਨ ਪੂਛ ਜਿਉ ਹੋਇ ਨ ਸੂਧੋ, ਕਹਿਓ ਨਾ ਕਾਨ ਧਰੈ ।

੩. ਛੁਟੇ ਤਿਲ ਬੂਆੜ ਜਿਉ, ਸੁੰਞੇ ਅੰਦਰ ਖੇਤ ।

੪. ਫਾਥਹੁ ਮਿਰਗ ਜਿਵੈ, ਪੇਖਿ ਰੈਣ ਚੰਦ੍ਰਾਇਣ ।

੫. ਚੰਦ ਕਮੁਦਨੀ ਦੂਰਹੁ ਨਿਵਸਸ ਅਨਭਵ ਕਾਰਨ ਰੇ ।

੬. ਕਮਲਾ੧ ਭ੍ਰਮ ਭੀਤਰ੨, ਕਮਲਾ ਭ੍ਰਮ ਭੀਤਿ ਹੇ,
ਤੀਖਣ ਮਧੁ ਬਿਪਰੀਤ, ਅਵਧ ਅਕਾਰਥ ਜਾਤ ।
ਗਹਬਰ੩ ਬਨ ਘੋਰ, ਗਹਬਰ ਬਨ ਘੋਰ ਹੇ,
ਗ੍ਰਿਹਿ ਮੂਸਤ੪ ਮਨ ਚੋਰ ਹੇ,
ਦਿਨ ਕਰੋਪ ਅਨਦਿਨੁ ਖਾਤ ।
ਮੀਨਾ ਜਲ ਹੀਨ ਮੀਨਾ ਜਲ ਹੀਨ ਹੇ;
ਓਹ ਬਿਛੁਰਤ ਮਨ ਤਨ ਖੀਨ ਹੇ,
ਕਤ ਜੀਵਨੁ ਪ੍ਰਿਅ ਬਿਨ ਹੋਤ ।

---

੧. ਮਾਇਆ, ੨. ਕੰਧ, ੩. ਸੰਘਣਾ, ੪. ਚੂਹਾ, ੫. ਸੂਰਜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਲੀਅਲ੧ ਗੁੰਜਾਤ, ਅਲੀਅਲ ਗੁੰਜਾਤ ,
ਮਕਰੰਦ੨ ਰਸ ਬਾਸਨ ਮਾਤ ਹੇ,
ਪ੍ਰੀਤ ਕਮਲ ਬੰਧਾਵਤ ਆਪ ।
ਚਾਤ੍ਰਿਕ ਚਿਤ ਪਿਆਸ,
ਚਾਤ੍ਰਿਕ ਚਿਤ ਪਿਆਸ ਹੇ,
ਘਨ ਬੂੰਦ ਬਚਿਤ੍ਰ ਮਨਿ ਆਸ ਹੇ,
ਅਲ ਪੀਵਤ ਬਿਨਸਤ ਤਾਪ ।

੭. ਖੇਤਿ ਮਿਆਲਾ੩ ਉਚੀਆ, ਘਰੁ ਉਚਾ੪ ਨਿਰਣਉ
ਬਰਸਨਾ ਤ ਬਰਸ ਘਨਾ, ਬਹੁੜਿ ਬਰਸਹਿ ਕਾਹਿ ।

੮. ਤੁਮ ਚੰਦਨ ਹਮ ਇਰੰਡ ਬਾਪੁਰੇ,
ਸੰਗਿ ਤੁਮਾਰੇ ਬਾਸਾ ।
ਨੀਚ ਰੂਖ ਤੇ ਊਚ ਭਏ ਹੈ
ਗੰਧ ਸੁਗੰਧ ਨਿਵਾਸਾ ।

੯. ਤੁਮ ਮਖਤੂਲ੫ ਸੁਪੇਦ ਸਪੀਅਲ੬
ਹਮ ਬਪੁਰੇ ਜਸ ਕੀਰਾ੭

੧੦. ਸੂਰਜ ਏਕੋ, ਰੁਤਿ ਅਨੇਕ ।

੧੧. ਬਾਧਿਓ ਜਿਉਂ ਨਲਿਨੀ ਭ੍ਰਮ ਸੂਆ੮

੧੨. ਬਹਿ ਜਾਏ ਘੁਸਰਿ੯ ਬਗੁਲਾਰੇ੧੦ ।

੧੩. ਕੂਪ੧੧ ਭਰਿਓ ਜੈਸੇ ਦਾਦਰਾ੧੨
ਕਛ ਦੇਸ ਬਿਦੇਸ ਨਾ ਬੂਝੈ ।

੧੪. ਮਨੁ ਕੁੰਚਰ,੧੩ ਕਾਇਆ ਉਦਿਆਨੇ,
ਗੁਰ ਅੰਕੁਸ, ਸਚੁ ਸਬਦੁ ਨੀਸਾਨੈ ।

੧੫. ਭ੍ਰਿੰਗ, ਪਤੰਗ, ਕੁੰਚਰ ਅਰ ਮੀਨਾ ।
ਮਿਰਗ ਮਰੈ ਸਹਿ ਆਪਨੇ ਕੀਨਾ ।

੧੬. ਤ੍ਰਿਣ ਕੀ ਅਗਨ, ਮੇਘ ਕੀ ਛਾਇਆ,
ਗੋਬਿੰਦ ਭਜਨ ਬਿਨ ਹੜ੍ਹ ਕਾ ਜਲ ।

---

੧. ਭੌਰਾ, ੨. ਕੰਵਲ, ੩. ਬੰਨੀਆਂ, ੪. ਅਸਮਾਨ ਨੂੰ ਵੇਖਦਾ ਹਾਂ, ੫. ਸਾਫ਼, ੬. ਰੇਸ਼ਮ, ੭. ਕੀੜਾ, ੮. ਤੋਤਾ, ੯. ਦੜ ਵਟ ਕੇ, ੧੦. ਬਗਲਾ, ੧੧. ਖੂਹ, ੧੨. ਡਡੂ, ੧੩. ਹਾਥੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੧੭. ਜਲ ਕੀ ਭੀਤਿ, ਪਵਨ ਕਾ ਥੰਭਾ,
ਰਕਤ ਬੂੰਦ ਕਾ ਗਾਰਾ ।
ਹਾਡ ਮਾਸ ਨਾੜੀ ਕੋ ਪਿੰਜਰ,
ਪੰਖੀ ਬਸੈ ਬਿਚਾਰਾ ।

੧੮. ਪੁਹਪ੧ ਮਧਿ ਜਿਉ ਬਾਸੁ ਬਸੁਤ ਹੈ,
ਮੁਕਰ੨ ਮਾਹਿ ਜੈਸੇ ਛਾਈ੩ ।

੧੯. ਮਨੁ ਹਾਲੀ, ਕਿਰਸਾਨੀ ਕਰਨੀ, ਸਰਮੁ ਪਾਣੀ, ਤਨੁ ਖਤ ।
ਨਾਮੁ ਬੀਜੁ, ਸੰਤੋਖੁ ਸੁਹਾਗਾ, ਰਖ ਗਰੀਬੀ ਵੇਸ

੨੦. ਸਗਲ ਬਨਸਪਤਿ ਮਹਿ ਬੈਸੰਤਰੁ,
ਸਗਲ ਦੂਧ ਮਹਿ ਘੀਆ ।

੨੧. ਭਾਂਭੀਰੀ ਕੇ ਪਾਤ੪ ਪਾਰਦੋਪ
ਬਿਨੁ ਪੇਖੇ ਦੂਰਾਇਓ ।

੨੨. ਭਉ ਭੁਇ, ਪਵਿਤੁ ਪਾਣੀ, ਸਤੁ ਸੰਤੋਖ ਬਲੇਦ ।
ਹਲੁ ਹਲੇਮੀ, ਹਾਲੀ ਚਿਤੁ, ਚੇਤਾ ਵਤ੍ਰੁ, ਵਖਤ ਸੰਜੋਗ ।
ਨਾਉ ਬੀਜੁ, ਬਖਸੀਸ ਬੋਹਲ, ਦੁਨੀਆਂ ਸਗਲ ਦਰੋਗ ।

੨੩. ਸੋਈ ਚੰਦ ਚੜਹਿ ਸੇ ਤਾਰੇ, ਸੋਈ ਦਿਨੀਅਰ ਤਪਤ ਰਹੈ।
ਸਾ ਧਰਤੀ ਸੋ ਪਉਣੁ ਝੁਲਾਰੇ, ਜੁਗ ਜੀਅ ਖੇਲੇ ਥਾਵ ਕੈਸੇ ।

੨੪. ਤਰਵਰੁ ਕਾਇਆ ਪੰਖਿ ਮਨੁ ਤਰਵਰਿ ਪੰਖੀ ਪੰਚ ।
ਤਤੁ ਚੁਗਹਿ ਮਿਲਿ ਏਕਸੇ ਤਿਨ ਕਉ ਫਾਸ ਨ ਰੰਚ ।
ਉਡਹਿ ਤਾ ਬੇਗੁਲ ਬੇਗੁਲੇ, ਤਾਕਹਿ ਚੋਗ ਘਣੀ ।
ਪੰਖ ਤੁਟੇ, ਫਾਹੀ ਪੜੀ, ਅਵਗੁਣਿ ਭੀੜ ਬਣੀ ।

੨੫. ਉਦਕ ਸਮੁੰਦ ਸਲਲ ਕੀ ਸਾਖਿਆ
ਨਦੀ ਤਰੰਗ ਸਮਾਵਹਿਗੇ ।
ਸੁੰਨਹਿ ਸੁੰਨੁ ਮਿਲਿਆ ਸਮਦਰਸੀ,
ਪਵਨ ਰੂਪ ਹੋਇ ਜਾਵਹਿਗੇ ।

੨੬. ਭੀਤਰਿ ਅਗਨਿ ਬਨਸਪਤਿ ਮਉਲੀ,
ਸਾਗਰ ਪੰਡੈ ਪਾਇਆ ।
ਚੰਦੁ ਸੂਰਜੁ ਦੋਇ ਘਟ ਹੀ ਭੀਤਰਿ,
ਅਸਾ ਗਿਆਨ ਨ ਪਾਇਆ ।

---

੧. ਫੁਲ, ੨. ਸ਼ੀਸ਼ਾ, ੩. ਛਾਇਆ, ੪. ਪਰ, ੫. ਪਰਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
੨੭. ਦਾਮਨੀ ਚਮਤਕਾਰ, ਤਿਉ ਵਰਤਾਰਾ ਜਗ ਖੇ ।

੨੮. ਮਿਤ੍ਰ ਪਿਆਰਾ ਨਾਨਕ ਜੀ ਮੈਂ ਛਡ ਗਵਾਇਆ,
ਰੰਗ ਕਸੁੰਭੇ ਭੁਲੀ ।

੨੯. ਧਨੁ ਜੋਬਨੁ ਅਰੁ ਫੁਲੜਾ, ਨਾਠੀਅੜੇ ਦਿਨ ਚਾਰਿ ।
ਪਬਣ ਕੇਰੇ ਪਤਿ ਜਿਉਂ ਢਲਿ ਢੁਲਿ ਜੁੰਮਣਹਾਰ ।

ਕਈ ਵੇਰ ਤਾਂ ਕਵੀ-ਮਨ ਇਹ ਵੀ ਮਿਥ ਲੈਂਦਾ ਹੈ ਕਿ ਕੁਦਰਤ ਦੀ ਹਰ ਚੀਜ਼ ਮਨੁਖ ਵਾਂਗੂ ਹੀ ਜੀਉਂਦੀ, ਵਸਲ ਦਾ ਸਵਾਦ ਚੁੰਘਦੀ, ਜਾਂ ਬਿਰਹਾ ਦਾ ਸੱਲ ਸਹਿੰਦੀ ਆਪਣੀ ਕਾਇਆਂ ਦਾ ਰੂਪ ਹੀ ਵਟਾ ਲੈਂਦੀ ਹੈ :—

ਕਾਲੀ ਕੋਇਲ ਤੂ ਕਿਤ ਗੁਨ ਕਾਲੀ ।
ਅਪਨੇ ਪ੍ਰੀਤਮ ਕੇ ਬਿਰਹੈ ਜਾਲੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

5

ਗੁਰੂ ਗ੍ਰੰਥ ਦੀ ਰੂਪ ਕਲਾ

ਗਿਆਨ ਜਦ ਕਲਪਨਾ ਦੇ ਕਪੜੇ ਪਾਉਂਦਾ ਹੈ, ਤਦੇ ਕਵਿਤਾ ਦਾ ਆਵੇਸ਼ ਹੁੰਦਾ ਹੈ, ਤੇ ਜਿਵੇਂ ਕਲਪਨਾ ਨਿਰੇ 'ਅਖਰ-ਅਖਰ' ਜਾਂ ਹਵਾਈ ਭੰਨ-ਘੜ ਤੋਂ ਨਿਬੜਦੀ ਹੈ, ਉਵੇਂ ਹੀ ਗਿਆਨ ਦੇ ਕੋਰੇ ਕਪੜੇ ਉਤੇ ਕਲਪਨਾ ਦੀ ਪਾਹ ਬਿਨਾਂ ਰੰਗ ਨਹੀਂ ਚੜ੍ਹਦਾ। ਇਸੇ ਰੰਗ ਨੂੰ ਅਸੀਂ 'ਰਸ' ਆਖਦੇ ਹਾਂ। ਇਹ ਰਸ ਹੀ ਸਾਡੀਆਂ ਮਾਨਸਕ ਤਣਾਵਾਂ ਦੇ ਨਾਲ ਨਾਲ ਸਾਡੇ ਦਿਲ ਦੀਆਂ ਤਣੀਆਂ ਨੂੰ ਵੀ ਖਿਚਦਾ ਹੈ। ਇਸੇ ਲਈ ਕਿਤੇ ਬੁਤ-ਘਾੜੀ ਨੂੰ ਗਿਆਨ ਨਾਲ ਜੁੜਨ ਦਾ ਵਸੀਲਾ ਬਣਾਇਆ ਗਿਆ ਹੈ, (ਜਿਵੇਂ ਬੁਧ-ਧਰਮ ਲਈ ਗੰਧਾਰਾ ਸਕੂਲ ਨੇ ਕੀਤਾ) ਕਿਤੇ ਨ੍ਰਿਤਕਾਰੀ ਨੂੰ (ਜਿਵੇਂ ਵੈਸ਼ਨਵਾਂ ਵਿਚ)। ਸੰਗੀਤ ਨੂੰ ਸੂਫ਼ੀਆਂ ਤੇ ਈਸਾਈਆਂ ਨੇ ਆਤਮਕ ਆਦਰਸ਼ਾਂ ਦੇ ਪਰਚਾਰ ਲਈ ਵਰਤਿਆ ਹੈ, ਤੇ ਕਵਿਤਾ ਵਿਚ ਚਿੰਨ੍ਹਵਾਦ (Symbolism) ਨੂੰ ਵੀ। ਪਰ ਅਧਿਆਤਮਕ ਸਾਹਿਤ ਕਿਤੇ ਹੀ ਅਜੇਹਾ ਹੋਵੇਗਾ, ਜਿਸ ਵਿਚ ਰਸ-ਰੰਗ-ਤਾਲ-ਨਾਦ ਦੀ ਏਨੀ ਖ਼ੂਬਸੂਰਤੀ ਨਾਲ ਸਹਾਇਤਾ ਲਈ ਗਈ ਹੋਵੇ, ਜਿਵੇਂ ਗੁਰੂ ਗ੍ਰੰਥ ਦੀ ਬਾਣੀ ਵਿਚ। 'ਰਸ' ਦਾ ਨਿਰਣਾ ਅਸੀਂ ਅੱਗੇ ਜਾ ਕੇ ਕਰਾਂਗੇ—ਇਥੇ ਕੇਵਲ ਇਸ ਕਵਿਤਾ ਦੇ ਰੂਪਕ ਪੱਖ ਉਤੇ ਵਿਚਾਰ ਕੀਤੀ ਜਾਏਗੀ। ਹਿੰਦੀ ਪਿੰਗਲ ਦਾ ਕੋਈ ਹੀ ਛੰਦ ਅਜੇਹਾ ਹੋਵੇਗਾ, ਜਿਸ ਦਾ ਚਮਤਕਾਰ ਇਥੇ ਨਾ ਲਿਸ਼ਕਿਆ ਹੋਵੇ। ਹੇਠ ਲਿਖੇ ਛੰਦਾਂ ਦੇ ਨਮੂਨੇ ਤਾਂ ਆਮ ਮਿਲਦੇ ਹਨ :—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਝੂਲਨਾ੧, ਤਾਟੰਕ੨, ਤੋਮਰ੩, ਦਵੈਯਾ੪, ਸਵੈਯਾ੫, ਦੋਹਿਰਾ੬, ਪ੍ਰਮਾਣਕਾ੭,

---

੧. ਚੰਦ ਸਤ ਭੇਦਿਆ, ਨਾਦ ਸਤ ਪੂਰਿਆ,
ਸੂਰ ਸਤ ਖੋੜਸਾ ਦੱਤ ਕੀਆ । [ਮਾਰੂ ਜੈਦੇਵ]

੨. ਜਿਉਂ ਜਿਉਂ ਜਪੈ ਤਿਵੈ ਸੁਖੁ ਪਾਵੈ,
ਸਤਿਗੁਰ ਸੇਵਿ ਸਮਾਵੈਗੋ । [ਕਾਨੜਾ ਅ, ਮ: ੪]

੩. ਮਨ ਪ੍ਰੀਤ ਦਰਸਨੁ ਪਿਆਸ ।
ਗੋਬਿੰਦ ਪੂਰਨ ਆਸ । [ਬਿਲਾਵਲ ਅ, ਮ: ੫]

੪. ਸ੍ਰੀ ਧਰੁ ਮੋਹਨ ਸਗਲ ਉਪਾਵਨ,
ਨਿਰੰਕਾਰ ਸੁਖ ਦਾਤਾ । [ਭੈਰਉ, ਮ: ੫]

੫. ਛੇ ਵੰਨਗੀਆਂ ਦੇ ਮਿਲਦੇ ਹਨ :

(ੳ) ਨਾਭਿ ਕਮਲ ਤੇ ਬ੍ਰਹਮਾ ਉਪਜੇ,
ਬੇਦ ਪੜ੍ਹਹਿ ਮੁਖ ਕੰਠ ਸਵਾਰਿ । [ਗੂਜਰੀ ਮ: ੧]

(ਅ) ਅੰਮ੍ਰਿਤ ਨਾਮ ਤੁਮਾਰਾ ਠਾਕਰ,
ਏਹੁ ਮਹਾਰਸੁ ਜਨਹਿ ਪੀਓ । [ਆਸਾ ਮ: ੫]

(ੲ) ਸਤਿਗੁਰ ਮਤਿਗੂੜ, ਬਿਮਲ ਸਤਸੰਗਤਿ,
ਆਤਮ ਰੰਗਿ ਚਲੂਲੁ ਭਯਾ । [ਸਵੈਯੇ ਮ: ੪]

(ਸ) ਤੇ ਸਾਧੂ ਹਰਿ ਮੇਲਹੁ ਸੁਆਮੀ,
ਜਿਨ ਜਪਿਆ ਗਤਿ ਹੋਇ ਹਮਾਰੀ । [ਭੈਰੋ ਮ: ੪]

(ਹ) ਬ੍ਰਹਮਾਦਿਕ ਸਿਵ ਛੰਦ ਮੁਨੀਸੁਰ,
ਰਸਿਕ ਰਸਿਕ ਠਾਕੁਰ ਗੁਨ ਗਾਵਤ । [ਸਵੈਯੇ ਮ: ੫]

(ਕ) ਸੰਗਤ ਹੀ ਸਤਸੰਗਤਿ ਸੰਗ,
ਸੁਰੰਗ ਰਤੇ ਜਸੁ ਗਾਵਤ ਹੈਂ । [ਸਵੈਯੇ ਮ: ੪]

੬. ਰੇ ਮਨ, ਐਸੀ ਹਰਿ ਸਿਉ ਪ੍ਰੀਤ ਕਰਿ,
ਜੈਸੀ ਜਲ ਕਮਲੇਹ ।

੭. ਨਾ ਦੇਵ ਦਾਨਵਾ ਨਰਾ, ਨਾ ਸਿੱਧ ਸਾਧਿਕਾ ਧਰਾ ।
ਕਲਾ ਧਰੈ ਹਿਰੈ ਸੁਈ । [ਵਾਰ ਮਾਝ ਮ: ੧]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਉੜੀ੧, ਰਾਧਿਕਾ੨, ਨਿਸ਼ਾਨੀ੩, ਰਡ੪, ਹੰਸਗਤਿ੫, ਕੱਜਲ੬, ਗੀਤਾ੭, ਗੀਤਕਾ੮, ਚਿਤ੍ਰਕਲਾ੯, ਘਨਾਛਰੀ੧੦, ਚੌਪਈ੧੧,

---

੧. ਕਵਿਤਾ ਦਾ ਭੇਦ ਹੈ, ਤੇ ਇਸ ਵਿਚ ਕਈ ਵੰਨਗੀਆਂ ਦੇ ਛੰਦ (ਦੋਹਾ, ਚੌਪਈ, ਰਾਧਿਕਾ, ਨਿਸ਼ਾਨੀ ਆ ਜਾਂਦੇ ਹਨ, ਜਿਨ੍ਹਾਂ ਦੇ ਨਮੂਨੇ ਇਥੇ ਦਿਤੇ ਗਏ ਹਨ) ।

੨. ਇਕ ਭਸਮ ਚੜ੍ਹਾਵਹਿ ਅੰਗ, ਮੈਲੁ ਨਾ ਧੋਵਹੀ ।
ਇਕਿ ਜਟਾ ਬਿਕਟ ਬਿਕਰਾਲ, ਕੁਲੁ ਘਰੁ ਖੋਵਹੀ । [ਵਾਰ ਮਾਝ ਮ: ੧]

੩. ਜਿਸਹਿ ਧਾਰਯਉ ਧਰਤਿ ਅਰ ਵਿਉਮ,
ਅਰੁ ਪਵਣੁ ਤੇ ਨੀਰ ਸਰੁ,
ਅਵਰ ਅਨਲ ਅਨਾਦਿ ਕੀਅਉ । [ਸਵੈਯੇ ਮ: ਕੇ]

੪. ਮਾਟੀ ਤੇ ਜਿਨਿ ਸਾਜਿਆ, ਕਰਿ ਦੁਰਲਭ ਦੇਹ ।
ਅਨਿਕ ਛਿਦ੍ਰ ਮਨ ਮਹਿ ਢਕੇ, ਨਿਰਮਲ ਦਿਸ਼ਟੇਹ ।

੫. ਤੇਰੀ ਪਨਹਿ ਖੁਦਾਇ ਤੂ ਬਖਸੰਦਗੀ । [ਆਸਾ ਫ਼ਰੀਦ]

੬. ਆਜੁ ਹਮਾਰੈ ਗ੍ਰਿਹਿ ਬਸੰਤ ।
ਗੁਨ ਗਾਏ ਪ੍ਰਭ ਤੁਮ ਬੇਅੰਤ । [ਬਸੰਤ ਮ: ੫]

੭. ਮੋਤੀ ਤ ਮੰਦਰ ਊਸਰਹਿ,
ਰਤਨੀ ਤ ਹੋਇ ਜੜਾਉ । [ਸ੍ਰੀ ਰਾਗ ਮ: ੧]

੮. ਪਰਮਾਦਿ ਪੁਰਖ ਮਨੋ ਪਿਪੰ, ਸਤਿ ਆਦਿ ਭਾਵਰੰਤ ।
ਪਰਮਦ ਭੁਤੰ ਪਰਕ੍ਰਿਤਿ ਪਰੰ, ਜਚਿ ਚਿੰਤ ਸਰਬ ਧਰੰ । [ਗੂਜਰੀ ਜੈਦੇਵ]

੯. ਹਰਿ ਹਰਿ ਸਿਮਰਹੁ ਅਗਮ ਅਪਾਰਾ ।
ਜਿਸੁ ਸਿਮਰਤੁ ਦੁਖ ਮਿਟੈ ਹਮਾਰਾ ।

੧੦. ਤਿਹ ਜਨ ਜਾਰਹੁ ਜਗਤ੍ਰ ਪਰ ਜਾਨੀਅਤਿ,
ਬਾਸੁਨ ਰਯਨਿ ਬਾਸੁ ਜਾ ਕੋ ਹਿਤ ਨਾਮ ਸਿਉ ।
ਪਰਮ ਅਤੀਤ ਪਰਮੇਸੁਰ ਕੈ ਰੰਗਿ ਰੰਗਯੋ,
ਬਾਸਨਾ ਤੇ ਬਾਹਰਿ ਪੈ ਦੇਖੀਅਤੁ ਸਾਮ ਸਿਉ । [ਸਵੈਯੇ ਮ: ੫ ਕੇ]

੧੧. ਸੁਣਿਐ ਈਸਰੁ ਬਰਮਾ ਇੰਦੁ ।
ਸੁਣਿਐ ਮੁਖਿ ਸਾਲਾਹਣ ਮੰਦੁ ।
ਸੁਣਿਐ ਜੋਗ ਜੁਗਤਿ ਤਨਿ ਭੇਦ ।
ਸੁਣਿਐ ਸਾਸਤ ਸਿਮ੍ਰਿਤਿ ਵੇਦ । [ਜਪੁ]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛਪੈ੧, ਸਿਰਖੰਡੀ੨, ਅੰਮ੍ਰਿਤ ਘਟ੩, ਸੋਰਠਾ੪, ਹਾਕਲ੫ ।

ਇਵੇਂ ਹੀ ਕਵਿਤਾ ਦੇ ਸਭ ਤਰ੍ਹਾਂ ਦੇ ਵਰਤੀਂਦੇ ਭੇਦਾਂ ਜਿਵੇਂ ਬਾਰਾਮਾਹ, ਆਰਤੀ, ਘੋੜੀਆਂ, ਸੱਦ, ਰੁਤੀ, ਥਿਤੀ, ਪਹਰੈ, ਪਟੀ, ਵਾਰ, ਗੋਸਟ, ਅਲਾਹੁਣੀ, ਗੀਤ, ਬਿਸ਼ਨਪਦਾ, (ਜਾਂ ਸ਼ਬਦ) ਸਤਵਾਰਾ, ਛੰਦ, ਸੋਹਿਲਾ, ਛਕੈ, ਪੰਚਪਦੇ, ਹਿਤਕੇ, ਦੁਤਕੇ, ਤਿਪਦੇ, ਕਾਫ਼ੀ, ਫੁਨਹੇ, ਗਾਥਾ, ਅਸ਼ਟਪਦੀ, ਚੌਬੋਲਾ, ਦੋਪਦੇ ਆਦਿਕ ਨੂੰ ਵੀ ਥਾਉਂ ਥਾਈਂ ਵਰਤ ਕੇ ਆਪਣੇ ਪਿੰਗਲ-ਗਿਆਨ ਦਾ ਸਬੂਤ ਦਿਤਾ ਹੈ ।

ਪਰ ਸਭ ਤੋਂ ਵਧੀਕ ਕਾਵਿਕ ਚਮਤਕਾਰ, ਜੋ ਇਸ ਬਾਣੀ ਵਿਚ ਹੈ, ਉਹ ਹੈ ਇਸ ਕਵਿਤਾ ਦੀ ਸਰੋਦੀ ਹੂਕ ਜੋ ਮਾਤ੍ਰਾਂ ਦੀ ਗਿਣਤੀ-ਮਿਣਤੀ ਤੇ ਲਘੂ-ਗੁਰੂ ਤੋਂ ਉਤੇ ਉਠ ਮਨ ਜਜ਼ਬੇ ਨਾਲ ਕੀਲਿਆ ਜਾਂਦਾ ਹੈ ਤੇ ਉਸ ਤਰ੍ਹਾਂ ਦਾ ਇਕ ਅਲੌਕਾਰ ਵਾਯੂ-ਮਡਲ ਉਸ ਦੇ ਦੁਆਲੇ ਧੂੜਿਆ ਜਾਂਦਾ ਹੈ, ਜਿਸ ਨਾਲ ਦਲੀਲ ਜਜ਼ਬੇ ਵਿਚ ਵਟ ਕੇ ਸਾਨੂੰ ਆਪਣੇ ਉਤੋਂ ਬਲਿਹਾਰ ਹੋਣ ਦੀ ਪ੍ਰੇਰਨਾ ਦੇਂਦੀ ਹੈ । ਇਹ ਉਚੀ, ਅੱਤ ਉਚੀ ਕਵਿਤਾ ਦੀ ਨਿਸ਼ਾਨੀ ਹੈ, 'ਜਿਹੜੀ ਜਜ਼ਬੇ ਦੇ ਹੜ੍ਹ ਉਤੋਂ ਪ੍ਰਵਾਨ ਪਿੰਗਲੀਆਂ ਹੱਦ-ਬੰਦੀਆਂ ਨੂੰ

---

੧. ਦ੍ਰਿਸਟਿ ਧਰਤ ਤਮ ਹਰਨ, ਦਹਨ ਅਘ ਪਾਪ ਪ੍ਰਨਾਸਨ ।
ਸਬਦ ਸੂਰ ਬਲਵੰਤ ਕਾਮ ਅਰ ਕ੍ਰੋਧ ਬਿਨਾਸਨ ।
ਲੋਭ ਮੋਹ ਵਸਿ ਕਰਣ ਸਰਣ ਜਾਚਿਕ ਪ੍ਰਤਿ ਪਾਲਣ ।
ਆਤਮ ਰਤ ਸੰਗ੍ਰਹਣ ਕਹਿਣ ਅੰਮ੍ਰਿਤ ਕਲ ਢਾਲਣ ।
ਸਤਿਗੁਰੂ ਕਲਯ ਸਤਿਗੁਰ ਤਿਲਕੁ ਸਤਿ ਲਾਗੈ ਸੋ ਪੈ ਤਰੈ ।
ਜਗਤ ਫਿਰਣ ਸ੍ਰੀ ਅੰਗਰਉ, ਰਾਜ ਜੋਗੁ ਲਹਣਾ ਕਰੈ ।
[ਸਵੈਯੇ ਮ: ੨ ਕੇ]

੨. ਰੂੜੋ ਮਨੁ ਹਰਿ ਰੰਗੋ ਲੋੜੈ । ਗਾਲੀ ਹਰਿ ਨੀਹੁ ਨ ਹੋਇ ।
ਹਉ ਢੂਢੇਦੀ ਦਰਸਨ ਕਾਰਣਿ, ਬੀਥੀ ਬੀਥੀ ਪੇਖਾਂ । [ਟੋਡੀ ਮ: ੫]

੩. ਰਾਮ ਜਨਾ ਮਿਲਿ ਭਇਆ ਅਨੰਦਾ,
ਹਰਿ ਨੀਕੀ ਕਥਾ ਸੁਨਾਇ ।
ਦੁਰਮਤਿ ਮੈਲੁ ਗਈ ਸਭ ਨੀਕਲਿ,
ਸਤਸੰਗਤਿ ਮਿਲਿ ਬੁਧਿ ਪਾਇ । [ਰਾਮਕਲੀ ਮ: ੪]

੪. ਸੂਰਜ ਚੜੈ ਵਿਜੋਗਿ, ਸਭਸੈ ਘਟੈ ਆਰਜਾ ।
ਤਨੁ ਮਨੁ ਰਤਾ ਭੋਗ, ਕੋਈ ਹਾਰੇ ਕੋ ਜਿਣੈ ।

੫. ਅਣਮੜਿਆ ਮੰਦਲ ਬਾਜੈ, ਬਿਨ ਸਾਵਨ ਘਨਹਰ ਗਾਜੇ ।
ਬਾਦਲ ਬਿਨ ਵਰਖਾ ਹੋਈ । ਜਉ ਤੱਤੁ ਬਿਚਾਰੈ ਕੋਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੁਰਬਾਨ ਕਰ ਦੇਂਦੀ ਹੈ। ਕਿਹੜੇ ਬੰਦਾਂ ਵਿਚ ਕੈਦ ਕਰੋਗੇ ਇਨ੍ਹਾਂ ਗਗਨ ਛੁਹੰਦੀਆਂ ਛੱਲਾਂ ਦੀ ਛਾਤੀ ਨੂੰ, ਕਿਹੜੇ ਪਿੰਜਰੇ ਵਿਚ ਘਤੋਗੇ ਇਹਨਾਂ ਉਡਦੀਆਂ ਚਿਟੀਆਂ ਅਬਾਬੀਲਾਂ ਨੂੰ ?

੧. ਜੋ ਮਨਿ ਚਿਤਿ ਤੁਧੁ ਧਿਆਇਦੇ, ਮੇਰੇ ਸੱਚਿਆ,
ਬਲਿ ਬਲਿ ਹਉ ਤਿਨ ਜਾਤੀ।

੨. ਸਾਵਣਿ ਵਰਸੁ ਅੰਮ੍ਰਿਤ ਜਗੁ ਛਾਇਆ ਜੀਉ।
ਮਨ ਮੋਰੁ ਕਹੁਕਿਅੜਾ ਸਬਦੁ ਮੁਖਿ ਪਾਇਆ ਜੀਉ।

੩. ਨੈਣੀ ਮੇਰੇ ਪਿਆਰਿਆ, ਨੈਣੀ ਮੇਰੇ ਗੋਵਿੰਦਾ,
ਕਿਨੈ ਹਰਿ ਪ੍ਰਭੁ ਡਿਠੜਾ ਨੈਣੀ ਜੀਉ ?

੪. ਜੈਸੇ ਧਰਤੀ ਉਪਰ ਮੇਘੁਲਾ ਬਰਸਤ,
ਕਿਆ ਧਰਤੀ ਮਧੇ ਪਾਣੀ ਨਾਹੀ ?

੫. ਸਭ ਬਚਨ ਬੋਲਿ, ਗੁਨ ਅਮੋਲ,
ਦੇਖੁ ਰੀ ਬੀਚਾਰ।
ਗੁਰੁ ਸਬਦੁ ਧਿਆਇ ਮਹਲੁ ਪਾਇ,
ਹਰਿ ਸੰਗਿ ਰੰਗ ਕਰਤੀ ਮਹਾਂ ਕੇਲ।
ਸੁਪਨ ਰੀ ਸੰਸਾਰੁ। ਮਿਥਨੀ ਬਿਸਥਾਰੁ।
ਸਖੀ ਕਾਇ ਮੋਹਿ ਮੋਹਿਲੀ ਪ੍ਰਿਅ ਪ੍ਰੀਤ ਰਿਦੈ ਮੇਲ।

੬. ਐਸੇ ਰੇ ਮਨ ਪਾਇ ਕੈ, ਆਪ ਗਵਾਇ ਕੈ,
ਕਰਿ ਸਾਧਨ ਸਿਉ ਸੰਗੁ।
ਬਾਜੇ ਬਜਹਿ ਮ੍ਰਿਦੰਗ, ਅਨਾਹਦ ਕੋਕਿਲ ਰੀ
ਰਾਮ ਨਾਮੁ ਬੋਲੈ, ਮਧੁਰ ਬੈਨ ਅਤਿ ਸੁਹੀਆ।

੭. ਤੇਰੇ ਬਚਨ ਅਨੂਪ ਅਪਾਰ, ਸੰਤਨ ਆਧਾਰ,
ਬਾਣੀ ਬੀਚਾਰੀਐ ਜੀਉ।

੮. ਮਿਥਨ ਮੋਹਰੀਆ। ਅਨਿ ਉਮਰੀਆ।
ਵਿਚ ਘੂਮਨ ਘਿਰੀਆ। ਸਗਲ ਬਟਰੀਆ।
ਬਿਰਖ ਇਕ ਤਰੀਆ।
ਬਹੁ ਬੰਧਹਿ ਪਰੀਆ।
ਥਿਰੁ ਸਾਧ ਸਫਰੀਆ।
ਜਹੁ ਕੀਰਤਨ ਹਰੀਆ।
ਨਾਨਕ ਸਰਨਰੀਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੯. ਮੇਰਾ ਮਨ ਪ੍ਰਦੇਸੀ ਵੇ, ਪਿਆਰੇ ਆਉ ਘਰੇ ।

੧੦. ਪਿਰ ਰਤਿਅੜੇ ਮੈਡੇ ਲੋਇਣ ਮੇਰੇ ਪਿਆਰੇ,
ਚਾਤ੍ਰਿਕ ਬੂੰਦ ਜਿਵੇ ।
ਮਨਿ ਆਸ ਉਡੀਣੀ ਮੇਰੇ ਪਿਆਰੇ,
ਦੁਇ ਨੈਨ ਜੁਤੇ ।

੧੧. ਮੇਰੋ ਸੁੰਦਰ ਕਹਹੁ ਮਿਲੈ ਕਿਤ ਗਲੀ ।

੧੨. ਭ੍ਰਮ ਖੋਇਓ, ਸ਼ਾਂਤਿ ਸਹਿਜ ਸੁਆਮੀ,
ਪਰਗਾਸੁ ਭਇਆ, ਕਉਲ ਖਿਲਿਆ ।

੧੩. ਜਿਉ ਮੀਹਿ ਵੁਠੇ ਗਲੀਆ, ਨਾਲਿਆ,
ਟੋਭਿਆ ਕਾ ਜਲੁ
ਜਾਇ ਪਵੈ ਵਿਚ ਸੁਰਸੁਰੀ,
ਸੁਰਸੁਰੀ ਮਿਲਤ ਪਵਿਤ੍ਰ ਪਾਵਨ ਹੋਇ ਜਾਵੈ ।

ਇਹੋ ਹੀ ਨਹੀਂ, ਹਰ ਛੰਦ ਵਿਚ ਪ੍ਰਭਾਵ ਨੂੰ ਗੂੜ੍ਹਾ ਕਰਨ ਲਈ ਵੰਨਗ-ਵੰਨਗੀਆ ਦੇ ਪਲਟੇ ਲੈ ਆਂਦੇ ਗਏ ਹਨ । ਕੇਵਲ ਜਪੁ ਨੀਸਾਣ ਦੀਆਂ ਅਠੱਤੀ ਪਉੜੀਆਂ ਵਿਚ ਹੀ ਭਾਵੇਂ ਪ੍ਰਧਾਨ ਛੰਦ ਦੋਹਿਰਾ, ਚੌਪਈ ਤੇ ਤਾਟੰਕ ਹਨ, ਪਰ ਜੇ ਗਹੁ ਨਾਲ ਵੇਖੀਏ ਤਾਂ ਇਨ੍ਹਾਂ ਨਾਲ ਲਗਭਗ ਏਨੀ ਵੇਰ ਹੀ ਖੁਲ੍ਹ ਲਈ ਗਈ ਹੈ, ਜਾਂ ਇਨ੍ਹਾਂ ਦਾ ਤੋਲ ਛੁਟਿੱਆ, ਲੰਮਿਆ ਕੇ, ਜਾਂ ਵਿਚ ਕੋਈ ਹੋਰ ਤੋਲ ਰਲਾ ਕੇ, ਤੇ ਇਨ੍ਹਾਂ ਤੋਂ ਬਿਨਾਂ ਕਈ ਹੋਰ ਛੰਦ-ਭੇਦ ਵੀ ਇਸ ਨਿਕੀ ਜਿਹੀ, ਸੂਤਰ-ਰੂਪ ਬਾਣੀ ਵਿਚ ਜੜ੍ਹੇ ਹਨ । ਮਿਸਾਲ ਲਈ :

੧. ਇਕ ਓਂਕਾਰ । ਸਤਿਨਾਮੁ ।
(ਬੀਜ-ਮੰਤ੍ਰ ਨੂੰ ਬੀਜ-ਰੂਪੀ ਇਕਹਿਰੇ ਸ਼ਬਦ-ਚਿਤਰਾਂ ਵਿਚ ਹੀ ਵਿਖਾਇਆ ਹੈ ।)

੨. ਆਦਿ ਸਚੁ ਜੁਗਾਦਿ ਸਚੁ ।
ਹੈ ਭੀ ਸਚ, ਨਾਨਕ ਹੋਸੀ ਭੀ ਸਚੁ ।
(ਅੰਤ ਉਤੇ ਭਰੋਸੇ ਨੂੰ ਯਕੀਨ ਦੀ ਗੰਢ ਕਿਵੇਂ ਮਾਰੀ ਹੈ ?)

੩. (ੳ) ਸੋਚੈ ਸੋਚਿ ਨਾ ਹੋਵਈ, ਜੇ ਸੋਚੀ ਲਖਵਾਰ ।
(ਅ) ਚੁਪੈ ਚੁਪ ਨਾ ਹੋਵਈ, ਜੇ ਲਾਇ ਰਹਾ ਲਿਵਤਾਰ ।

੪. (ੳ) ਹੁਕਮੀ ਹੋਵਨਿ ਆਕਾਰ ।
ਹੁਕਮ ਨਾ ਕਹਿਆ ਜਾਈ ।
('ਹੈ' ਵੀ, ਤੇ ਨਹੀਂ ਵੀ, ਕਿਵੇਂ ਵਖ ਵਖ ਤੋਲਾਂ ਵਿਚ ਬਧੇ ਹਨ?)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਅ) ਹੁਕਮੀ ਉਤਮੁ ਨੀਚੁ ।
ਹੁਕਮਿ ਲਿਖ ਦੁਖ ਸੁਖੁ ਪਾਈਅਹਿ ।
(ਜਿਸ ਬਿਆਨ ਨੂੰ ਵਧੀਕ ਸ਼ੋਖ ਕਰਨਾ ਹੁੰਦਾ ਹੈ, ਉਸ ਨੂੰ ਇਕੋ ਤੁਕ ਵਿਚ ਹੀ ਵਖਰੀ ਪ੍ਰਧਾਨਤਾ ਬਖ਼ਸ਼ਦੇ ਹਨ)

੫. (ੳ) ਥਾਪਿਆ ਨਾ ਜਾਇ, ਕੀਤਾ ਨ ਹੋਇ ।
(ਅ) ਆਪੇ ਆਪ ਨਿਰੰਜਨ ਸੋਇ ।
(ਦੋਹਾਂ ਤੁਕਾਂ ਦੀ ਚਾਲ ਵਿਚ ਭੇਦ ਵੇਖੋ ! ਇਕ ਸਾਧਾਰਨ ਬੈਠਵਾਂ ਬਿਆਨ ਹੈ, ਦੂਜਾ ਕਾਹਲਾ ਤੁਰਦਾ, ਉਡਵਾਂ ।)

੬. (ੳ) ਗੁਰਮੁਖਿ ਨਾਦੰ, ਗੁਰਮੁਖਿ ਵੇਦੰ,
ਗੁਰਮੁਖਿ ਰਹਿਆ ਸਮਾਈ ।
(ਅ) ਗੁਰੁ ਈਸਰੁ ਗੁਰੁ ਗੋਰਖੁ ਬ੍ਰਹਮਾ, ਗੁਰ ਪਾਰਬਤੀ ਮਾਈ ।

੭. (ੳ) ਗੁਰਾਂ ਇਕ ਦੇਹਿ ਬੁਝਾਈ ।
(ਅ) ਸਭਨਾ ਜੀਆ ਕਾ ਇਕੁ ਦਾਤਾ, ਸੋ ਮੈਂ ਵਿਸਰਿ ਨਾ ਜਾਈ ।

੮. ਸੁਣਿਐ ਸਿਧ ਪੀਰ ਸੁਰਿ ਨਾਥ ।

੯. ਪੰਚ ਪਰਵਾਣੁ, ਪੰਚ ਪਰਧਾਨ ।
ਪੰਚੇ ਪਾਵਹਿ ਦਰਗਹ ਮਾਨੁ ।
(ਪਹਿਲੀ ਤੇ ਦੂਜੀ ਸਤਰ ਦੇ ਤੋਲ ਵਿਚ ਕੁਝ ਅੰਤਰ ਜਾਪਿਆ, ਤੇ ਉਸ ਤੋਂ ਪੈਂਦਾ ਪ੍ਰਭਾਵ ਦਾ ਫ਼ਰਕ ?)

੧੦. ਜੇ ਕੋ ਕਹੈ ਕਰੈ ਵੀਚਾਰੁ ।
ਕਰਤੇ ਕੈ ਕਰਣੈ ਨਾਹੀ ਸੁਮਾਰੁ ।
('ਕੈ' ਵਾਧੂ ਲਾ ਕੇ ਦਲੀਲ ਹੋਰ ਦ੍ਰਿੜ੍ਹ ਕਰਵਾ ਦਿਤੀ ਹੈ)

੧੧. ਕੀਤਾ ਪਸਾਉ ਏਕੋ ਕਵਾਉ ।
ਤਿਸਤੇ ਹੋਵੇ ਲਖ ਦਰੀਆਉ ।
('ਪਸਾਉ' ਦਾ ਫੈਲਾਓ ਵੇਖੋ, ਤੇ ਕਵਾਓ ਦੀ ਝਟਪਟੀ । 'ਚਲੈ ਲਖ ਦਰੀਆਉ' ਏਨਾ ਢੁਕਵਾਂ ਵਾਕੰਸ਼ ਹੈ, ਮਾਨੋਂ ਸ਼ਬਦਾਂ ਵਿਚੋਂ ਪਾਣੀ ਵਗ ਤੁਰਿਆ ਹੈ)

੧੨. ਵਾਰਿਆ ਨਾ ਜਾਵਾਂ ਏਕ ਵਾਰ ।
ਜੋ ਤੁਧੁ ਭਾਵੈ ਸਾਈ ਭਲੀ ਕਾਰ ।
ਤੂੰ ਸਦਾ ਸਲਾਮਤਿ ਨਿਰੰਕਾਰ ।
(ਜੀ ਕਰਦਾ ਹੈ ਕਿ ਨਹੀਂ ਸਦਾ ਸਲਾਮਤ ਨਿਰੰਕਾਰ ਤੋਂ ਘੁੰਮ ਘੁੰਮਾਈਆਂ ਹੋਣ ਤੇ ?)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੧੩. ਅਸੰਖ ਜਪੁ । ਅਸੰਖ ਭਾਉ ।
ਅਸੰਖ ਪੂਜਾ । ਅਸੰਖ ਤਪ ਤਾਉ ।

੧੪. ਕਵਣੁ ਸੁਵੇਲਾ ਵਖਤ, ਕਵਣੁ ਕਵਣ ਥਿਤਿ ਕਵਣੁ ਵਾਰੁ ?
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ ?
(ਸਵਾਲ ਇਵੇਂ ਕੀਤਾ ਹੈ, ਜਿਵੇਂ ਲਾ-ਜਵਾਬ ਹੋਵੇ । ਦਲੀਲ ਦੀ ਕਾਟ ਤਾਂ ਵੇਖੋ, ਜੋ ਕੇਵਲ ਇਕੋ ਵਿਸ਼ੇਸ਼ ਤੋਲ ਨਾਲ ਹੀ ਪੂਰੀ ਕਰ ਲਈ)

੧੫. ਪਾਤਾਲਾ ਪਾਤਾਲ, ਲਖ ਅਗਾਸਾ ਅਗਾਸ ।
(ਆਖਣ ਦਾ ਭਰੋਸਾ ਵੇਖੋ ! ਕਿੰਨਾ ਵਿਸ਼ਵਾਸ਼ ਭਰ ਦਿਤਾ ਹੈ, ਸ਼ਬਦਾਂ ਦੀ ਉਡਾਰੀ ਨੇ, ਜੋ ਉਚਿਉਂ ਉਚਾ ਉਚਾਰਨ ਮੰਗਦੇ ਹਨ । ਜਿਵੇਂ ਉਂਗਲੀ ਦਾ ਇਸ਼ਾਰਾ ਅੰਤ ਨੂੰ ਬਾਹਾਂ ਦਾ ਹੁਲਾਰਾ ਬਣ ਜਾਂਦਾ ਹੈ)

੧੬. ਸਾਲਾਹੀ ਸਾਲਾਹ ਏਤੀ ਸੁਰਤਿ ਨਾ ਪਾਈਆ ।
ਨਦੀਆ ਅਤੇ ਵਾਹ ।
ਪਵਹਿ ਸਮੁੰਦਿ ਨਾ ਜਾਣੀਅਹਿ ।
(ਪਹਿਲੀ ਡੇਢ ਤੁਕ ਦਾ ਫੈਲਾਅ ਵੇਖੋ, ਤੇ ਅੰਤਲੀ ਅਧੀ ਦਾ ਡਿਗਣਾ । ਤੋਲ ਵਿਚ ਹੀ ਭਾਵ ਬੰਨ੍ਹ ਬਹਾਲਿਆ ਹੈ ਕਿ ਨਹੀਂ ?).

੧੭. ਸੋਦਰੁ ਕੇਹਾ ਸੋ ਘਰ ਕੇਹਾ ਜਿਤੁ ਬਹਿ ਸਰਬ ਸਮਾਲੇ ।
... ਹੋਰ ਕੇਤੇ ਗਾਵਨਿ ਸੇ ਮੈਂ ਚਿਤਿ ਨਾ ਆਵਨਿ,
ਨਾਨਕ ਕਿਆ ਵੀਚਾਰੇ ।
(ਅਤ ਜਦ ਵੀ ਮੁਕਾਇਆ ਹੈ, ਜਾਂ ਮਾਤ੍ਰਾਂ ਨੂੰ ਵਧਾ ਕੇ ਜਾਂ ਛਟਿਆ ਕੇ, ਪ੍ਰਭਾਵ ਵਧੀਕ ਗੂੜ੍ਹਾ ਕਰ ਦਿਤਾ ਹੈ ਤੇ ਮਜਾਲ ਹੈ ਕਿ ਪਤਾ ਲਗੇ ਤੋਲ ਨਾਲ ਕੋਈ ਦੁਖਾਵੀਂ ਖੁਲ੍ਹ ਲਈ ਜਾ ਰਹੀ ਹੈ ?)

੧੮. (ੳ) ਜੋਰੁ ਨਾ ਸੁਰਤੀ ਗਿਆਨਿ ਵੀਚਾਰਿ ।
(ਅ) ਜੋਰੁ ਨਾ ਜੁਗਤੀ ਛੁਟੈ ਸੰਸਾਰੁ ।
(ਅੰਤਲੀ ਤੁਕ ਦੀ ਦਲੀਲ ਨੂੰ ਵਧੀਕ ਪ੍ਰਭਾਵਸ਼ਾਲੀ ਕਰਨ ਲਈ 'ਜੁਗਤੀ' ਤੇ 'ਸੰਸਾਰ' ਦੋਹਾਂ ਉਤੇ ਠਹਿਰਾਓ ਪਾ ਦਿਤਾ ਹੈ)

੧੯. (ੳ) ਪਵਣ ਪਾਣੀ ਅਗਨੀ ਪਾਤਾਲ ।
(ਅ) ਤਿਸ ਵਿਚ ਧਰਤੀ ਥਾਪਿ ਰਖੀ ਧਰਮਸਾਲ ।

੨੦. (ੳ) ਧਰਮ ਖੰਡ ਕਾ ਏਹੋ ਧਰਮੁ ।
ਗਿਆਨ ਖੰਡ ਕਾ ਆਖਹੁ ਕਰਮੁ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਅ) ਕੇਤੇ ਪਵਣ ਪਾਣੀ ਬੈਸੰਤਰ, ਕੇਤੇ ਕਾਨ ਮਹੇਸ ।
(ੲ) ਕੇਤੀਆ ਕਰਮ ਭੂਮੀ ਮੇਰ, ਕੇਤੇ ਕੇਤੇ ਧੂ ਉਪਦੇਸ ।
੨੧. (ੳ) ਸਰਮ ਖੰਡ ਕੀ ਬਾਣੀ ਰੂਪ......
(ਅ) ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ।

ਇਵੇਂ ਹੀ ਜਦ ਅਲੰਕਾਰ ਬੰਨ੍ਹਣ ਉਤੇ ਆਏ ਹਨ, ਤਾਂ ਕਿਹੜਾ ਭੂਖਣ ਹੈ ਜੋ ਦਲੀਲ ਨੂੰ ਨਹੀਂ ਪੁਆਇਆ । ਹਿੰਦੀ ਕਾਵਯ ਦੇ ਪੁਜਾਰੀ ਤਾਂ ਕੇਵਲ ਹੇਠ ਲਿਖੇ ਅਲੰਕਾਰ ਹੀ ਲਭ ਕੇ ਮੁਗਧ ਹੋ ਗਏ ਹਨ :

ਦੀਪਕ, ਨਿਰੁਕਤ, ਤੁਲਯ-ਯੋਗਤਾ, ਪ੍ਰਮਾਣ, ਪੂਰਬ ਰੂਪ, ਪ੍ਰਸ਼ਨੋਤਰ, ਪ੍ਰਤੀਸੇਧ, ਪਰਿਸੰਖਯਾ, ਪਰਿਕਰ, ਪਰਿਵ੍ਰਿਤਿ, ਭਾਵਿਕ, ਭ੍ਰਾਂਤ, ਮਿਥਿਯਾ, ਧਯਵਸਿਤਿ, ਮੀਲਿਤ, ਮੁਦ੍ਰਾ, ਯਥਾਕ੍ਰਮ, ਯਮਕ, ਯੁਕਤ, ਰੂਪਕ, ਰੂਪਕਾਤਿਸ਼, ਯੋਕਿਤ, ਲੋਕੋਕਤਿ, ਕਾਕੂਕਤਿ, ਵਿਮੇਸ, ਵਿਸ਼ੇਸ਼ੋਕਤੀ, ਵਿਖਾਦ, ਵਿਚਿਤ੍ਰ, ਵਿਧਿ, ਵਿਨੋਕਤਿ, ਵਿਪਰਯੈ, ਵਿਭਾਵਨਾ, ਵਵ੍ਰਿਤੋਕਿਤੀ, ਹੇਤ, ਕਾਵਲਿੰਗ, ਕਾਵਿ-ਅਰਥਾਪਤੀ, ਗੂਢੋਕਤੀ, ਚਿਤ੍ਰ, ਛੇਕੋਕਤੀ, ਉਪਮਾ, ਉਲਾਸ, ਉਲੇਖ, ਅਸੰਭਵ ਅਨਨਵਯ, ਅਨੁਪ੍ਰਾਸ, ਅਪਨੁਹਤਿ, ਅਵਗਯਾ, ਆਖੇਪ, ਸਮ, ਸੁਸਿਧ, ਸੂਖਮ, ਸੰਦੇਹ* ਆਦਿਕ ਆਦਿਕ ।

ਪਰ ਵਰਤਮਾਨ ਸਮੇਂ ਦੇ ਕਵਿਤਾ-ਪਾਠੀ ਲਈ ਨਿਪਟ ਇਨ੍ਹਾਂ ਅਲੰਕਾਰਾਂ ਦੀ ਨਿਯਮ-ਬੰਧ ਵਰਤੋਂ ਕੋਈ ਵਿਸ਼ੇਸ਼ ਅਰਥ ਨਹੀਂ ਰਖਦੀ । ਕਈ ਬੋਲੀਆਂ ਦੀ ਖਿਚੜੀ ਬਣਾ ਕੇ ਭਾਸ਼ਾ-ਚਿਤ੍ਰ ਖਿਚਣਾ, ਬੁਝਾਰਤਾਂ ਪਾਣੀਆਂ ਜਾਂ ਜਿਸ ਨੂੰ ਹੁਣ ਚਿੰਨ੍ਹਵਾਦ ਦਾ ਨਾਉਂ ਦਿਤਾ ਜਾਂਦਾ ਹੈ, ਦਲੀਲ ਨਾਲ ਅਰਥ ਦੀ ਪੁਸ਼ਟੀ ਕਰਨੀ, ਉਪਮਾਨ ਦਾ ਕਥਨ ਕਰ ਕੇ ਉਪਮੇਯ ਦਾ ਬੋਧ ਕਰਾਉਣਾ, ਉਪਮੇਯ ਨੂੰ ਹੀ ਉਪਨਾਮ ਮਿਥ ਲੈਣਾ, ਉਸੇ ਸ਼ਬਦ ਨੂੰ ਅਨੇਕ ਵਾਰ ਵਰਤ ਕੇ ਵਖੋ ਵਖ ਅਰਥ ਕਢਣੇ, ਗਿਣਤੀ ਦੇ ਚਿੰਨ੍ਹਾਂ ਨੂੰ ਵਰਤ ਕੇ ਪ੍ਰਮਾਰਥਿਕ ਦਲੀਲ ਸੁਣਾਉਣੀ, ਸਮ-ਅਖਰਾਂ ਉਤੇ ਖੇਡ ਕੇ ਵਿਸ਼ੇਸ਼ ਰਾਗ ਜਾਂ ਵਾਯੂ ਮੰਡਲ ਪੈਦਾ ਕਰਨਾ, ਤੁਕਾਂਤ ਦਾ ਸਹਿਜ ਸੁਭਾਵਾ ਮੇਲ ਆਦਿਕ ਵੀ ਕਵਿਤਾ ਦੇ ਰਸ ਵਿਚ ਵਾਧਾ ਕਰਦੇ ਹਨ, ਪਰ ਇਨ੍ਹਾਂ ਦੀ ਵਿਸ਼ੇਸ਼ਤਾ ਹੁਣ ਲਗਭਗ ਮਰ ਚੁਕੀ ਹੈ, ਭਾਵੇਂ ਹੁਣ ਵੀ ਜਦ ਗਾਵੀਏ :

'ਕੁਚਿਲ, ਕੁਰੂਪਿ, ਕੁਨਾਰਿ, ਕੁਲਖਣੀ,
ਪਿਰ ਕਾ ਸਹਿਜ ਨ ਜਾਨਿਆ ।'

ਜਾਂ

'ਦਰਸਣ, ਪਰਸਨ, ਸਰਸਨ, ਹਰਸਨ,
ਰੰਗ ਰੰਗੀ ਕਰਤਾਰੀ ਹੇ ।'

---

*ਵਿਸਥਾਰ ਲਈ ਵੇਖੋ, ਭਾਈ ਕਾਹਨ ਸਿੰਘ ਦਾ 'ਗੁਰ ਸ਼ਬਦ ਅਲੰਕਾਰ' ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਾਂ ਕੇਵਲ ਸਮ-ਤੋਲੇ ਸ਼ਬਦਾਂ ਜਾਂ ਇਕ-ਆਵਾਜ਼ੇ ਅੱਖਰਾਂ ਦਾ ਪ੍ਰਭਾਵ ਅੱਜ ਵੀ ਰਸ ਦੇਂਦਾ ਹੈ, ਰੂਪਕ ਦਾ ਰੂਪ ਹੁਣ ਵੀ ਪ੍ਰਵਾਨ ਹੈ, ਦੀਪਕ ਅਜ ਵੀ ਦਿਲਾਂ ਵਿਚ ਦੀਵੇ ਬਾਲਦਾ ਹੈ ਤੇ ਤੋਲ ਤੇ ਤੁਕਾਂਤ ਦੀ ਸਹਿਜ-ਸੁਭਾਵੀ ਤਾਕਤ ਹੁਣ ਵੀ ਦਲੀਲ ਨੂੰ ਜਜ਼ਬੇ ਵਿਚ ਗੁੰਨ੍ਹਣ ਲਈ ਓਨੀ ਹੀ ਸਹਾਈ ਹੁੰਦੀ ਹੈ ਜਿੰਨੀ ਕਦੇ ਪਹਿਲਾਂ। ਪਰ ਜਿਥੇ ਗੁਰੂ ਗ੍ਰੰਥ ਦੀ ਵਿਸ਼ੇਸ਼ਤਾ ਹੋਰ ਵੀ ਵਿਲੱਖਣ ਹੈ, ਉਹ ਹੈ ਸ਼ਬਦਾਂ ਦੀਆਂ ਅੰਦਰਲੀਆਂ ਸੁਰਾਂ ਨੂੰ (ਨਾ ਕਿ ਬਾਹਰ ਦੀ ਖੜਕਾਰ) ਜਿਵੇਂ ਇਨ੍ਹਾਂ ਕਵੀਆਂ ਨੇ ਤੁਕਾਂਤ ਮੇਲਣ ਲਈ ਵਰਤਿਆ ਹੈ, ਉਹ ਕੋਈ ਮਹਾਨ ਕਵੀ ਹੀ ਕਰ ਸਕਦਾ ਹੈ, ਜਿਸ ਨੇ ਸ਼ਬਦਾਂ ਦੀ ਆਤਮਾ ਵਿਚ ਝਾਕਣ ਦਾ ਕਦੀ ਯਤਨ ਕੀਤਾ ਹੈ। ਜੇ ਅਨੁਪ੍ਰਾਸ ਵਰਤਿਆ ਹੈ ਤਾਂ ਨਿਪਟ ਸ਼ਬਦਾਂ ਦੀ ਛਣਕਾਰ ਵਿਚ ਹੀ ਮਨ ਨੂੰ ਨਹੀਂ ਕੀਲਿਆ, ਸਗੋਂ ਭਾਵ ਨਾਲ ਸ਼ਬਦ-ਸੁਰਾਂ ਨੂੰ ਇਕ ਰਸ ਮੇਲ ਦਿਤਾ ਹੈ ਤਾਂ ਜੁ ਸ਼ਬਦਾਂ ਦੀਆਂ ਆਵਾਜ਼ਾਂ ਵਿਚੋਂ ਉਨ੍ਹਾਂ ਦਾ ਭਾਵ ਬਾਹਰ ਪਿਆ ਡੁਲ੍ਹੇ। ਰੂਪਕ ਵਰਤਿਆ ਹੈ, ਤਾਂ ਨਿਪਟ ਉਪਮਾਨ-ਉਪਮੇਯ ਨੂੰ ਅਭੇਦ ਕਰਨ ਲਈ ਹੀ ਨਹੀਂ, ਸਗੋਂ ਕਿਸੇ ਆਤਮਕ ਤਜਰਬੇ ਦਾ ਚਿਤਰ ਖਿਚ ਦੇਣ ਲਈ ਤੇ ਅਜੇਹੇ ਸ਼ਬਦ-ਚਿਤਰਾਂ, ਭਾਵ ਚਿਤਰਾਂ, ਬੋਲ-ਚਿਤਰਾਂ, ਸ਼ਬਦਾਂ ਦੇ ਅੰਦਰਲੇ ਰਾਗ, ਤੋਲ-ਰਾਗ ਦੇ ਸੁਮੇਲ, ਤੋਲ ਦਾ ਭਾਵ ਦੇ ਪਿਛੇ ਲਗ ਵਗਣਾ, ਆਦਿਕ ਅਜੇਹੀਆਂ ਵਿਸ਼ੇਸ਼ਤਾਈਆਂ ਹਨ, ਜੋ ਸੰਸਾਰ ਦੀ ਕੇਵਲ ਮਹਾਨ ਕਵਿਤਾ ਵਿਚ ਹੀ ਢੂੰਢੀਆਂ ਜਾ ਸਕਦੀਆਂ ਹਨ। ਜਦ ਪੜ੍ਹੀਏ :

'ਚਾਂਦਨਾਂ ਚਾਂਦਨ ਆਂਗਨਿ, ਪ੍ਰਭ ਜੀਉ ਅੰਤਰਿ ਚਾਂਦਨਾ।
ਅਰਾਧਨਾ ਅਰਾਧਨ ਨੀਕਾ, ਹਰਿ ਹਰਿ ਨਾਮੁ ਅਰਾਧਨਾ।
ਤਿਆਗਨਾ ਤਿਆਗਨ ਨੀਕਾ, ਕਾਮੁ ਕ੍ਰੋਧੁ ਲੋਭੁ ਤਿਆਗਨਾ।
ਮਾਗਨਾ ਮਾਗਨੁ ਨੀਕਾ, ਹਰਿ ਜਸੁ ਗੁਰ ਤੇ ਮਾਗਨਾ।
ਜਾਗਨਾ ਜਾਗਨੁ ਨੀਕਾ, ਹਰਿ ਕੀਰਤਨ ਮਹਿ ਜਾਗਨਾ।
ਲਾਗਨਾ ਲਾਗਨੁ ਨੀਕਾ, ਗੁਰ ਚਰਣੀ ਮਨੁ ਲਾਗਨਾ।
ਇਹ ਬਿਧਿ ਤਿਸੈ ਪਰਾਪਤੇ, ਜਾ ਕੈ ਮਸਤਕਿ ਭਾਗਨਾ।
ਕਹੁ ਨਾਨਕ ਤਿਸ ਸਭੁ ਕਿਛ ਨੀਕਾ, ਜੋ ਪ੍ਰਭ ਕੀ ਸਰਨਾਗਨਾ।'

ਤਾਂ ਸ਼ਬਦਾਂ ਦਾ ਦੁਹਰਾਉ ਨਿਪਟ ਤੋਲ ਨੂੰ ਹੀ ਪੂਰਾ ਨਹੀਂ ਕਰਦਾ, ਨਾ ਕੇਵਲ ਕੰਨ-ਰਸ ਹੀ ਦੇਂਦਾ ਹੈ, ਸਗੋਂ ਭਾਵ ਉਘਾੜਦਾ ਹੈ, ਜਿਵੇਂ ਚਾਨਣੀ ਦੇ ਪੈਰ ਵਿਹੜੇ ਵਿਚ ਪੈਂਦਿਆਂ ਹੀ ਸਭ ਕੁਝ ਚਿਟਾ, ਮਿਠਾ, ਠੰਢਾ, ਰਸ-ਭਿੰਨੜਾ ਲਗਣ ਲਗ ਪੈਂਦਾ ਹੈ। ਤੁਕਾਂਤ ਮੇਲਣ ਲਈ ਸ਼ਬਦਾਂ ਨਾਲ ਕੇਹੀ ਖੁਲ੍ਹ ਲਈ ਹੈ—'ਮਸਤਕ ਭਾਗਨਾ' 'ਪ੍ਰਭ ਕੀ ਸਰਨਾਗਨਾ'। ਇਹ 'ਚਾਂਦਨਾ' ਕਿਥੋਂ ਆਇਆ ਹੈ, ਨਾ ਇਹ ਚਾਨਣਾ ਹੈ ਜੋ ਵਧੀਕ ਖਰ੍ਹਵਾ ਲਗਦਾ, ਨਾ ਇਹ ਚਾਂਦਨੀ ਹੈ, ਜੋ ਇਸ ਦਾ 'ਸ਼ੁਧ'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੂਪ ਹੈ, ਪਰ ਵਿਚ ਜੜ੍ਹਿਆ ਕੋਈ ਵੀ ਸ਼ਬਦ ਅਸੁਭਾਵਕ, ਜਾਂ ਵੱਟਿਆ ਉਥੱਲਿਆ ਨਹੀਂ ਜਾਪਦਾ। ਤੋਲ ਦੀ ਲਹਿਰ ਏਨੀ ਸਹਿਜ-ਸੁਭਾਵੀ ਹੈ ਤੇ ਸ਼ਬਦਾਂ ਦੀ ਮਿਠੀ ਚਾਸ਼ਨੀ, ਕਿ ਇਨ੍ਹਾਂ ਤੋਂ ਬਿਨਾਂ ਕੋਈ ਹੋਰ ਸ਼ਬਦ ਹੁੰਦੇ ਤਾਂ ਰਾਗ ਤੇ ਰਸ ਵਿਚੋਂ ਢੂੰਡਿਆਂ ਨਾ ਲਭਦੇ।

ਤੇ ਕੀ ਆਖਦੇ ਹਨ ਇਹ :

'ਅਨਦੋ ਅਨਦ ਘਣਾ ਮੈ ਸੋ ਪ੍ਰਭੁ ਡੀਠਾ ਰਾਮ।
ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ।
ਸੋਹਿਅੜੇ ਸੋਹਿਅੜੇ ਮੇਰੇ ਬੰਕ ਦੁਆਰੇ ਰਾਮ।
ਪਾਹੁਨੜੇ ਪਾਹੁਨੜੇ ਮੇਰੇ ਸੰਤ ਪਿਆਰੇ ਰਾਮ।'

ਪੜ੍ਹਿਆਂ ਸ਼ਬਦ ਮੂੰਹ ਨਾਲ ਇਵੇਂ ਲਿਬੜ ਜਾਂਦੇ ਹਨ, ਜਿਵੇਂ ਮਾਖਿਓਂ ਨਾਲ ਭਰੇ ਹੋਣ। 'ਚਾਖਿਅੜਾ ਚਾਖਿਅੜਾ' ਕੋਈ ਭੁਲੇਖਾ ਰਹਿਣ ਦੇਂਦੇ ਹਨ ਕਿ ਸੁਆਦ ਕਹਿਣ ਵਾਲੇ ਨੇ ਤਾਂ ਕੀ, ਪੜ੍ਹਨ ਵਾਲੇ ਨੇ ਵੀ ਘਟੋ ਘਟ ਕੁਝ ਪਲ ਲਈ ਨਹੀਂ ਚਾਖਿਆ ? ਜਾਂ 'ਬੰਕਦੁਆਰੇ' 'ਸੋਹਿਅੜੇ ਸੋਹਿਅੜੇ' ਨਹੀਂ ਬਣੇ ? ਜਾਂ ਸੰਤ-ਪਿਆਰੇ 'ਪਾਹੁਨੜੇ ਪਾਹੁਨੜੇ' ਨਹੀਂ ਹੋਏ ? ਇਹ ਸ਼ਬਦ ਪੜ੍ਹੀਦੇ ਹਨ ਕਿ ਸੁਆਦ ਦੇ ਘੁਟ ਭਰੀਦੇ ਹਨ ?

ਇਹ ਸ਼ਬਦ-ਚਿੱਤਰਾਂ ਤੇ ਭਾਵ-ਚਿੱਤਰਾਂ ਦੇ ਨਮੂਨੇ ਗੁਰੂ ਗ੍ਰੰਥ ਵਿਚ ਏਨੇ ਰਜਵੇਂ ਮਿਲਦੇ ਹਨ ਕਿ ਵੇਖ ਵੇਖ ਮਨ ਹੈਰਾਨ ਹੁੰਦਾ ਹੈ। ਕੋਈ ਭਰਵੇਂ ਅਹਿਸਾਸ ਵਾਲਾ ਕਵੀ ਹੀ ਇਨ੍ਹਾਂ ਨੂੰ ਇਵੇਂ ਬੰਨ੍ਹ ਸਕਦਾ ਸੀ ਜਿਹੜਾ ਸ਼ਬਦਾਂ ਵਿਚ ਭਾਵ ਦਾ ਚਿੱਤਰ ਲਟਕਾ ਸਕਦਾ ਹੋਵੇ :—

'ਜਨ ਤ੍ਰਾਹਿ ਤ੍ਰਾਹਿ ਸਰਨਾਗਤੀ', 'ਹਰਿ ਮਿਲਿਓ ਲਾਇ ਝਪੀੜਾ', 'ਰੰਗ ਚਲੂਲੇ ਰਾਤੀ', 'ਮੁਸਕ ਝਕੋਲਿਆ', 'ਅੰਮ੍ਰਿਤ ਛਕ ਛਕੈ', 'ਰੁਣ ਝੁਣਕਾਰੇ ਰਾਮ', 'ਮਛੁਲੀ ਵਿਛੁੰਨੀ, ਨੈਣ ਰੁੰਨੀ', 'ਨਦੀਆ ਵਾਹੁ ਵਿਛੁੰਨੀਆਂ', 'ਭਿੰਨੀ ਰੈਨੜੀਏ', 'ਪਿਰ ਰਤਿਅੜੇ ਮੇਰੇ ਲੋਇਣ, ਮੇਰੇ ਪਿਆਰੇ, ਚਾਤ੍ਰਿਕ ਬੂੰਦ ਜਿਵੇਂ', 'ਚਿਰਗਟ ਫਾਰ ਚਟਾਰਾ ਲੈ ਗਇਓ, ਤਰੀ ਤਾਗਰੀ ਛੂਟੀ', 'ਟਾਕਮ ਕੂੰਜੜੀਆਂ ਮਨਹੁ ਮਚਿੰਦੜੀਆ', 'ਝਿਮਿ ਝਿਮਿ ਅੰਮ੍ਰਿਤ ਵਰਸਦਾ', 'ਹੰਸ ਉਲੱਥੜੇ ਆਇ', 'ਖੜੁ ਪਕੀ ਕੁੜਿ ਭਜੈ', 'ਭਰਿ ਜਵਾਨੀ ਲਹਿਰੀ ਦੇਇ', 'ਮੇਰਾ ਮਨ ਪ੍ਰਦੇਸੀ', 'ਦਿਨ ਥੋੜੜੇ ਥਕੇ', 'ਧੂਏ ਕਾ ਧਵਲਹਰੁ', 'ਪਲਚਿ ਪਲਚਿ ਸਗਲੀ ਮੁਈ', 'ਹਥ ਮਰੋੜੈ, ਤਨੁ ਕਪੇ', 'ਪਉਣ ਵਹੈ ਦਰਿਆਓ', 'ਅਮਿਓ ਝੋਲਿ ਝੋਲਿ ਪੀਜਾ ਰੇ', 'ਫੂਟੋ ਆਂਡਾ ਭਰਮ ਕਾ', 'ਲੋਭੁ ਲਹਰਿ ਸਭੁ ਸੁਆਨ ਹਲਕੁ ਹੈ', 'ਭ੍ਰਮ ਭੂਲਾ ਮਿਰਗ ਸਿੰਙਾਰੇ', 'ਉਨਵੇਂ ਘਨ ਘਨ ਘਨਿਹਰੁ ਗਰਜੈ, ਮਨਿ ਬਿਗਸੈ ਮੋਰ ਮੁਰਲੇ', 'ਥੀਅ ਥਿਤਾ', 'ਮੈਂ ਛੀਕਿ ਗਾਂਠਰੀ ਬਾਧਾ', 'ਭਈ ਠਰੂਹੇ', 'ਭੁਖ ਤਿਖਾ ਦੋਇ ਭਉਕੀਆ', ਚਾਰੇ ਨਦੀਆ ਅਗਿ', 'ਫੋਲ ਫੁਲੀਰਾ',

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਜਿਉ ਜਿਉ ਚਲੈ ਚੁਭੈ ਦੁਖ ਪਾਵਹਿ', 'ਸੁਣ ਮੁੰਧੇ ਹਰਨਾਖੀਏ', 'ਕਬੀਰ ਬੇੜਾ ਜਰਜਰਾ', 'ਭਰ ਸਰਵਰ ਜਬ ਊਛਲੈ', 'ਪਵਨ ਝਕੋਲਨਹਾਰ', 'ਚੰਦਰ ਬਦਨ ਚਿਤਕਾਰ', 'ਭੁਇਅੰਗਮ ਵੇੜ੍ਹੀ' 'ਛੇਦ ਛੇਦ ਰਸੁ ਪੀਜੈ', 'ਛਿਟੀ ਛਿਟੀ ਸਿਰ ਭਾਰੈ', 'ਹਰਿ ਰਸੁ ਘੂਟਾ', 'ਸਾਵਣ ਆਇਆ ਝਿਮਝਿਮਾ', 'ਲਥੇ ਭੜਥੂ ਪਾਇ', 'ਬਹਿ ਜਾਏ ਘੁਸਰਿ ਬਗੁਲਾਰੇ', 'ਥਲ ਕਾਢੇ ਬਿਲਲ ਬਿਲੀਧੇ', 'ਪਵਨ ਅਫਾਰ ਤੋਰ ਚਾਮਰੀ', 'ਗਗਨ ਮਹਿ ਥਾਲ ਰਵਿ ਚੰਦੁ ਦੀਪਕ ਬਨੈ, ਤਾਰਿਕਾ ਮੰਡਲ ਜਨਿਕ ਮੋਤੀ', 'ਫਲ ਫਿਕੇ, ਫੁਲ ਬਕਬਕੇ', 'ਆਂਗਣ ਧੂੜ ਲੁਤੇ', 'ਮੁੰਧ ਸਹਿਜ ਸਲੋਨੜੀਏ', 'ਅਨਹਦੋ ਅਨਹਦ ਵਾਜੈ ਰੁਣਝੁਣਕਾਰੇ ਰਾਮ', 'ਸੁੰਨੈ ਸੁੰਨ ਸਮਾਵੈ', 'ਉਡੈ ਉਡਿ ਆਵੈ ਸੈ ਕੋਸਾ', 'ਮਨਮੁਖ ਊਧਾ ਕਉਲ ਹੈ', 'ਢੁਲਿ ਢੁਲਿ ਜੁੰਮਣਹਾਰ', 'ਮਪਿ ਮਪਿ ਕਾਟਉ', 'ਮਥੈ ਵਾਲ ਪਛਾੜਿਅਨ', 'ਮੁਸਿ ਮੁਸਿ ਰੋਵੈ', 'ਪਚਿ ਪਚਿ ਮੋਇ', 'ਹਰਿ ਰਸਕ ਰਸਾਈ', 'ਅਰੜਾਵੈ ਬਿਲਲਾਵੈ ਨਿੰਦਕ', 'ਰਸਿਕ ਰਸਿਕ ਬਿਗਸਾਨਾ', 'ਡੋਲਿ ਬਧਾ ਕਸਿ ਜੇਵਰੀ ਆਕਾਸ ਪਾਤਾਲਾ', 'ਨੀਰ ਵਿਰੋਲੀਐ', 'ਨਿਤ ਝਈਆਂ ਪਾਏ, ਝਗੂ ਸੁਟੈ', 'ਝਖਦਾ ਝਖਦਾ ਝੜ ਪਇਆ', 'ਚਿੜੀ ਚਹੁਕੀ, ਪਹ ਫੁਟੀ, ਵਗਣ ਬਹੁਤ ਤਰੰਗ', 'ਧਰਤ ਸੁਵੰਨੀ, ਖੜ ਰਤੰਨ ਜੜਾਵੀ', 'ਨਿਤ ਉਠ ਹਾਸੈ ਹੀਗੈ ਮਰੈ', 'ਅਨਹਦ ਕਿੰਗੁਰੀ ਬਾਜੀ', 'ਕਾਇਆ ਕਪੜ ਟੁਕ ਟੁਕ ਹੋਸੀ', 'ਹਰਿ ਹਰਿ ਹਰਿ ਜਸੁ ਘੂਮਰਿ ਪਾਵਉ', 'ਕਰਕ ਕਰੇਜੇ ਮਾਹੀ', 'ਪ੍ਰਿਉ ਪ੍ਰਿਉ ਚਵੈ ਬਬੀਹਾ', 'ਘਣ ਵਰਸਹਿ ਰੁਤ ਆਏ', 'ਵੇਸਾਖ ਭਲਾ ਸਾਖਾ ਵੇਸ ਕਰੇ', 'ਉਨਵ ਘਨ ਛਾਏ', 'ਚੰਦ ਸੂਰਜ ਕੀ ਪਾਏ ਗੰਢ', 'ਮੇਰਾ ਪਿਰ ਰੀਸਾਲੂ', 'ਘੁਰਨ ਘਟਾ ਅਤਿ ਕਾਲੀਆਂ', 'ਅਮਿਉ ਝੋਲਿ ਝੋਲ ਪੀਜਾ ਰੇ', 'ਸਿਰਿ ਕੰਪਹਿ ਪਗ ਡਗਮਗੇ', 'ਬੰਨ੍ਹਿ ਭਾਰ ਉਚਾਇਨਿ ਛਟੀਐ', 'ਪੀਰਹੁ ਕੰਨ ਮੁਰਟੀਐ', 'ਅਸਮਾਨ ਕਿਆੜਾ ਛਿਕਿਓਨ', 'ਪਿਰ ਛੈਲ ਛਬੀਲਾ', 'ਬਲਿ ਬਲਿ ਘੁੰਮਿ ਗਈਐ', 'ਥਰਹਰ ਕੰਪੈ ਬਾਲਾ ਜੀਓ', 'ਰਾਗ ਰਤਨ ਪਰਵਾਰ ਪਰੀਆਂ', 'ਰਵਿ ਰਸਿ ਲਉਕੇ', 'ਸਾਰੰਗ ਜਿਉ ਪਗੁ ਧਰੈ ਠਿਮਿ ਠਮਿ', 'ਕੁਹਕਨਿ ਕੋਕਲਾ', 'ਮੋਰੀ ਰੁਣ ਝੁਣਿ ਲਾਇਆ', 'ਤਾਰਕਾ ਮੰਡਲ ਜਨਕ ਮੋਤੀ', 'ਅੰਬਰ ਕੂੰਜਾਂ ਕੁਰਲੀਆ ਬਗ ਬਹਿਠੇ ਆਏ ਜੀਉ', 'ਖਪ ਖਪ ਛਿਜੇ ਦੇਹਿ', 'ਕਾਇਆ ਕਪੜੁ ਟੁਕ ਟੁਕ ਹੋਸੀ', 'ਹੰਸ ਚਲਸੀ ਡੁੰਮਣਾ', 'ਰੋਵਾਂ ਝੀਣੀ ਬਾਣ', 'ਤਉ ਮਿਲਹਗੀ ਬਾਹਿੰ ਪਸਾਰ', 'ਸੰਭਲ ਬੁਕ ਭਰੀ', 'ਕੰਚਨ-ਵੰਨੇ ਪਾਸੇ', 'ਬਾਲਣ ਹਡ ਬਲਣ', 'ਚਲਿ ਚਲਿ ਗਈਆ ਪੰਖੀਆਂ', 'ਗਏ ਵਿਲਾੜ ਵਿਲਾੜ', 'ਲੰਮੀ ਲੰਮੀ ਨਦੀ ਵਹੈ', 'ਰੱਤੀ ਰਤ ਨਾ ਨਿਕਲੇ', 'ਕੂਕੇਂਦਿਆਂ ਚਾਕੇਂਦਿਆਂ, 'ਇਨੀ ਨਿਕੀ ਜੰਘੀਐ', 'ਸਾਖ ਪਕੰਦੀ ਆਈ ਆ', 'ਸੁਕ ਗਏ ਕੁਮਲਾਏ', 'ਧੁਖ ਧੁਖ ਉਠਨ ਪਾਸਿ', 'ਭਰ ਸਰਵਰ ਜਬ ਊਛਲੇ', 'ਡੁਬ ਮੋਏ ਬਗ ਬਪੜੇ', 'ਢੂਲਕੇ ਚਵਰ, ਸੰਖ ਘਨ ਗਰਜੇ', ਆਦਿਕ ਆਦਿਕ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਤੋਂ ਬਿਨਾਂ ਜਿਸ ਸੰਕੋਚ, ਇਸ਼ਾਰੇ ਮਾਤ੍ਰ, ਤੇ ਸੁਝਾਊ ਢੰਗ ਨਾਲ ਕਵੀ-ਮਨਾਂ ਨੇ ਆਪਣੀ ਵੇਦਨਾ ਜਾਂ 'ਮਨ ਅੰਤਰ ਕੀ ਪੀੜ' ਨੂੰ ਗਾਂਵਿਆਂ ਹੈ, ਉਹ ਮਹਾਨ ਕਲਾ ਦਾ ਲਖਾਇਕ ਹੈ। ਇਹ ਨਹੀਂ ਕਿ ਜਿਥੇ ਵਿਸਥਾਰ ਦੀ ਲੋੜ ਪਈ ਹੈ, ਉਥੇ ਵਿਸਥਾਰਕ ਢੰਗ ਨਹੀਂ ਵਰਤਿਆ, ਪਰ ਜਦੋਂ ਭਾਵ ਨੂੰ ਸੰਘਣਾ ਕਰਨ ਦੀ ਲੋੜ ਪ੍ਰਤੀਤ ਕੀਤੀ ਹੈ, ਤਾਂ ਉਥੇ ਵੀ ਕਲਾ ਦੀ ਪੂਰੀ ਪਰਬੀਨਤਾ ਦਰਸਾਈ ਹੈ। ਮਿਸਾਲ ਲਈ ਹੇਠ-ਲਿਖੀਆਂ ਤੁਕਾਂ ਦਾ ਸੰਕੋਚ ਕਿਤਨਾ ਕਾਵਿ-ਮਈ ਤੇ ਕਲਾ-ਭਰਪੂਰ ਹੈ, ਸ਼ਬਦ ਇਵੇਂ ਜੜੇ ਹਨ ਕਿ ਇਕ ਨੂੰ ਵੀ ਕਿਤੋਂ ਹਿਲਾਓ, ਸਾਰੀ ਰਚਨਾ ਕਿਰਕ ਮਕਿਰਨੀ ਕਿਰ ਜਾਂਦੀ ਹੈ :—

੧. 'ਮਤ ਪੰਖੇਰੂ, ਕਿਰਤ ਸਾਥ, ਕਬ ਉਤਮ, ਕਬ ਨੀਚ।
ਕਬ ਚੰਦਨ, ਕਬ ਅੱਕ ਡਾਲ, ਕਬ ਉਚੀ ਪ੍ਰੀਤ।'

੨. 'ਦੂਧ ਬਿਨ ਧੇਨੁ, ਪੰਖ ਬਿਨ ਪੰਖੀ,
ਜਲ ਬਿਨੁ ਉਤਭੁਜ ਕਾਮਿ ਨਹੀਂ।'

੩. 'ਗੁੜ ਕਰ ਗਿਆਨ, ਧਿਆਨ ਕਰ ਧਾਵੇ,
ਕਰ ਕਰਣੀ ਕਸ ਪਾਈਏ,
ਭਾਠੀ ਭਵਨ, ਪ੍ਰੇਮ ਕਾ ਪੋਚਾ, ਇਤ ਰਸ ਅਮਿਓ ਚਵਾਈਏ।'

੪. 'ਮੁੰਦਾ ਸੰਤੋਖ, ਸਰਮ ਪਤੁ ਝੋਲੀ,
ਧਿਆਨ ਕੀ ਕਰਹਿ ਬਿਭੂਤਿ।
ਖਿੰਥਾ ਕਾਲੁ ਕਵਾਰੀ ਕਾਇਆਂ, ਜੁਗਤਿ ਡੰਡਾ ਪਰਤੀਤਿ।'

੫. 'ਕਤਕ ਕੂੰਜਾਂ, ਚੇਤ ਡਉ, ਸਾਵਣ ਬਿਜਲੀਆਂ।
ਸੀਆਲੇ ਸੋਹੰਦੀਆਂ, ਪਿਰ ਗਲ ਬਾਹੁੜੀਆਂ।'

੬. 'ਗਗਨ ਮੈ ਥਾਲ ਰਵਿ ਚੰਦ ਦੀਪਕ ਬਨੈ,
ਤਾਰਿਕਾ ਮੰਡਲ ਜਨਕ ਮੋਤੀ।
ਧੂਪ ਮਲਿਆਨਲੋ, ਪਵਣ ਚਵਰੋ ਕਰੈ,
ਸਗਲ ਬਨਰਾਇ ਫੂਲੰਤ ਜੋਤੀ।'

੭. 'ਨਾਨਕ ਬਿਜੁਲੀਆਂ ਚਮਕੰਨਿ, ਘੁਰਨਿ ਘਟਾ ਅਤਿ ਕਾਲੀਆਂ।
ਬਰਸਨਿ ਮੇਘ ਅਪਾਰ, ਸੰਗਮਿ ਪਿਰੀ ਸੁਹੰਦੀਆਂ।'

੮. 'ਊਨਵਿ ਘਨਹਰੁ ਗਰਜੈ ਬਰਸੈ, ਕੋਕਿਲ ਮੋਰ ਬੈਰਾਗੇ।
ਤਰਵਰ, ਬਿਰਖ, ਬਿਹੰਗ, ਭੁਇਅੰਗਮ।
ਘਰਿ ਪਿਰੁ ਧਨ ਸੋਹਾਗੇ।'

੯. 'ਤੁਮੀ, ਤੁਮਾ, ਵਿਸੁ,
ਅੱਕ, ਧਤੂਰਾ, ਨਿਮ ਫੱਲ।'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੧੦. 'ਕਰ ਹਰਿਹਟ, ਮਾਲ ਟਿੰਡ ਪਰੋਵਹੁ,
ਤਿਸੁ ਭੀਤਰਿ ਮਨੁ ਜੋਵਹੁ ।
ਅੰਮ੍ਰਿਤ ਸਿੰਚਹੁ, ਭਰਹੁ ਕਿਆਰੇ, ਤਉ ਮਾਲੀ ਕੇ ਹੋਵਹੁ ।'

੧੧. 'ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਇ ਜੜਾਉ ।
ਕਸਤੂਰ ਕੂੰਗੂ, ਅਗਰ ਚੰਦਨ, ਲੀਪ ਆਵੈ ਚਾਉ ।'

੧੨. 'ਸੂਹਟੁ ਪਿੰਜਰ ਪ੍ਰੇਮ ਕੈ, ਬੋਲੈ ਬੋਲਣਹਾਰੁ ।
ਸਚੁ ਚੁਗੈ, ਅੰਮ੍ਰਿਤ ਪੀਐ, ਉਡੈ ਤ ਏਕਾ ਵਾਰ ।'

੧੩. 'ਆਖਾਰ ਮੰਡਲੀ, ਧਰਣਿ ਸਧਾਈ, ਊਪਰ ਗਗਨੁ ਚੰਦੋਆ ।
ਪਵਨ ਵਿਚੋਲਾ, ਕਰਤ ਇਕੇਲਾ, ਜਲ ਤੇ ਓਪਤਿ ਹੋਆ ।
ਚੰਦੁ ਸੂਰਜ ਦੋਇ ਜਰੇ ਚਰਾਗਾ, ਚਹੁ ਕੂੰਟ ਭੀਤਰਿ ਰਾਖੇ ।
ਦਸ ਪਾਤਹੁ, ਪੰਚ ਸੰਗੀਤਾ, ਏਕੈ ਭੀਤਰਿ ਸਾਥੇ ।
ਘਰਿ ਘਰਿ ਨਿਰਤਿ ਹੋਵੈ ਦਿਨ ਰਾਤੀ, ਘਟਿ ਘਟਿ ਵਾਜੈ ਤੂਰਾ ।
ਏਕ ਨਚਾਵਹਿ, ਏਕ ਭਵਾਵਹਿ, ਇਕ ਆਇ ਜਾਇ ਹੋਇ ਧੂਰਾ ।
ਕਹੁ ਨਾਨਕ ਸੋ ਬਹੁਰਿ ਨਾ ਨਾਚੈ, ਜਿਸੁ ਗੁਰੁ ਭੇਟੈ ਪੂਰਾ ।'

੧੪. 'ਨੈਨਹੁ ਨੀਰ ਬਹੈ, ਤਨੁ ਖੀਨਾ, ਭਏ ਕੇਸ ਦੁਧਵਾਨੀ ।
ਰੂਧਾ ਕੰਠ ਸਬਦੁ ਨਹੀਂ ਉਚਰੈ, ਅਬ ਕਿਆ ਕਰਹਿ ਪਰਾਨੀ ।
ਮਾਥੇ ਪੀਰ, ਸਰੀਰ ਜਲਨਿ ਹੈ, ਕਰਕ ਕਰੇਜੇ ਮਾਹੀ ।
ਐਸੀ ਬੇਦਨਿ ਉਪਜਿ ਖਰੀ ਭਈ, ਵਾ ਕਾ ਅਉਖਧ ਨਾਹੀ ।'

੧੫. 'ਮਨ ਪਵਨ, ਦੁਇ ਤੂੰਬਾ ਕਰੀਹੈ, ਜੁਗ ਜੁਗ ਸਾਰਦ ਸਾਜੀ ।
ਥਿਰੁ ਭਈ ਤੰਤੀ, ਤੂਟਸ ਨਾਹੀ, ਅਨਹਦ ਕਿੰਗਰੀ ਬਾਜੀ ।'

੧੬. 'ਛੂਟੇ ਕੂੰਡੇ, ਭੀਗੇ ਪੁਰੀਆ, ਚਲਿਓ ਜੁਲਾਹੋ ਰੀਸਾਈ ।
ਛੋਛੀ ਨਲੀ, ਤੰਤ ਨਹੀਂ ਨਿਕਸੇ, ਸਤਰ ਰਹੀ ਉਰਝਾਈ ।'

੧੭. 'ਜਲ ਕੀ ਭੀਤਿ, ਪਵਨ ਕਾ ਥੰਭਾ, ਰਕਤ ਬੂੰਦ ਕਾ ਗਾਰਾ ।
ਹਾਡ, ਮਾਸ, ਨਾੜੀ ਕੋ ਪਿੰਜਰ, ਪੰਖੀ ਬਸੈ ਬਿਚਾਰਾ ।'

੧੮. 'ਚੜਿ ਕੇ ਘੋੜੜੈ, ਕੁੰਦੇ ਪਕੜਹਿ, ਖੂੰਡੀ ਕੀ ਖੇਡਾਰੀ ।
ਹੰਸਾਂ ਸੇਤੀ ਚਿਤ ਉਲਾਸਹਿ, ਕੁਕੜ ਕੀ ਓਡਾਰੀ ।'

੧੯. 'ਫੀਲ ਰਬਾਬੀ, ਬਲਦ ਪਖਾਵਜ, ਕਊਆ ਤਾਲ ਬਜਾਵੈ ।
ਪਹਿਰ ਚੋਲਨਾ, ਗਦਹਾ ਨਾਚੈ, ਭੈਸਾ ਭਗਤਿ ਕਰਾਵੈ ।
ਬੈਠਿ ਸਿੰਘੁ ਘਰਿ ਮਾਨ ਲਗਾਵੈ, ਘੀਸ ਗਲਉਰੇ ਲਿਆਵੈ ।
ਘਰਿ ਘਰਿ ਮੁਸਰੀ ਮੰਗਲੁ ਗਾਵਹਿ, ਕਛੂਆ ਸੰਖ ਬਜਾਵੈ ।'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੨੦. 'ਬਬੈ ਬਾਜੀ ਖੇਡਣ ਲਾਗਾ, ਚਉਪੜਿ ਕੀਤੇ ਚਾਰਿ ਜੁਗਾ
ਜੀਆ ਜੰਤ ਸਭ ਸਾਰੀ ਕੀਤੇ, ਪਾਸਾ ਢਾਲਣ ਆਪਿ ਲਗਾ ।'

੨੧. 'ਪੁਰਖਾਂ, ਬਿਰਖਾਂ, ਤੀਰਥਾਂ, ਤਟਾਂ, ਮੇਘਾਂ, ਖੇਤਾਂਹ ।
ਦੀਪਾਂ, ਲੋਆਂ, ਮੰਡਲਾਂ, ਖੰਡਾਂ, ਵਰਭੰਡਾਂਹ ।
ਅੰਡਜ, ਜੇਰਜ, ਉਤਭੁਜਾਂ, ਖਾਣੀ ਸੇਤਜਾਂਹ ।
ਸੋ ਮਿਤਿ ਜਾਣੈ ਨਾਨਕਾ, ਸਰਾਂ, ਮੇਰਾਂ, ਜੰਤਾਂਹ ।'

੨੨. 'ਕੁਚਿਲ, ਕੁਰੂਪ, ਕੁਨਾਰਿ ਕੁਲੱਖਣੀ,
ਪਿਰ ਕਾ ਸਹਿਜੁ ਨਾ ਜਾਨਿਆ ।'

੨੩. 'ਪੂਰਨ, ਪਰਮ-ਜੋਤਿ, ਪਰਮੇਸਰ,
ਪ੍ਰੀਤਮ ਪ੍ਰਾਨ ਹਮਾਰੇ ।
ਮੋਹਿਨ ਮੋਹਿ ਲੀਆ ਮਨੁ ਮੇਰਾ,
ਸਮਝਸਿ ਸਬਦੁ ਬੀਚਾਰੇ ।'

੨੪. 'ਭੁਜਬਲਿ, ਬੀਰ, ਬ੍ਰਹਮ ਸੁਖ ਸਾਗਰ,
ਕਰਤ ਪਰਤ ਗਹਿ ਲੇਹੁ ਅੰਗਰੀਆ ।
ਸ੍ਰਵਨ ਨਾ ਸੁਰਤਿ, ਨੈਨਿ ਸੁੰਦਰ ਨਹੀਂ,
ਆਰਤ ਦੁਆਰ ਰਟਤ ਪਿੰਗੁਰੀਆ ।
ਦੀਨਾ ਨਾਥ, ਅਨਾਥ, ਕਰੁਣਾ ਮੈ ।
ਸਾਜਨ, ਮੀਤਾ, ਪਿਤਾ, ਮਹਿਤਰੀਆ ।'

ਆਦਿਕ ਆਦਿਕ ।

ਤੁਕਾਂਤ ਮੇਲਣ ਵਿਚ ਵੀ ਏਨੀ ਖੁਲ੍ਹ ਲਈ ਹੈ ਕਿ ਸ਼ਬਦਾਂ ਦੀਆਂ ਅੰਦਰਲੀਆਂ ਸੁਰਾਂ ਨੂੰ ਵੀ ਵਰਤਿਆ ਹੈ ਤੇ ਬਾਹਰਲੀਆਂ ਨੂੰ ਵੀ । ਤੁਕਾਂਤ ਕਦੀ ਤੁਕ ਦੇ ਵਿਚਕਾਰ ਮੇਲਿਆ ਹੈ, ਕਦੀ ਅੰਤ ਉਤੇ, ਕਦੀ ਕਈ ਕਈ ਤੁਕਾਂ ਪਿਛੋਂ, ਪਰ ਇਵੇਂ ਕਿ ਮਿਠੜਾ, ਸਹਿਜ-ਸੁਭਾਵਾ, ਰਾਗਾਤਮਿਕ ਪ੍ਰਭਾਵ ਦੇਂਦਾ ਹੈ, ਰਸ ਤੋਂ ਉਚਾਟ ਨਹੀਂ ਕਰਦਾ, ਸਗੋਂ ਸੋਹਜ-ਰਸ ਵਿਚ ਤੀਖਣ ਵਾਧਾ ਕਰਦਾ ਹੈ ।

ਭਾਰ ਦਾ ਤੁਕਾਂਤ 'ਨਾਲਿ' ਨਾਲ ਮੇਲਿਆ ਹੈ, 'ਕਰੀ' ਦਾ 'ਲਈ' ਤੇ 'ਸੁਣੀ' ਨਾਲ, 'ਨਾਥ' ਦਾ 'ਅਕਾਸ' ਨਾਲ, 'ਇੰਦ' ਦਾ 'ਮੰਦ' ਨਾਲ, 'ਨਾਵ' ਦਾ 'ਕਲਾਮ' ਨਾਲ, 'ਪਾਠ' ਦਾ 'ਉਦਾਸ' ਨਾਲ, 'ਨਾਹਿ' ਦਾ 'ਜਾਹੁ' ਨਾਲ, 'ਭਾਉ' ਦਾ 'ਜਾਇ' ਨਾਲ, 'ਆਗਾਸ' ਦਾ 'ਵਾਤ' ਨਾਲ, 'ਵਿਣਾਸ' ਦਾ 'ਆਪ' ਨਾਲ, 'ਕਹਿਣ' ਦਾ 'ਦੇਣ' ਨਾਲ, 'ਆਪ' ਦਾ 'ਦਾਤ' ਨਾਲ, 'ਸਿਧ' ਦਾ 'ਬੁਧ' ਨਾਲ, 'ਵਿਗਾੜ' ਦਾ 'ਗਾਵਾਰ' ਨਾਲ, 'ਸਮਾਲੇ' ਦਾ 'ਹਾਰੇ' ਨਾਲ, 'ਸਵਾਰੇ' ਦਾ 'ਨਾਲੇ' ਨਾਲ; 'ਬਿਭੂਤਿ'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦਾ 'ਪ੍ਰਤੀਤ' ਨਾਲ, 'ਵਾਰ' ਦਾ 'ਪਤਾਲ' ਨਾਲ, 'ਰੰਗ' ਦਾ 'ਅਨੰਤ' ਨਾਲ, 'ਨਰਿੰਦ' ਦਾ 'ਅੰਤ' ਨਾਲ, 'ਨਿਰੰਕਾਰ' ਦਾ 'ਨਿਹਾਲ' ਨਾਲ, 'ਵਰਭੰਡ' ਦਾ 'ਅੰਤ' ਨਾਲ, 'ਕਾਰ' ਦਾ 'ਨਿਹਾਲ' ਨਾਲ, 'ਰੈਣ' ਦਾ 'ਦੇਣ' ਨਾਲ, 'ਰਾਇ' ਦਾ 'ਬਤਾਈ' ਨਾਲ, 'ਵਣਜਾਰੇ' ਦਾ 'ਜੀਵਾਲੇ' ਨਾਲ, 'ਗੰਭੀਰੀ' ਦਾ 'ਥਣੀ' ਨਾਲ, 'ਸੀਗਾਰ' ਦਾ 'ਤਾਲ' ਨਾਲ, 'ਸਮਾਲੀਐ' ਦਾ 'ਵਿਸਾਰੀਐ' ਨਾਲ, 'ਛਲੇ' ਦਾ 'ਸਕੈ' ਤੇ 'ਰਹੈ' ਨਾਲ, 'ਤਾਲ' ਦਾ 'ਬਜਾਰ' ਨਾਲ, 'ਖਾਤ' ਦਾ 'ਹੋਤ' ਨਾਲ, 'ਤੇਰੀ' ਦਾ 'ਬੇੜੀ' ਨਾਲ, 'ਸਲਾਮ' ਦਾ 'ਮਾਨ' ਨਾਲ, 'ਅਨੇਕ' ਦਾ 'ਵੇਸ' ਨਾਲ, 'ਅਗਾਧ' ਦਾ 'ਲਾਗ' ਨਾਲ, ਆਦਿਕ ਆਦਿਕ ।

ਨਿਪਟ ਤੁਕਾਂਤ ਮੇਲਣ ਲਈ ਹੀ ਨਹੀਂ, ਸਗੋਂ ਸ਼ਬਦਾਂ ਨੂੰ ਵਧੀਕ ਮਿਠ-ਆਵਾਜ਼ਾ ਤੇ ਰਾਗਾਤਮਿਕ ਬਣਾਉਣ ਲਈ ਉਨ੍ਹਾਂ ਦੀਆਂ ਮੂਲ-ਸੂਰਤਾਂ ਨੂੰ ਬਹੁਤ ਥਾਈਂ ਵਟਾ ਦਿਤਾ ਹੈ । 'ਰਸੀਏ' ਦਾ 'ਰਸੀਕ', ਪੀਤਾ ਦਾ ਪੀਕ, ਟਿਕਾਉ ਦਾ ਟੀਕ, (ਟਿੱਕਾ ਦਾ ਵੀ ਟੀਕ) ਫਿੱਕਾ ਦਾ ਫੀਕ, ਕੀ ਦਾ ਕੀਕ, ਇਕ ਦਾ ਈਕ, ਬਣ ਗਿਆ ਹੈ। ਵਡੇ ਦਾ ਵਡਫਾ, ਕ੍ਰਿਪਾ ਦਾ ਕ੍ਰਿਪਠਾ, 'ਤਰਦੇ ਹਨ' ਦਾ ਤਰਠਾ, 'ਕਰਦੇ ਹਨ' ਦਾ ਕਰਪਫਾ ਹੋ ਗਿਆ ਹੈ । ਭੀਜੈ, ਕਢੀਜੈ, ਦਈਜੈ, ਤਨੀਜੈ, ਦਿਖੀਜੈ, ਰਵੀਜੈ, ਕਰੀਜੈ, ਰੁਲੀਜੈ, ਭਰੀਜੈ, ਸਕੀਜੈ, ਪਖੀਜੈ, ਮਰੀਜੈ, ਸੁਵੀਜੈ, ਦ੍ਰਿੜੀਜੈ ਵਿਚੋਂ ਵਧੀਕ ਮਿਠਾਸ ਝਰਦੀ ਹੈ ਕਿ ਨਹੀਂ ? ਇਵੇਂ ਹੀ ਕੇਰੈ, ਅਨੂਪੇਰੈ, ਅਗਨੇਰੈ, ਦਰਸੇਰੈ, ਲਿਲੇਰੈ, ਚਰਨੇਰੈ, ਕਹੇਰੈ, ਕਟੇਰੈ, ਪੂਰਕੇਰੈ, ਦੂਜੇਰੇ, ਨਿਰੰਕੇਰੈ, ਟੂਲੇਰੈ, ਥਾਉਂ ਥਾਈਂ ਜੜ੍ਹੋ ਹਿਲਾਏ ਜਾ ਸਕਦੇ ਹਨ ?

ਹੇਠ ਲਿਖੇ ਕਾਫ਼ੀਆਂ ਨੂੰ ਗਹੁ ਨਾਲ ਵਿਚਾਰਿਆਂ ਪਤਾ ਲਗੇਗਾ ਕਿ ਸ਼ਬਦਾਂ ਉਤੇ ਇਨ੍ਹਾਂ ਸਾਧ ਕਵੀਆਂ ਨੇ ਕਿਵੇਂ ਅਸਵਾਰੀ ਕੀਤੀ ਹੈ :—

ਮੇਲੰਗਾ, ਖਾਟੰਗਾ, ਬਿਟੰਗਾ, ਜਰੰਗਾ; ਕਟੋਨਾ, ਵਡੋਨਾ, ਦਸੋਨਾ; ਬੈਰਾਗਰੁ, ਕਾਗੁਰ, ਤੇ ਦਾਗਰ; ਤੁਮਨਥੇ, ਦਿਖਨਥੇ, ਦਿਨਥੇ, ਬਰਨਥੇ, ਰਸੁਨਥੇ; ਸੁਨਥਈ, ਫਿਰਥਈ, ਮਥਈ, ਧਿਆਇਥਈ, ਲਗਾਥਈ, ਗਥਈ, ਭਜਥਈ; ਦੰਫਾਨ, ਕਰਮਾਨ, ਬਿਸਵਾਨ, ਬੋਝਾਨ, ਸਰਾਨ; ਮੂਰਖਾਰੇ, ਅਕ੍ਰਿਤਘਨਾਰੇ, ਖਸਮਾਰੇ, ਗੁਨੀਤਾ, ਬਨੀਤਾ; ਦੁਲਭਾਇਆ, ਸਹਸਾਇਆ, ਬਿਰਦਾਇਆ; ਪਾਗਉ, ਕਰਾਗਉ, ਹੋਮਾਗਉ, ਸੀਤਲਾਗਹੁ; ਪਸਰੀਆ, ਬਜਈਆ, ਲਗਈਆ, ਲੰਘਈਆ, ਪੜ੍ਹਈਆ, ਮਿਲਈਆ, ਪਲਰਈਆ, ਗੰਧਈਆ, ਬੂਹੀਆ, ਦ੍ਰਿੜ੍ਹੀਆ, ਚਮਈਆ, ਦਈਆ, ਪਰਈਆ, ਗਹਨਈਆ, ਫੋਕਟਈਆ, ਸਮਦਈਆ; ਗਾਵਸਿ, ਧਾਵਸਿ; ਸਮਾਰਸਿ, ਜਾਰਸਿ; ਪਾਵਸਿ, ਟਿਕਾਵਸਿ, ਲਾਵਸਿ, ਅਟਕਾਵਸ; ਸਰਨਗੇ, ਪਾਪਗੇ, ਪਵਗੇ, ਜਨਗੇ, ਤਿਨਗੇ, ਵਡਗੇ; ਲਹੰਤੀ, ਲਿਖੰਤੀ, ਭਜੰਤੀ, ਕੁਰਬਾਨੰਤੀ, ਲਹੰਤੀ, ਹੋਵੰਤੀ;

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕ੍ਰਿਪਲੇ, ਬਾਲਲੇ; ਦਲਲੇ, ਸਾਲਕਾ, ਘਾਲਕਾ, ਜਾਲਕਾ; ਆਲਕਾ, ਤਾਲਕਾ, ਅਨਾਲਕਾ, ਵਡਾਲਕਾ; ਤਾਈਜਾ, ਭਾਵੀਜਾ, ਕੀਜਾ, ਪੀਜਾ, ਭਰਮੀਜਾ, ਤੋਲੀਜਾ, ਸ੍ਰਿਸ਼ਟੀਜਾ, ਆਘੀਜਾ, ਦ੍ਰਿਸਟੀਜਾ, ਵਰਤੀਜਾ, ਦੂਜਾ, ਪੂਜਾ; ਜਾਚੰਗਨਾ, ਤੰਗਨਾ, ਭੰਗਨਾ, ਸਰਬੰਗਨਾ, ਕਿਰਪੰਗਨਾ, ਭਰਮੰਗਨਾ, ਸੰਗਨਾ; ਤੁਮਨਛੇ, ਬਨਛੇ, ਹਨਛੇ, ਕ੍ਰਿਪਛੇ, ਦਿਨਛੇ, ਤਿਨਛੇ, ਉਰਛੇ, ਮਿਲਛੇ, ਪਈਛੇ; ਗੀਧੇ, ਬਿਲੀਧੇ; ਭਾਗਨਾ, ਸਰਨਾਗਨਾ, ਚਾਂਦਨਾ; ਆਦਿਕ ਆਦਿਕ । ਇਸ ਤੋਂ ਜਾਂ ਤਾਂ ਸ਼ਬਦ ਵਧੀਕ ਸੰਗੀਤਕ ਬਣ ਗਏ ਹਨ ਜਾਂ ਉਨ੍ਹਾਂ ਦੀ ਵਿਸ਼ੇਸ਼ਤਾ ਦ੍ਰਿੜ੍ਹ ਹੋ ਗਈ ਹੈ।

ਗੁਰੂ ਗ੍ਰੰਥ ਦੀ ਕਵਿਤਾ ਵਿਚ ਇਕ ਅਨੂਠੀ ਵਿਸ਼ੇਸ਼ਤਾ ਹੈ, ਉਸ ਦੇ ਵਾਕੰਸ਼ਾਂ ਜਾਂ ਤੁਕਾਂ ਦਾ ਲੋਕਾਂ ਦੇ ਮੁਹਾਵਰੇ ਵਿਚ ਦਾਖ਼ਲ ਹੋ ਜਾਣਾ। ਕੋਈ ਹੀ ਜਿਊਂਦੇ ਜੀਵਨ ਦੀ ਘਟਨਾ, ਆਤਮਾ ਦੀ ਚਾਲ ਜਾਂ ਦਸ਼ਾ, ਕੁਦਰਤ ਦੀ ਅਨੂਪਮ ਖੇਡ ਜਾਂ ਸਮਾਜੀ ਵਿਹਾਰ-ਕਾਰ ਹੋਵੇਗਾ, ਜਿਸ ਸੰਬੰਧੀ ਸੂਤਰ-ਰੂਪ ਅਖਾਣ ਜਾਂ ਮੁਹਾਵਰੇ ਇਸ ਕਵਿਤਾ ਵਿਚੋਂ ਨਾ ਢੂੰਡੇ ਜਾ ਸਕਣ। ਪੰਜਾਬ ਦੇ ਸਭਿਆਚਾਰ ਦਾ ਉਹ ਅਨਿਖੜ ਅੰਗ ਹੀ ਤਾਂ ਬਣ ਗਏ ਹਨ ਤੇ ਆਮ ਲੋਕਾਈ, ਬਿਨਾਂ ਧਰਮ ਦੇ ਵਿਤਕਰੇ ਦੇ, ਉਨ੍ਹਾਂ ਨੂੰ ਇਵੇਂ ਦੁਹਰਾਂਦੀ ਹੈ, ਜਿਵੇਂ ਉਹੀ ਉਸਦਾ ਜੀਵਨ-ਆਧਾਰ ਹੋਣ। ਆਮ ਲੋਕਾਈ ਜੀਊਂਦੀ ਹੀ ਮੁਹਾਵਰਿਆਂ ਦੇ ਸਿਰ ਉਤੇ ਹੈ—ਏਹੀ ਉਸਦੇ ਜੀਵਨ-ਫ਼ਲਸਫ਼ੇ ਦਾ ਨਚੋੜ ਹਨ, ਉਸ ਨੂੰ ਕੀ ਪਰਮ-ਤਤ ਤੇ ਕੀ ਜੀਵਨ ਖੇਡ ਲਈ ਸਾਰੀ ਪ੍ਰੇਰਨਾ ਏਥੋਂ ਹੀ ਮਿਲਦੀ ਹੈ। ਇਨ੍ਹਾਂ ਅਖਾਣਾਂ ਦੀ ਜਿਥੇ ਬੋਲੀ ਸਾਧਾਰਨ ਤੇ ਤੋਲ ਸਹਿਜੇ ਹੀ ਮੂੰਹ ਚੜ੍ਹ ਜਾਣ ਵਾਲਾ ਹੈ, ਉਥੇ ਇਹ ਕਿਸੇ ਵਿਸ਼ੇਸ਼ ਸੰਪ੍ਰਦਾਇਕ ਸਿਖਿਆ ਨਾਲ ਅਟੁਟ ਨਹੀਂ ਬਧੇ ਤੇ ਸਾਰਾ ਸੰਸਾਰ ਇਨ੍ਹਾਂ ਤੋਂ ਇਕ ਸਮਾਨ ਪ੍ਰੇਰਨਾ ਲੈ ਸਕਦਾ ਹੈ। ਹੇਠ ਲਿਖੀਆਂ ਉਦਾਹਰਨਾਂ ਵਿਚੋਂ ਸਾਡੇ ਕਥਨ ਦੀ ਪੁਸ਼ਟੀ ਲਭੀ ਜਾ ਸਕਦੀ ਹੈ :—

੧. ਜੋ ਸਚਿ ਰਤੇ ਤਿਨ ਸਚੋ ਭਾਵੈ।
੨. ਨਿਰਗੁਣ ਸਰਗੁਣੁ ਆਪੇ ਸੋਈ।
੩. ਸਚੈ ਮਾਰਗਿ ਚਲਦਿਆ, ਉਸਤਤਿ ਕਰੇ ਜਹਾਨ।
੪. ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ।
੫. ਸਤਿਗੁਰ ਸੇਵਹਿ ਘਰ ਮਾਹਿ ਉਦਾਸਾ।
੬. ਨਾਨਕ ਜਗੁ ਧੂਏ ਕਾ ਧਵਲਹਰ।
੭. ਕੈਹਾ ਕੰਚਨ ਤੁਟੈ ਸਾਰ।
੮. ਮਛੀ ਤਾਰੂ ਕਿਆ ਕਰੇ, ਪੰਛੀ ਕਿਆ ਆਕਾਸ।
੯. ਜਾਂ ਪੱਕਾ ਤਾਂ ਕਟਿਆ, ਰਹੀ ਸੁ ਪਲਰਿ ਵਾੜਿ।
੧੦. ਜੇ ਜੀਵੈ ਪਤਿ ਲਥੀ ਜਾਇ। ਸਭੁ ਹਰਾਮੁ ਜੇਤਾ ਕਿਛੁ ਖਾਇ।
੧੧. ਹੱਕ ਪਰਾਇਆ ਨਾਨਕਾ, ਉਸ ਸੂਅਰ ਉਸ ਗਾਇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੧੨. ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ।

੧੩. ਪੜਿਆ ਮੂਰਖ ਆਖੀਐ, ਜਿਸੁ, ਲਬੁ, ਲੋਭੁ, ਅਹੰਕਾਰਾ ।

੧੪. ਰਾਹ ਦੋਵੈ ਇਕ ਜਾਣੈ ਸੋਈ ਸਿੱਝਸੀ ।

੧੫. ਪੁਤੀ ਗੰਢ ਪਵੈ ਸੰਸਾਰ ।

੧੬. ਤਤੁ ਪਛਾਣੈ ਸੋ ਪੰਡਤ ਹੋਈ ।

੧੭. ਜੇਹਾ ਬੀਜੈ ਸੋ ਲੁਣੈ, ਕਰਮਾ ਸੰਦੜਾ ਖੇਤ ।

੧੮. ਕੀਤਾ ਕਿਛੂ ਨ ਹੋਵਈ, ਲਿਖਿਆ ਧੁਰਿ ਸੰਜੋਗ ।

੧੯. ਜੇਹਾ ਬੀਜੈ ਸੋ ਲੁਣੈ, ਮਥੈ ਜੋ ਲਿਖਿਆਸ ।

੨੦. ਮਾਣਕ ਮੋਤੀ ਨਾਮੁ ਪ੍ਰਭੁ, ਉਨ ਲਗੈ ਨਾਹੀ ਸੰਨ੍ਹਿ ।

੨੧. ਸਹਸਾ ਇਹ ਸੰਸਾਰੁ ਹੈ, ਮਰਿ ਜੰਮੈ ਆਇਆ ਜਾਇਆ ।

੨੨. ਮਾਰਣ ਪਾਹਿ ਹਰਾਮ ਮਹਿ, ਹੋਇ ਹਲਾਲ ਨ ਜਾਇ ।

੨੩. ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖ ਐਸਾ ਜਾਣੀਐ ।

੨੪. ਦਾਤ ਪਿਆਰੀ, ਵਿਸਰਿਆ ਦਾਤਾਰ ।

੨੫. ਭਗਤਾ ਤੈ ਸੈਸਾਰੀਆ, ਜੋੜੁ ਕਦੇ ਨ ਆਇਆ ।

੨੬. ਸੇਈ ਪੂਰੇ ਸਾਹੁ, ਵਖਤੈ ਉਪਰਿ ਲੜਿ ਮੁਇ ।

੨੭. ਜੇ ਹੋਵੈ ਨਦਰਿ ਸਰਾਫ਼ ਕੀ, ਬਹੁੜ ਨ ਪਾਈਐ ਤਾਉ ।

੨੮. ਆਖਣ ਆਖਿ ਨ ਰੱਜਿਆ, ਸੁਨਣਿ ਨ ਰਜੇ ਕੰਨ ।

੨੯. ਪੜਿਐ ਨਾਹੀ ਭੇਦ, ਬੁਝੀਐ ਪਾਵਣਾ ।

੩੦. ਸਰ ਸੰਧੈ ਆਗਾਸ ਕਉ ਕਿਉ ਪਹੁਚੈ ਬਾਣੁ ।

੩੧. ਵਾਟ ਨ ਕਰਈ ਮਾਮਲਾ, ਜਾਣੈ ਮਿਹਮਾਣੁ ।

੩੨. ਹੰਸ, ਹੇਤ, ਲੋਭ, ਕੋਪ, ਚਾਰੇ ਨਦੀਆਂ ਅੱਗਿ ।

੩੩. ਜਿਤ ਘਟਿ ਸਚੁ ਨ ਪਾਇ ਸੁ ਭੰਨਿ ਘੜਾਈਐ ।

੩੪. ਜਿਸਕਾ ਗ੍ਰਿਹਿ, ਤਿਨਿ ਦੀਆ ਤਾਲਾ ।

੩੫. ਮਰਣਹਾਰੁ ਇਹੁ ਜੀਅਰਾ ਨਾਹੀ ।

੩੬. ਕਾਠ ਕੀ ਪੁਤਰੀ, ਕਹਾ ਕਰੈ ਬਪੁਰੀ, ਖਿਲਾਵਨਹਾਰੋ ਜਾਨੈ ।

੩੭. ਪੂਰਬ ਕਰਮ ਅੰਕੁਰ ਜਬ ਪ੍ਰਗਟੇ,
ਭੇਟਿਓ ਪੁਰਖ ਰਸਿਕ ਬੈਰਾਗੀ ।

੩੮. ਊਂਧੈ ਭਾਂਡੈ ਟਿਕੈ ਨ ਕੋਇ ।

੩੯. ਭੂਖੈ ਪ੍ਰੀਤਿ ਹੋਵੈ ਅੰਨ ਖਾਇ ।

੪੦. ਬਿਸੀਅਰ ਕਉ ਬਹੁ ਦੂਧੁ ਪੀਆਈਐ,
ਬਿਖੁ ਨਿਕਸੈ ਫੋਲ ਫੁਲੀਠਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੪੧. ਕਾਮਨਿ ਪ੍ਰੀਤਿ ਜਾ ਪਿਰੁ ਘਰਿ ਆਵੈ ।

੪੨. ਚਕਵੀ ਪ੍ਰੀਤਿ ਸੂਰਜੁ ਮੁਖਿ ਲਾਗੈ ।

੪੩. ਸਾਰਿੰਗ ਪ੍ਰੀਤਿ ਬਸੈ ਜਲ ਧਾਰਾ ।

੪੪. ਨਰਪਤਿ ਪ੍ਰੀਤਿ ਮਾਇਆ ਦੇਖਿ ਪਸਾਰਾ ।

੪੫. ਮਾਰੂ ਮੀਹ ਨ ਤ੍ਰਿਪਤਿਆ, ਅੱਗੀ ਲਹੈ ਨ ਭੁੱਖ ।

੪੬. ਰਾਜਾ ਰਾਜਿ ਨ ਤ੍ਰਿਪਤਿਆ, ਸਾਇਰ ਭਰੇ ਕਿ ਸੁੱਕ ।

੪੭. ਸੁਖ ਦੁਖੁ ਦੁਇ ਦਰਿ ਕਪੜੇ, ਪਹਿਰਹਿ ਜਾਇ ਮਨੁੱਖ ।

੪੮. ਜਿਥੈ ਬੋਲਣ ਹਾਰੀਐ, ਤਿਥੈ ਚੰਗੀ ਚੁੱਪ ।

੪੯. ਸਿਰਿ ਧਰਿ ਚਲੀਐ, ਸਹੀਐ ਭਾਰੁ ।

੫੦. ਅੱਗੀ ਪਾਲਾ ਕਿ ਕਰੇ, ਸੂਰਜ ਕੇਹੀ ਰਾਤ ।

੫੧. ਦੇਹੀ ਮਾਟੀ, ਬੋਲੈ ਪਉਣੁ ।
ਬੂਝੁ ਰੇ ਗਿਆਨੀ, ਮੂਆ ਹੈ ਕਉਣੁ ?

੫੨. ਨਾਨਕ ਮਨਮੁਖਿ ਬੋਲਣੁ ਵਾਉ ।

੫੩. ਨਾਲਿ ਕਿਰਾੜਾ ਦੋਸਤੀ, ਕੂੜੈ ਕੂੜੀ ਪਾਇ ।

੫੪. ਰਤੇ ਸੇਈ ਜਿ ਮੁਖੁ ਨ ਮੋੜੰਨਿ, ਜਿਨੀ ਸਿਞਾਤਾ ਸਾਈ ।

੫੫. ਝੜਿ ਝੜਿ ਪਵਦੇ ਕਚੇ ਬਿਰਹੀ, ਜਿਨਾ ਸਾਰਿ ਨਾ ਆਈ ।

੫੬. ਉਸ ਸਾਚੇ ਦੀਬਾਨ ਮਹਿ ਪਲਾ ਨ ਪਕਰੈ ਕੋਇ ।

੫੭. ਮੁਲਾਂ ਮੁਨਾਰੇ ਕਿਆ ਚੜਹਿ, ਸਾਂਈ ਨਾ ਬਹਰਾ ਹੋਇ ।

੫੮. ਕਬੀਰ ਧਰਤੀ ਸਾਧ ਕੀ, ਤਸਕਰ ਬੈਸਹਿ ਗਾਹਿ ।

੫੯. ਕਬੀਰ ਮਨ ਜਾਨੈ ਸਭ ਬਾਤੁ ਜਾਨਤ ਹੀ ਅਉਗਨ ਕਰੈ ।

੬੦. ਓਇ ਭੀ ਚੰਦਨੁ ਹੋਇ ਰਹੇ, ਬਸੇ ਜੁ ਚੰਦਨ ਪਾਸਿ ।

੬੧. ਚੰਦਨ ਕੈ ਨਿਕਟੇ ਬਸੈ, ਬਾਂਸੁ ਸੁਗੰਧੁ ਨ ਹੋਇ ।

੬੨. ਸੰਤੁ ਮਾਖਨ ਖਾਇਆ, ਛਾਛਿ ਪੀਐ ਸੰਸਾਰੁ ।

੬੩. ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ।

੬੪. ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ ।

੬੫. ਮਾਖੀ ਚੰਦਨ ਪਰਹਰੈ, ਜਹ ਬਿਗੰਧ ਤਹ ਜਾਇ ।

੬੬. ਅੰਧੇ ਏਕ ਨ ਲਾਗਈ, ਜਿਉਂ ਬਾਂਸੁ ਬਜਾਈਐ ਫੂਕ ।

੬੭. ਪੰਡਿਤ ਪੰਡਿਤ ਜਲਿ ਮੂਏ, ਮੂਰਖ ਉਬਰੇ ਭਾਗਿ ।

੬੮. ਕਬੀਰ ਜਿਨਹੁ ਕਿਛੂ ਜਾਨਿਆ ਨਹੀ,
ਤਿਨ ਸੁਖ ਨੀਦ ਬਿਹਾਇ ।
ਹਮਹੁ ਜੁ ਬੂਝਾ ਬੂਝਨਾ, ਪੂਰੀ ਪਰੀ ਬਲਾਇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
੬੯. ਵਰਮੀ ਮਾਰੀ, ਸਾਪ ਨ ਮੂਆ ।
੭੦. ਅਲਹੁ ਏਕੁ ਮਸੀਤਿ ਬਸਤੁ ਹੈ,
ਅਵਰੁ ਮੁਲਖੁ ਕਿਸੁ ਕੇਰਾ ?
੭੧. ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ ।
੭੨. ਪਰਾਈ ਅਮਾਣ ਕਿਉ ਰਖੀਐ, ਦਿਤੀ ਹੀ ਸੁਖ ਹੋਇ ।
੭੩. ਅਕਲੀ ਸਾਹਿਬ ਸੇਵੀਐ, ਅਕਲੀ ਪਾਈਐ ਮਾਨੁ ।
੭੪. ਘਲੇ ਆਵਹਿ ਨਾਨਕਾ, ਸਦੇ ਉਠੀ ਜਾਹਿ ।
੭੫. ਓਢੈ ਬਸਤੁ ਕਾਜਰ ਮਹਿ ਪਰਿਆ,
ਬਹੁਰਿ ਬਹੁਰਿ ਫਿਰਿ ਝਾਰੈ ।
੭੬. ਇਸਤ੍ਰੀ ਰੂਪ ਚੇਰੀ ਕੀ ਨਿਆਈ,
ਸੋਭ ਨਹੀ ਬਿਨੁ ਭਰਤਾ ਰੇ ।
੭੭. ਲਬ ਅੰਧੇਰਾ ਬੰਦੀਖ਼ਾਨਾ, ਅਉਗਣੁ ਪੈਰਿ ਲੁਹਾਰੀ ।
੭੮. ਕਤ ਜਾਈਐ ਰੇ ਘਰ ਲਾਗੋ ਰੰਗ ।
੭੯. ਐਸੇ ਬਨਜ ਸਿਉ ਨਹੀ ਨ ਕਾਜੁ ।
ਜਿਹ ਘਟੈ ਮੂਲੁ, ਨਿਤ ਬਢੈ ਬਿਆਜੁ ।
੮੦. ਘਰਿ ਘਰਿ ਮੀਆਂ, ਸਭਨਾਂ ਜੀਆਂ, ਬੋਲੀ ਅਵਰ ਤੁਮਾਰੀ ।
੮੧. ਆਪੇ ਛਿੰਝ ਪਵਾਇ, ਮਲਾਖੜਾ ਰਚਿਆ ।
੮੨. ਚੂਹਾ ਖੁਡ ਨ ਮਾਵਈ, ਤਿਕਲਿ ਬੰਨੈ ਛਜ ।
੮੩. ਰੂਪੈ ਕਾਮੈ ਦੋਸਤੀ, ਭੂਖੈ ਸਾਦੈ ਗੰਢ ।
੮੪. ਕਾਲੁ ਚਲਾਏ ਬੰਨ੍ਹਿ ਕੋਇ ਨ ਰਖਸੀ ।
੮੫. ਸਾਧ ਕ੍ਰਿਪਾ ਤੇ ਸੂਕਾ ਹਰਿਆ ।
੮੬. ਇਹੁ ਮਨੁ ਆਰਸੀ, ਕੋਈ ਗੁਰਮੁਖ ਵੇਖੈ ।
੮੭. ਮੀਹੁ ਪਇਆ ਪ੍ਰਮੇਸਰਿ ਪਾਇਆ ।
੮੮. ਸਭਨਾ ਸਾਹੁਰੈ ਵੰਞਣਾ, ਸਭਿ ਮੁਕਲਾਵਣਹਾਰ ।
੮੯. ਮਨ ਪਰਦੇਸੀ ਜੇ ਥੀਐ, ਸਭ ਸਾਥ ਪਰਾਇਆ ।
੯੦. ਸਚਹੁ ਓਰੈ ਸਭੁ ਕੋ, ਉਪਰਿ ਸਚੁ ਆਚਾਰ ।
੯੧. ਭੁਲਣ ਅੰਦਰਿ ਸਭੁ ਕੋ, ਅਭੁਲੁ ਗੁਰੂ ਕਰਤਾਰ ।
੯੨. ਗੁਰੂ ਜਿਨਾ ਕਾ ਅੰਧੁਲਾ, ਚੇਲੇ ਨਾਹੀ ਠਾਉ ।
੯੩. ਸੋਈ ਮੌਲਾ, ਜਿਨਿ ਜਗੁ ਮਉਲਿਆ ।
੯੪. ਬਿਨੁ ਤੇਲੁ ਦੀਵਾ ਕਿਉ ਜਲੈ ?
੯੫. ਸੁੰਞੇ ਘਰ ਕਾ ਪਾਹੁਣਾ, ਜਿਉ ਆਇਆ, ਤਿਉ ਜਾਇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
੯੬. ਆਪਣੀ ਖੇਤੀ ਰਖਿ ਲੈ, ਕੂੰਜ ਪੜੈਗੀ ਖੇਤਿ ।
੯੭. ਜਿਸ ਹੀ ਕੀ ਸਿਰਕਾਰ ਹੈ, ਤਿਸਹੀ ਕਾ ਸਭੁ ਕੋਇ ।
੯੮. ਵਿਚਿ ਦੁਨੀਆ ਸੇਵ ਕਮਾਈਐ ।
ਤਾ ਦਰਗਹ ਬੈਸਣ ਪਾਈਐ ।
੯੯. ਆਪਿ ਬੀਜਿ ਆਪੇ ਹੀ ਖਾਇ ।
੧੦੦. ਮਰਣੈ ਕੀ ਚਿੰਤਾ ਨਹੀਂ, ਜੀਵਣ ਕੀ ਨਹੀ ਆਸ ।
੧੦੧. ਤੂੰ ਦਰਿਆਉ ਦਾਨਾ ਬੀਨਾ, ਮੈ ਮਛੁਲੀ ਕੈਸੇ ਅੰਤ ਲਹਾ ?
੧੦੨. ਸੋ ਡਰੈ ਜੋ ਪਾਪ ਕਮਾਇਦਾ, ਧਰਮੀ ਵਿਗਸੇਤ ।
੧੦੩. ਜਿਸ ਪਿੰਜਰ ਮਹਿ ਬਿਰਹਾ ਨਹੀਂ ਸੋ ਪਿੰਜਰੁ ਲੈ ਜਾਰਿ ।
੧੦੪. ਸੋਚੈ ਸੋਚਿ ਨਾ ਹੋਵਈ, ਜੇ ਸੋਚੀ ਲਖ ਵਾਰ ।
੧੦੫. ਜੋਰ ਨ ਜੁਗਤੀ ਛੁਟੈ ਸੰਸਾਰ ।
੧੦੬. ਲੇਖੈ ਬੋਲਣੁ ਬੋਲਣਾ, ਲੇਖੈ ਖਾਣਾ ਖਾਉ ।
੧੦੭. ਕਰਮੀ ਆਵਹਿ ਕਪੜਾ, ਨਦਰੀ ਮੋਖ ਦੁਆਰ ।
੧੦੮. ਮਨ ਜੀਤੈ ਜਗ ਜੀਤ ।
੧੦੯. ਕਿਆ ਜੰਗਲ ਢੂਢੀ ਜਾਇ ਮੈ ਘਰਿ ਬਨੁ ਹਰਿਆਵਲਾ ।
੧੧੦. ਪਾਪ ਕਮਾਵਦਿਆ ਤੇਰਾ ਕੋਈ ਨ ਬੇਲੀ ਰਾਮ ।
੧੧੧. ਕੁੰਭੇ ਬਧਾ ਜਲੁ ਰਹੈ, ਜਲ ਬਿਨੁ ਕੁੰਭੁ ਨ ਹੋਇ ।
੧੧੨. ਧਰਿ ਤਾਰਾਜੂ ਤੋਲੀਐ, ਨਿਵੈ ਸੁ ਗਉਰਾ ਹੋਇ ।
੧੧੩. ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ ।
੧੧੪. ਸਾਹਿਬ ਸੇਤੀ ਹੁਕਮ ਨ ਚਲੈ, ਕਹੀ ਬਣੈ ਅਰਦਾਸ ।
੧੧੫. ਇਹ ਕਨੇਹੀ ਆਸਕੀ, ਦੂਜੇ ਲਗੇ ਜਾਇ ?
੧੧੬. ਖਾਣਾ ਪੀਣਾ ਪਵਿਤੁ ਹੈ, ਦਿਤੋਨੁ ਰਿਜਕੁ ਸੰਬਾਹਿ ।
੧੧੭. ਪਹਿਲਾ ਪਾਣੀ ਜੀਉ ਹੈ, ਜਿਤੁ ਹਰਿਆ ਸਭੁ ਕੋਇ ।
੧੧੮. ਸਲਾਮ ਜਬਾਬ ਦੋਵੇਂ ਕਰੈ, ਮੁਢੋ ਘੁਥਾ ਜਾਇ ।
੧੧੯. ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ।
੧੨੦. ਸੀਸ ਨਿਵਾਇ ਕਿਆ ਥੀਐ ਜਾ ਰਿਦੈ ਕਸੁਧੇ ਜਾਹਿ ।
੧੨੧. ਆਸਕ ਇਹ ਨਾ ਆਖੀਐ ਜੋ ਲੇਖੈ ਵਰਤੈ ਸੋਇ ।
੧੨੨. ਹਉਮੈ ਦੀਰਘ ਰੋਗੁ ਹੈ, ਦਾਰੂ ਭੀ ਇਸ ਮਾਹਿ ।
੧੨੩. ਕੂੜੁ ਰਾਜਾ, ਕੂੜੁ ਪਰਜਾ, ਕੂੜੁ ਸਭ ਸੰਸਾਰ ।
੧੨੪. ਇਹੁ ਜਗੁ ਸਚੈ ਕੀ ਹੈ ਕੋਠੜੀ, ਸਚੇ ਕਾ ਵਿਚਿ ਵਾਸੁ ।
੧੨੫. ਰੋਟੀਆ ਕਾਰਨ ਪੂਰਹਿ ਤਾਲ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
੧੨੬. ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ ।
੧੨੭. ਦੁਖ ਦਾਰੂ, ਸੁਖ ਰੋਗ ਭਇਆ ।
੧੨੮. ਨਦੀਆ ਵਾਹੁ ਵਿਛੁੰਨਿਆ, ਮੇਲਾ ਸੰਜੋਗੀ ਰਾਮ ।
੧੨੯. ਜੋ ਮੈ ਕੀਆ ਸੋ ਮੈ ਪਾਇਆ,
ਦੋਸ ਨ ਦੀਜੈ ਅਵਰ ਜਨਾ ।
੧੩੦. ਦਦੈ ਦੋਸ ਨ ਦੇਊ ਕਿਸੈ, ਦੋਸੁ ਕਰਮਾ ਆਪਣਿਆ ।
੧੩੧. ਮਨ ਤੂੰ ਜੋਤਿ ਸਰੂਪ ਹੈ, ਅਪਣਾ ਮੂਲੁ ਪਛਾਣੁ ।
੧੩੨. ਟੂਟੀ ਤੰਤੁ ਨ ਬਜੈ ਰਬਾਬੁ ।
੧੩੩. ਪਾਤੀ ਤੋਰੈ ਮਾਲਿਨੀ, ਪਾਤੀ ਪਾਤੀ ਜੀਉ ।
੧੩੪. ਸੁੰਨਤਿ ਕੀਏ ਤੁਰਕ ਜੇ ਹੋਇਗਾ,
ਅਉਰਤ ਕਾ ਕਿਆ ਕਰੀਐ ?
੧੩੫. ਕੋਟਿ ਮਧੇ ਕੋ ਵਿਰਲਾ ਸੇਵਕ, ਹੋਰਿ ਸਗਲੇ ਬਿਉਹਾਰੀ ।
੧੩੬. ਮਾਇਆ ਹੋਈ ਨਾਗਨੀ, ਜਗਤਿ ਰਹੀ ਲਪਟਾਇ ।
੧੩੭. ਮਨਮੁਖ ਊਧਾ ਕਉਲੁ ਹੈ ।
੧੩੮. ਪ੍ਰੇਮ ਪਟੋਲਾ ਤੈ ਸਹਿ ਦਿਤਾ, ਢਕਣ ਕੂ ਪਤਿ ਮੇਰੀ ।
੧੩੯. ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ।
੧੪੦. ਕੜਛੀਆ ਫਿਰੰਨਿ ਸੁਆਉ ਨ ਜਾਣਨਿ ਸੁੰਞੀਆਂ ।
੧੪੧. ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੈਂਡਕੁ ਨਾਵੈ ।
੧੪੨. ਮਨੋ ਕਠੋਰ, ਮਰੈ ਬਾਨਾਰਸ, ਨਰਕ ਨਾ ਬਾਂਛਿਆ ਜਾਈ ।
ਹਰਿ ਕਾ ਸੰਤ ਮਰੈ ਹਾੜੰਬੇ, ਸਗਲੀ ਸੈਨ ਤਰਾਈ ।
੧੪੩. ਹੁਕਮ ਕਰੈ ਮੂਰਖ ਗਾਵਾਰ ।
੧੪੪. ਕਿਤੀ ਇਤੁ ਦਰਿਆਇ, ਵੰਞਨਿ ਵਹਦਿਆ ।
੧੪੫. ਦੂਧ ਬਿਨੁ ਧੇਨੁ, ਪੰਖ ਬਿਨੁ ਪੰਖੀ,
ਜਲ ਬਿਨੁ ਉਤਭੁਜ ਕਾਮਿ ਨਹੀ ।
੧੪੬. ਸੂਰਜ ਏਕੋ ਰੁਤਿ ਅਨੇਕ ।
੧੪੭. ਵਿਦਿਆ ਵੀਚਾਰੀ ਤਾਂ ਪਰਉਪਕਾਰੀ ।
੧੪੮. ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ ।
੧੪੯. ਜੰਮਣੁ ਮਰਣਾ ਹੈ ਸੰਸਾਰੁ ।
੧੫੦. ਤੂੰ ਦਰੀਆਉ ਸਭ ਤੁਝ ਹੀ ਮਾਹਿ ।
੧੫੧. ਦਿਨ ਤੇ ਸਰਪਰ ਪਉਸੀ ਰਾਤਿ ।
੧੫੨. ਰੈਣਿ ਗਈ ਫਿਰਿ ਹੋਇ ਪਰਭਾਤਿ ।

CC-0. In Public Domain. Gurukul Kangri Collection, Haridwar

੧੫੩. [illegible] ।
Digitized by Arya Samaj Foundation Chennai and eGangotri

੧੫੪. ਉਘਰਿ ਗਇਆ ਜੈਸਾ ਖੋਟਾ ਢਬੂਆ,
ਨਦਰਿ ਸਰਾਫ਼ਾ ਆਇਆ ।

੧੫੫. ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ,
ਕੋਈ ਹਰਿਆ ਬੂਟੁ ਰਹਿਓ ਰੀ ।

੧੫੬. ਲੋਗਨ ਸਿਉ ਮੇਰਾ ਠਾਠਾ ਬਾਗਾ ।

੧੫੭. ਪੋਖਰੁ ਨੀਰ ਵਿਰੋਲੀਐ, ਮਾਖਨੁ ਨਹੀ ਰੀਸੈ ।

੧੫੮. ਆਪੁ ਨ ਚੀਨੈ, ਬਾਜੀ ਹਾਰੀ ।

੧੫੯. ਆਪਸ ਕਉ ਜੋ ਜਾਣੈ ਨੀਚਾ ।
ਸੋਊ ਗਨੀਐ ਸਭ ਤੇ ਊਚਾ ।

੧੬੦. ਗਲ ਪਾਥਰ ਕੈਸੇ ਤਰੈ ਅਥਾਹ ।

੧੬੧. ਬਟਾਊ ਸਿਉ ਜੋ ਲਾਵੈ ਨੇਹ ।
ਤਾਕੈ ਹਾਥਿ ਨ ਆਵਹ ਕੇਹ ।

੧੬੨. ਚੰਦਨ ਲੇਪੁ ਉਤਾਰੈ ਧੋਇ ।
ਗਰਧਪ ਪ੍ਰੀਤਿ ਭਸਮ ਸੰਗਿ ਹੋਇ ।

੧੬੩. ਜਿਨਾ ਅੰਦਰਿ ਉਮਥਲਿ, ਸੇਈ ਜਾਣਨਿ ਸੂਲੀਆ ।

੧੬੪. ਪੇਡੁ ਮੁੰਢਾਹੂ ਕੱਟਿਆ, ਤਿਸੁ ਡਾਲ ਸੁਕੰਦੇ ।

੧੬੫. ਵੇਮੁਖ ਹੋਏ ਰਾਮ ਤੇ ਜਿਉ ਤਸਕਰ ਉਪਰਿ ਸੂਲਿ ।

੧੬੬. ਵਾਊ ਸੰਦੇ ਕਪੜੇ ਪਹਰਹਿ ਗਰਬ ਗਵਾਰ ।

੧੬੭. ਦਾਮਨੀ ਚਮਤਕਾਰ ਤਿਉ ਵਰਤਾਰਾ ਜਗ ਖੇ ।

੧੬੮. ਮਾਇਆਧਾਰੀ ਅਤਿ ਅੰਨ ਬੋਲਾ ।

੧੬੯. ਹੰਸਾ ਸੇਤੀ ਚਿਤ ਉਲਾਸਹਿ, ਕੁਕੜ ਦੀ ਓਡਾਰੀ ।

੧੭੦. ਜੇਵੇਹੇ ਕਰਮ ਕਮਾਂਵਦਾ, ਤੇਵੇਹੇ ਫਲਤੇ ।

੧੭੧. ਹਮਰੇ ਕਪਰੇ ਨਿੰਦਕੁ ਧੋਇ ।

੧੭੨. ਜੀਵਤ ਪਿਤਰ ਨ ਮਾਨੈ ਕੋਊ, ਮੂਏ ਸਰਾਧ ਕਰਾਈ ।

੧੭੩. ਕਹੁ ਕਬੀਰ ਗੂੰਗੈ ਗੁੜੁ ਖਾਇਆ,
ਪੂਛੇ ਤੇ ਕਿਹਾ ਕਹੀਐ ।

੧੭੪. ਹਰੀ ਅੰਗੂਰੀ ਗਦਹਾ ਚਰੈ ।
ਨਿਤ ਉਠਿ ਹਾਸੈ, ਹੀਗੈ, ਮਰੈ ।

੧੭੫. ਨਗਨ ਫਿਰਤ ਜੋ ਪਾਈਐ ਜੋਗੁ ।
ਬਨ ਕਾ ਮਿਰਗੁ ਮੁਕਤਿ ਸਭੁ ਹੋਗੁ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੧੭੬. ਮੂਡ ਮੁੰਡਾਏ ਜੋ ਸਿਧਿ ਪਾਈ ।
ਮੁਕਤੀ ਭੇਡ ਨ ਗਈਆ ਕਾਈ ।

੧੭੭. ਬਿੰਦੁ ਰਾਖਿ ਜੋ ਤਰੀਐ ਭਾਈ ।
ਖੁਸਰੈ ਕਿਉ ਨ ਪਰਮਗਤਿ ਪਾਈ ।

੧੭੮. ਜਉ ਲਉ ਪੋਟ ਉਠਾਈ ਚਲਿਅਉ,
ਤਉ ਲਉ ਡਾਨ ਭਰੇ ।

੧੭੯. ਮਨੁ ਕੁੰਚਰ, ਕਾਇਆ ਉਦਿਆਨੈ ।

੧੮੦. ਪੇਖੰਦੜੋ ਕੀ ਭੁਲ, ਤੁੰਮਾ ਦਿਸਮੁ ਸੋਹਣਾ ।

੧੮੧. ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ।

੧੮੨, ਬਾਦਲ ਬਿਨੁ ਬਰਖਾ ਹੋਈ ।
ਜਉ ਤਤੁ ਬਿਚਾਰੈ ਕੋਈ ।

੧੮੩. ਚੋਰ ਕੀ ਹਾਮਾ ਭਰੇ ਨ ਕੋਇ ।

੧੮੪ ਧਨੁ ਜੋਬਨ ਆਕ ਕੀ ਛਾਇਆ ।

੧੮੫. ਗਰੀਬੀ ਗਦਾ ਹਮਾਰੀ ।

੧੮੬. ਖੰਨਲੀ ਧੋਤੀ ਉਜਲੀ ਨ ਹੋਵਈ, ਜੇ ਸਉ ਧੋਵਣ ਪਾਹੁ ।

੧੮੭. ਸਾਹਿਬ ਮੇਰਾ ਨੀਤ ਨਵਾਂ, ਸਦਾ ਸਦਾ ਦਾਤਾਰ ।

੧੮੮. ਭੂਖੇ ਭਗਤਿ ਨ ਕੀਜੈ ।
ਯਹ ਮਾਲਾ ਅਪਨੀ ਲੀਜੈ ।

੧੮੯. ਬੰਨਿ ਬਕਰੀ, ਸੀਹੁ ਹਢਾਇਆ ।

੧੯੦. ਆਪੇ ਜੰਤੀ ਜੰਤੁ ਹੈ ਪਿਆਰਾ
ਜਨ ਨਾਨਕ ਵਜਹਿ ਵਜਾਇਆ ।

੧੯੧. ਸਗਲ ਬਨਸਪਤਿ ਮਹਿ ਬੈਸੰਤਰੁ,
ਸਗਲ ਦੂਧ ਮਹਿ ਘੀਆ ।

੧੯੨. ਮ੍ਰਿਗ ਤ੍ਰਿਸਨਾ ਅਰ ਸੁਪਨ ਮਨੋਰਥ,
ਤਾਕੀ ਕਛੁ ਨ ਵਡਾਈ ।

੧੯੩. ਜਿਥੈ ਜਾਇ ਬਹੀਐ ਭਲਾ ਕਹੀਐ ।

੧੯੪. ਮਨਮੁਖਾ ਨਾਲੋ ਤੁਟੀਆ ਭਲੀ
ਜਿਨਾ ਮਾਇਆ ਮੋਹਿ ਪਿਆਰੁ ।

੧੯੫. ਨਾਨਕ ਸੋ ਪ੍ਰਭੁ ਸਿਮਰੀਐ, ਤਿਸੁ ਦੇਹੀ ਕਉ ਪਾਲਿ ।

੧੯੬. ਨਾਨਕ ਸੇ ਅਖੜੀਆਂ ਬਿਅੰਨ, ਜਿਨੀ ਡਿਸੰਦੋ ਮਾਪਿਰੀ ।

੧੯੭. ਏਥੈ ਜਾਣੈ ਸੁ ਜਾਇ ਸਿਞਾਣੈ, ਹੋਰੁ ਫਕੜੁ ਹਿੰਦੂ ਮੁਸਲਮਾਣੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
੧੯੮. ਸਭਨਾ ਕਾ ਦਰਿ ਲੇਖਾ ਹੋਇ ।
ਕਰਣੀ ਬਾਝਹੁ ਤਰੈ ਨ ਕੋਇ ।
੧੯੯. ਸਚੁ ਪੁਰਾਣਾ ਹੋਵੈ ਨਾਹੀ, ਸੀਤਾ ਕਦੇ ਨ ਪਾਟੈ ।
੨੦੦. ਨਾਨਕ ਇਹ ਜੀਉ ਮਛਲੀ, ਝੀਵਰ ਤ੍ਰਿਸਨਾ ਕਾਲੁ ।
੨੦੧. ਨਾਨਕ ਚਿੰਤਾ ਮਤਿ ਕਰਹੁ, ਚਿੰਤਾ ਤਿਸ ਹੀ ਹੇਇ ।
੨੦੨. ਕਾਹੇ ਰੇ ਮਨ ਚਿਤਵਹ ਉਦਮੁ
ਜਾ ਆਹਰ ਹਰ ਜੀਉ ਪਰਿਆ ।
੨੦੩. ਨਾਨਕ ਦੁਖੀਆ ਸਭੁ ਸੰਸਾਰੁ ।
੨੦੪. ਮਾਟੀ ਕਾ ਕਿਆ ਧੋਪੈ ਸੁਆਮੀ ?
੨੦੫. ਕਾਇਆ ਨਗਰੀ, ਇਹ ਮਨੁ ਰਾਜਾ,
ਪੰਚ ਵਸਹਿ ਵੀਚਾਰੀ ।
੨੦੬. ਐਸਾ ਕੰਮ ਮੂਲੇ ਨ ਕੀਚੈ ਜਿਤ ਅੰਤਿ ਪਛੋਤਾਈਐ ।
੨੦੭. ਕਾਮੁ ਕ੍ਰੋਧੁ ਕਾਇਆ ਕਉ ਗਾਲੈ
ਜਿਉ ਕੰਚਨ ਸੋਹਾਗਾ ਢਾਲੈ ।
੨੦੮. ਪਾਪ ਬੁਰਾ, ਪਾਪੀ ਕਉ ਪਿਆਰਾ ।
੨੦੯. ਠਾਕੁਰ ਹਾਥਿ ਵਡਾਈਆ ਜੈ ਭਾਵੈ ਤੈ ਦੇਇ ।
੨੧੦. ਤੂਟੀ ਤੰਤ ਰਬਾਬ ਕੀ, ਵਾਜੈ ਨਹੀ ਵਿਜੋਗ ।
੨੧੧. ਸੂਰਜ ਕਿਰਨਿ ਮਿਲੇ, ਜਲਿ ਕਾ ਜਲੁ ਹੂਆ ਰਾਮ ।
੨੧੨. ਆਕਾਸਿ ਗਗਨੁ ਪਾਤਾਲਿ ਗਗਨੁ ਹੈ,
ਚਹੁ ਦਿਸਿ ਗਗਨੁ ਰਹਾਇਲੇ ।
੨੧੩. ਕਹੁ ਕਬੀਰ ਛੂਛਾ ਘਟੁ ਬੋਲੈ ।
ਭਰਿਆ ਹੋਇ ਸੁ ਕਬਹੁ ਨ ਡੋਲੈ ।
੨੧੪. ਬੀਓ ਪੂਛਿ ਨ ਮਸਲਤਿ ਧਰੈ ।
ਜੋ ਕਿਛੁ ਕਰੈ ਸੁ ਆਪਹਿ ਕਰੈ ।
੨੧੫. ਜਪੀਐ ਨਾਮੁ ਅੰਨ ਕੈ ਸਾਦਿ ।
੨੧੬. ਸੂਹੈ ਵੇਸਿ ਦੋਹਾਗਣੀ ਪਰ ਪਿਰੁ ਰਾਵਣ ਜਾਇ ।
੨੧੭. ਜਿਸ ਕਾ ਕਾਰਜੁ ਤਿਨਹੀ ਕੀਆ
ਮਾਣਸੁ ਕਿਆ ਵੇਚਾਰਾ ਰਾਮ ।
੨੧੮. ਜੋ ਪਾਵੈ ਭਾਂਡੈ ਵਿਚ ਵਸਤ ਸਾ ਨਿਕਲੈ,
ਕਿਆ ਕੋਈ ਕਰੈ ਵੇਚਾਰਾ ਰਾਮ ।
੨੧੯. ਬੱਧਾ ਚੱਟੀ ਜੋ ਭਰੇ, ਨਾ ਗੁਣੁ, ਨਾ ਉਪਕਾਰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੨੨੦. ਸਹਸ ਘਟਾ ਮੈ ਏਕੁ ਆਕਾਸੁ ।
ਘਟ ਫੂਟੇ ਤੇ ਓਹੀ ਪ੍ਰਗਾਸੁ ।

੨੨੧. ਬੀਜ ਬੀਜਿ ਦੇਖਿਓ ਬਹੁ ਪਰਕਾਰਾ ।
ਫਲ ਪਾਕੇ ਤਉ ਏਕੰਕਾਰਾ ।

੨੨੨. ਹਮ ਨਹੀ ਚੰਗੇ, ਬੁਰਾ ਨਹੀ ਕੋਇ ।

੨੨੩. ਹਮਰਾ ਝਗਰਾ ਰਹਾ ਨਾ ਕੋਊ ।
ਪੰਡਤ ਮੁਲਾਂ ਛਾਡੇ ਦੋਊ ।

੨੨੪. ਫਿਟੁ ਇਵੇਹਾ ਜੀਵਿਆ, ਜਿਤੁ ਖਾਇ ਵਧਾਇਆ ਪੇਟੁ ।

੨੨੫. ਨਾਨਕ ਤਿਨਾ ਬਸੰਤ ਹੈ, ਜਿਨ ਘਰਿ ਵਸਿਆ ਕੰਤੁ ।

੨੨੬. ਥਰਹਰ ਕੰਪੈ ਬਾਲਾ ਜੀਉ ।
ਨਾ ਜਾਨਉ ਕਿਆ ਕਰਸੀ ਪੀਉ ।

੨੨੭. ਖਰ ਕਾ ਪੈਖਰੁ ਤਉ ਛੁਟੈ, ਜਉ ਊਪਰ ਲਾਦਾ ।

੨੨੮. ਜਗੁ ਕਊਆ ਮੁਖਿ ਚੁੰਚ ਗਿਆਨ ।

੨੨੯. ਜੈਸੇ ਗੋਇਲ ਗੋਇਲੀ, ਤੈਸੇ ਸੰਸਾਰਾ ।

੨੩੦. ਏਕ ਬੂੰਦ ਕੇ ਕਾਰਨੇ ਚਾਤ੍ਰਿਕੁ ਬਿਲਲਾਵੈ ।
ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ ।

੨੩੧. ਜਿਤੁ ਦੁਆਰੈ ਉਬਰੈ, ਤਿਤੈ ਲੈਹੁ ਉਬਾਰਿ ।

੨੩੨. ਮਨਮੁਖਾ ਕੇਰੀ ਦੋਸਤੀ, ਮਾਇਆ ਕਾ ਸਨਬੰਧੁ ।

੨੩੩. ਸਭ ਨਗਰੀ ਮਹਿ ਏਕੋ ਰਾਜਾ ।

੨੩੪. ਮਨਮੁਖ ਰੰਗੁ ਕਸੁੰਭੁ ਹੈ ਕਚੂਆ,
ਜਿਉ ਕੁਸਮ ਚਾਰਿ ਦਿਨ ਚਾਗਾ ।

੨੩੫. ਫੂਟੋ ਆਂਡਾ ਭਰਮ ਕਾ, ਮਨਹਿ ਭਇਓ ਪਰਗਾਸੁ ।

੨੩੬. ਮਨਮੁਖ ਕਉ ਆਲਸੁ ਘਣੋ, ਫਾਥੇ ਓਜਾੜੀ ।

੨੩੭. ਪਾਪ ਕਰੇਂਦੜ ਸਰਪਰ ਮੁਠੇ ।

੨੩੮. ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ।
ਜਿਸ ਗ੍ਰਿਹਿ ਥੋਰੀ ਸੋ ਫਿਰੈ ਭ੍ਰਮੰਤਾ ।

੨੩੯. ਧਰਤਿ ਉਪਾਇ ਧਰੀ ਧਰਮਸਾਲਾ ।

੨੪੦. ਤਖਤਿ ਰਾਜਾ ਸੋ ਬਹੈ, ਜਿ ਤਖਤੈ ਲਾਇਕ ਹੋਈ ।

੨੪੧. ਸੂਰਾ ਸੋ ਪਹਿਚਾਨੀਐ, ਲਰੈ ਦੀਨ ਕੇ ਹੇਤ ।

੨੪੨. ਉਦਕ ਸਮੁੰਦ ਸਲਲ ਕੀ ਸਾਖਿਆ
ਨਦੀ ਤਰੰਗ ਸਮਾਵਹਿਗੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੨੪੩. ਊਚੇ ਚੜ੍ਹਕੈ ਵੇਖਿਆ ਤਾ ਘਰ ਘਰ ਏਹਾ ਅੱਗ ।

੨੪੪. ਨਾਨਕ ਫੁਲਾਂ ਸੰਦੀ ਵਾੜਿ, ਖਿੜਿਆ ਹਭੁ ਸੰਸਾਰੁ ਜਿਉ ।

੨੪੫. ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ।

੨੪੬. ਕਢਿ ਕਸੀਦਾ ਪਹਿਰਹਿ ਚੋਲੀ, ਤਾਂ ਤੁਮ ਜਾਣਹੁ ਨਾਰੀ ।

੨੪੭. ਮਾਟੀ ਫੂਲੀ ਰੂਪੁ ਬਿਕਾਰੁ ।

੨੪੮. ਨਿਰਧਨ ਆਦਰੁ ਕੋਈ ਨ ਦੇਇ ।

੨੪੯. ਫਲ ਕਾਰਨ ਫੂਲੀ ਬਨਰਾਇ ।
ਫਲੁ ਲਾਗਾ ਤਉ ਫੂਲੁ ਬਿਲਾਇ ।

੨੫੦. ਲੋਗਨ ਰਾਮੁ ਖਿਲਉਨਾ ਜਾਨਾ ।

੨੫੧. ਜਬ ਨਾਚੀ ਤਬ ਘੂਘਟਿ ਕੈਸਾ ।

੨੫੨. ਜੋ ਜੋ ਦੀਸੈ ਸੋ ਸੋ ਰੋਗੀ ।

੨੫੩. ਨਿੰਦਕ ਕਾ ਝੂਠਾ ਬਿਉਹਾਰ ।

੨੫੪. ਬ੍ਰਹਮ ਬਿੰਦੇ ਸੋ ਬ੍ਰਾਹਮਣ ਹੋਈ ।

੨੫੫. ਨਾ ਹਮ ਹਿੰਦੂ, ਨਾ ਮੁਸਲਮਾਨ ।
ਅਲਹ ਰਾਮ ਕੇ ਪਿੰਡ ਪਰਾਨ ।

੨੫੬. ਸੋ ਮੁਖੁ ਜਲਉ ਜਿਤ ਕਹਹਿ ਠਾਕੁਰੁ ਜੋਨੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

6

ਗੁਰੂ ਗ੍ਰੰਥ ਦੀ ਕਵਿਤਾ ਵਿਚ ਸੁਹਜ-ਰਸ

'ਰਸ' ਜਿਵੇਂ ਕਿ ਪਿਛੇ ਇਸ਼ਾਰਾ ਕੀਤਾ ਗਿਆ ਹੈ, ਕਿਸੇ ਕਰਤਾਰੀ ਰਚਨਾ ਦਾ ਉਹ ਵਾਯੂ-ਮੰਡਲ ਜਾਂ ਪ੍ਰਭਾਉ ਹੈ, ਜੋ ਸੁਤੇ ਹੀ ਪੜ੍ਹਨ ਵਾਲੇ ਦੇ ਮਨ ਤੇ ਪੈਂਦਾ, ਉਸਦੀ ਦਿਲੜੀ ਨੂੰ ਪ੍ਰੇਰਦਾ, ਸੁਆਂਦਾ, ਜਗਾਂਦਾ, ਗਰਮਾਂਦਾ ਹੈ ਤੇ ਰਚਨਾ ਦੀ ਵਿਚਲੀ ਦਲੀਲ ਨੂੰ ਇਕ ਸੁਹਜ-ਕਲਾ ਵਿਚ ਵਟਾ ਘਤਦਾ ਹੈ। ਇਹ ਇਕ ਤਰ੍ਹਾਂ ਦਾ ਵਿਚਾਰ ਨੂੰ ਜਜ਼ਬੇ ਜਾਂ ਅਹਿਸਾਸ ਦੇ ਕਪੜੇ ਪੁਆਣਾ ਹੈ। ਸ਼ਬਦਾਂ, ਅਲੰਕਾਰਾਂ, ਵਾਕੰਸ਼ਾਂ ਦੀ ਪ੍ਰਭਾਵਸ਼ਾਲੀ ਤੇ ਰਾਗਾਤਮਿਕ ਚੋਣ ਤੇ ਜੜ੍ਹਤ ਨਾਲ ਕਵਿਤਾ ਦੁਆਲੇ ਇਕ ਅਜੇਹਾ ਬੇਮਲੂਮਾ ਤੇ ਅਕਹਿ ਜਿਹਾ ਪ੍ਰਭਾਉ ਖਿਲਾਰ ਦਿਤਾ ਜਾਂਦਾ ਹੈ, ਜਿਵੇਂ ਚਾਨਣੀ ਦਾ ਮਧਮ, ਸੁਤਾ, ਕਾਸ਼ਨੀ, ਠੰਢ-ਮਿਠਾ, ਚਿਟਾ ਪਰਕਾਸ਼। ਚਾਨਣੀ ਦਲੀਲ ਦੀ ਬਾਣੀ ਨਹੀਂ ਬੋਲਦੀ, ਪਰ ਕੀ ਚਾਨਣੀ ਦੀ ਬੋਲੀ ਨਹੀਂ ? ਅੱਗ ਦਾ ਦਰਿਆਉ ਕਿਸੇ ਡਿਠਾ ਨਹੀਂ, ਪਰ ਕਵੀ-ਮਨ ਇਵੇਂ ਉਸ ਨੂੰ ਸਾਡੇ ਸਾਹਮਣੇ ਖੋਲਾ ਦੇਂਦੇ ਹਨ, ਕਿ ਆਤਮਾ ਨੂੰ ਸੇਕ ਆਉਣ ਲਗ ਪੈਂਦਾ ਹੈ। ਕਿਵੇਂ ਅਸੀਂ ਅਣਹੋਣੇ ਪਰਛਾਂਵਿਆਂ ਤੋਂ ਤ੍ਰਹਿੰਦੇ, ਉਜੱਡ ਉਤੇ ਖਿੜ ਖਿੜ ਹਸਦੇ ਹਾਂ ? ਕਿਉਂ ਕਿਸੇ ਬੇ-ਸ਼ਬਦ ਰਾਗ ਦੀ ਧੁਨੀ ਨੂੰ ਸੁਣ ਕੇ ਹੀ ਸਾਡਾ ਮਨ ਯੁਧ ਲਈ ਮੱਚਦਾ, ਪਿਆਰ ਲਈ ਵਿਲਕਦਾ, ਵੈਰਾਗ ਦੇ ਘਰ ਆਇ ਡੁਸਕਦਾ ਹੈ ? ਕਵੀ ਉਹਨਾਂ ਹੀ ਧੁਨਾਂ ਵਿਚ ਸੁਝਾਊ ਸ਼ਬਦਾਂ, ਅਲੰਕਾਰਾਂ ਦੀ ਓਟ ਲੈ ਕੇ, ਜਦ ਰਚਨਾ ਰਚਦਾ ਹੈ ਤਾਂ ਇਕ ਵਿਸ਼ੇਸ਼ ਰਚਨਾ ਵਿਚੋਂ ਇਕ ਵਿਸ਼ੇਸ਼ ਤਰ੍ਹਾਂ ਦਾ 'ਰਸ' ਪ੍ਰਾਪਤ ਹੁੰਦਾ ਹੈ। ਇਥੇ ਗੁਰੂ ਗ੍ਰੰਥ ਦੀ ਮਹਾਨ ਰਚਨਾ ਵਿਚ ਗੁਧੇ ਰਸਾਂ ਦਾ ਨਿਰਣਾ ਕਰਨਾ ਹੀ ਸਾਡਾ ਮਨੋਰਥ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਿੰਦੀ ਕਵਿਤਾ ਦੇ ਵਿਗਿਆਨੀਆਂ ਨੇ ਰਸ ਨੌਂ ਮੰਨੇ ਹਨ—ਸ਼ਾਂਤ, ਸ਼ਿੰਗਾਰ, ਅਦਭੁਤ, ਰੌਦ੍ਰ, ਹਾਸਯ, ਭਯਾਨਕ, ਕਰੁਣ, ਵੀਰ, ਬੀਭਤਸ। ਇਨ੍ਹਾਂ ਵਿਚੋਂ ਕੋਈ ਹੀ ਰਸ ਅਜੇਹਾ ਹੋਵੇਗਾ, ਜੋ ਗੁਰੂ ਗ੍ਰੰਥ ਦੀ ਕਵਿਤਾ ਵਿਚੋਂ ਨਾ ਢੂੰਡਿਆ ਜਾ ਸਕੇ।

ਸ਼ਾਂਤ-ਰਸ ਨੂੰ ਹੀ ਲਓ, ਜਿਸ ਨਾਲ ਇਸ ਕਵਿਤਾ ਦਾ ਬਹੁਤਾ ਅੰਗ ਵਲ੍ਹੇਟਿਆ ਹੋਇਆ ਹੈ। ਸ਼ਾਂਤ-ਰਸ ਦੇ ਨਮੂਨੇ ਦੇਣ ਲਗਿਆਂ ਕਈ ਪਾਰਖੂ ਇਸ ਨੂੰ ਉਥੇ ਲਭਦੇ ਹਨ, ਜਿਥੇ 'ਸ਼ਾਂਤ ਪਾਈ ਗੁਰ ਸਤਿਗੁਰ ਪੂਰੇ। ਵਾਜੇ ਅਨਦ ਅਨਾਹਿਦ ਤੂਰੇ' ਆਦਿਕ ਸ਼ਬਦਾਂ ਵਿਚ ਸ਼ਾਂਤੀ ਜਾਂ ਟਿਕਾਉ ਦੇ ਵਿਚਾਰਾਂ ਦਾ ਵਰਨਣ ਹੋਵੇ, ਪਰ ਅਸਲ ਵਿਚ ਰਸ 'ਵਿਚਾਰਾਂ' ਜਾਂ ਸ਼ਬਦਾਂ ਵਿਚੋਂ ਹੀ ਇਕੱਲਿਆਂ ਇਕੱਲਿਆਂ ਨਹੀਂ ਢੂੰਡਿਆ ਜਾ ਸਕਦਾ। ਇਹ ਤਾਂ ਸ਼ਬਦਾਂ, ਵਿਚਾਰਾ ਤੋਂ ਬਿਨਾਂ ਭਾਵਾਂ (Emotions) ਨੂੰ ਰੂਪਮਾਨ ਕਰਨ ਵਾਲਾ ਉਹ ਆਤਮਕ ਪਸਾਰਾ ਹੈ, ਜਿਹੜਾ ਅਕਹਿ ਜਿਹਾ ਹੁੰਦਾ ਹੋਇਆ ਵੀ ਆਤਮਾ ਨੂੰ ਸੁਆਦ ਵਿਚ ਗੜੂੰਦ ਕਰ ਜਾਂਦਾ ਹੈ। ਕਿਸੇ ਸੁੰਦਰੀ ਦੇ ਰੂਪ ਦੀ ਜਿਹੜੀ ਆਭਾ ਹੁੰਦੀ ਹੈ, ਉਹ ਉਸਦੇ ਕਪੜੇ-ਗਹਿਣਿਆਂ, ਸਜ-ਸਜਾਵਟ, ਤੇ ਹਾਰ-ਸ਼ਿੰਗਾਰ ਵਿਚ ਹੈ ਕਿ ਉਸਦੇ ਬੋਲਦੇ, ਭਖਦੇ ਲਹੂ ਵਿਚ, ਕਿ ਸਜਰ-ਮਾਸੇ ਅੰਗਾਂ ਦੀ ਸੁਡੌਲਤਾ ਵਿਚ, ਕਿ ਉਸ ਦੇ ਚੰਚਲ ਹਾਵ-ਭਾਵ ਵਿਚ, ਕਿ ਉਸਦੀ ਅਕਹਿ ਜਿਹੀ ਚੁੰਬਕੀ ਖਿਚ ਵਿਚ। ਇਵੇਂ ਹੀ ਕਵਿਤਾ ਦਾ ਸੁਹਜ-ਰਸ ਇਨ੍ਹਾਂ ਸਭਨਾਂ (ਵਿਚਾਰ, ਸ਼ਬਦ, ਅਲੰਕਾਰ, ਰਾਗ, ਰੰਗ, ਬੂ, ਸਮਾਂ) ਨੂੰ ਆਪਣੇ ਅੰਦਰ ਸਮੋ ਕੇ ਇਕ ਸਮੁਚੀ ਖ਼ੁਸ਼ਬੂਈ ਜਿਹੀ ਬਾਹਰ ਉਛਾਲਦਾ ਹੈ, ਜਿਸ ਨੂੰ ਅਸੀਂ ਰਸ ਆਖਦੇ ਹਾਂ। ਸ਼ਾਂਤ-ਰਸ ਜਿਥੋਂ ਲਭਦਾ ਹੈ, ਉਹ ਅਜੇਹੀ ਰਚਨਾ ਹੁੰਦੀ ਹੈ, ਕਿ ਮਨ ਵਿਚ ਪੜ੍ਹਦਿਆਂ ਪੜ੍ਹਦਿਆਂ ਹੀ ਸ਼ਾਂਤੀ ਦਾ ਠੰਢਾ, ਸੁਖਾਵਾਂ, ਬੈਠਵਾਂ, ਸੁਡੌਲ, ਟਿਕਵਾਂ, ਪ੍ਰਭਾਉ ਸਿੰਜਰਿਆ ਜਾਂਦਾ ਹੈ। ਉਦਾਹਰਣ ਲਈ ਹੇਠ ਲਿਖੇ ਸ਼ਬਦਾਂ ਨੂੰ ਵਿਚਾਰੋ :—

੧. ਮੁੰਧ ਜੋਬਨਿ ਬਾਲੜੀਏ, ਮੇਰਾ ਪਿਰ ਰਲਿਆਰਾ ਰਾਮ।
ਧਨ ਪਿਰ ਨੇਹੁ ਘਣਾ, ਰਸਿ ਪ੍ਰੀਤ ਦਿਆਲਾ ਰਾਮ।
ਮੁੰਧ ਸਹਿਜ ਸਲੋਨੜੀਏ, ਇਕ ਪਰੇਮ ਬਿਨੰਤੀ ਰਾਮ।
ਮੈਂ ਮਨਿ ਤਨਿ ਹਰਿ ਭਾਵੈ, ਪ੍ਰਭ ਸੰਗਮ ਰਾਤੀ ਰਾਮ।
ਸਖੀਓ ਸਹੇਲੜੀਓ, ਮੇਰਾ ਪਿਰ ਵਣਜਾਰਾ ਰਾਮ।
ਹਰਿ ਨਾਮ ਵਣੰਜੜਿਆ, ਰਸਿ ਮੋਲਿ ਅਪਾਰਾ ਰਾਮ।
ਅਨਦੋ ਅਨਹਦ ਵਾਜੈ, ਰੁਣ ਝੁਣਕਾਰੇ ਰਾਮ।
ਮੇਰਾ ਮੰਨੋ ਮੇਰਾ ਮਨ ਰਾਤਾ, ਲਾਲ ਪਿਆਰੇ ਰਾਮ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੨. ਆਸ ਪਿਆਸੀ ਚਿਤਵਉ ਦਿਨ ਰੈਨੀ,
ਹੈ ਕੋਈ ਸੰਤ ਮਿਲਾਵੈ ਨੇਰਾ ?
ਸੇਵਾ ਕਰਉ ਦਾਸ ਦਾਸਨ ਕੀ,
ਅਨਿਕ ਭਾਂਤ ਤਿਸੁ ਕਰਉ ਨਿਹੋਰਾ ।
ਅਨਦ ਸੂਖ ਭੇਟਤ ਹਰਿ ਨਾਨਕ,
ਜਨਮੁ ਕ੍ਰਿਤਾਰਥ ਸਫ਼ਲ ਸਵੇਰਾ ।

੩. ਭੁਜਬਲ, ਬੀਰ ਬ੍ਰਹਮ, ਸੁਖ ਸਾਗਰ,
ਕਰਤ ਪਰਤ ਗਹਿ ਲੇਹੁ ਅੰਗਰੀਆ ।
ਸ੍ਰਵਨ ਨ ਸੁਰਤਿ ਨੈਨ ਸੁੰਦਰ ਨਹੀ,
ਆਰਤ ਦੁਆਰ ਰਟਤ ਪਿੰਗੁਰੀਆ ।
ਦੀਨਾ ਨਾਥ, ਅਨਾਥ, ਕਰੁਣਾ ਮੈਂ,
ਸਾਜਨ, ਮੀਤ, ਪਿਤਾ ਮਹਿਤਰੀਆ ।

੪. ਸਾਵਣਿ ਵਰਸ ਅੰਮ੍ਰਿਤਿ ਜਗੁ ਛਾਇਆ ਜੀਉ ।
ਮਨੁ ਮੋਰੁ ਕੁਹੁਕਿਅੜਾ ਸਬਦੁ ਮੁਖਿ ਪਾਇਆ ਜੀਉ ।

੫. ਹਰਿ ਤੁਠੈ ਢੂਲਿ ਢੂਲਿ ਮਿਲੀਆ ਜੀਉ ।
ਮੇਰੇ ਮਨਿ ਤਨਿ ਪ੍ਰੇਮੁ ਲਗਾ ਹਰਿ ਢੋਲੇ ਜੀਉ ।

੬. ਹਰਿ ਅੰਮ੍ਰਿਤ ਭਿੰਨੇ ਲੋਇਣਾ, ਮਨੁ ਪ੍ਰੇਮਿ ਰਤੰਨਾ ਰਾਮ ਰਾਜੇ ।
ਮਨੁ ਰਾਮਿ ਕਸਵਟੀ ਲਾਇਆ, ਕੰਚਨ ਸੋਵਿੰਨਾ ।
ਗੁਰਮੁਖਿ ਰੰਗਿ ਚਲੂਲਿਆ, ਮੇਰਾ ਮਨੁ ਤਨੋ ਭਿੰਨਾ ।
ਜਨ ਨਾਨਕ ਮੁਸਕਿ ਝਕੋਲਿਆ, ਸਭੁ ਜਨਮੁ ਧਨੁ ਧੰਨਾ ।

੭. ਮੂ ਲਾਲਨ ਸਿਉ ਪ੍ਰੀਤ ਬਨੀ ।
ਤੋਰੀ ਨ ਤੂਟੇ ਛੋਰੀ ਨ ਛੂਟੇ, ਐਸੀ ਮਾਧੋ ਖਿੰਚ ਤਨੀ ।
ਦਿਨਸੁ ਰੈਨਿ ਮਨ ਮਾਹਿ ਬਸਤੁ ਹੈ,
ਤੂ ਕਰਿ ਕਿਰਪਾ ਪ੍ਰਭੁ ਅਪਨੀ ।
ਬਲ ਬਲਿ ਜਾਉ ਸਿਆਮ ਸੁੰਦਰ ਕਉ,
ਅਕਥ ਕਥਾ ਜਾਕੀ ਬਾਤ ਸੁਨੀ ।
ਜਨ ਨਾਨਕ ਦਾਸਨਿ ਦਾਸੁ ਕਹੀਅਤੁ ਹੈ,
ਮੋਹਿ ਕਰਹੁ ਕ੍ਰਿਪਾ ਠਾਕੁਰ ਅਪੁਨੀ ।

੮. ਪ੍ਰਭ ਕੀਜੈ ਕ੍ਰਿਪਾ ਨਿਧਾਨ ਹਮ ਹਰਿ ਗੁਨ ਗਾਵਹਿਗੇ ।
ਹਉ ਤੁਮਰੀ ਕਰਉ ਨਿਤ ਆਸ,
ਪ੍ਰਭ ਮੋਹਿ ਕਬ ਗਲਿ ਲਾਵਹਿਗੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਮ ਬਾਰਿਕ ਮੁਗਧ ਇਆਨ ਪਿਤਾ ਸਮਝਾਵਹਿਗੇ ।
ਸੁਤੁ ਖਿਨੁ ਖਿਨੁ ਭੂਲ ਬਿਗਾਰਿ, ਜਗਤ ਪਿਤ ਭਾਵਹਿਗੇ ।
ਜੋ ਹਰਿ ਸੁਆਮੀ ਤੁਮ ਦੇਹੁ ਸੋਈ ਹਮ ਪਾਵਹਿਗੇ ।
ਮੋਹਿ ਦੂਜੀ ਨਾਹੀ ਠਉਰੁ, ਜਿਸੁ ਪਹਿ ਹਮ ਜਾਵਹਿਗੇ ।
ਜੋ ਹਰਿ ਭਾਵਹਿ ਭਗਤ ਤਿਨਾ ਹਰਿ ਭਾਵਹਿਗੇ ।
ਜੋਤੀ ਜੋਤਿ ਮਿਲਾਇ ਜੋਤਿ ਰਲਿ ਜਾਵਹਿਗੇ !
ਹਰਿ ਆਪੇ ਹੋਇ ਕ੍ਰਿਪਾਲੁ ਆਪਿ ਲਿਵ ਲਾਵਹਿਗੇ ।
ਜਨੁ ਨਾਨਕੁ ਸਰਨਿ ਦੁਆਰਿ ਹਰਿ ਲਾਜ ਰਖਾਵਹਿਗੇ ।

੯. ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ ।
ਪਾਇ ਲਗਉ ਮੋਹਿ ਕਰਉ ਬੇਨਤੀ,
ਕੋਊ ਸੰਤੁ ਮਿਲੈ ਬਡਭਾਗੀ ।
ਮਨੁ ਅਰਪਉ ਧਨੁ ਰਾਖਉ ਆਗੈ,
ਮਨ ਕੀ ਮਤਿ ਮੋਹਿ ਸਗਲ ਤਿਆਗੀ ।
ਜੋ ਪ੍ਰਭ ਕੀ ਹਰਿ ਕਥਾ ਸੁਨਾਵੈ,
ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ ।
ਪੂਰਬ ਕਰਮ ਅੰਕੁਰ ਜਬ ਪ੍ਰਗਟੇ,
ਭੇਟਿਓ ਪੁਰਖੁ ਰਸਕਿ ਬੈਰਾਗੀ ।
ਮਿਟਿਓ ਅੰਧੇਰ ਮਿਲਤ ਹਰਿ ਨਾਨਕ,
ਜਨਮ ਜਨਮ ਕੀ ਸੋਈ ਜਾਗੀ ।

੧੦. ਮਿਠ ਬੋਲੜਾ ਜੀ, ਹਰਿ ਸਜਣੁ ਸੁਆਮੀ ਮੋਰਾ ।
ਹਉ ਸੰਮਲਿ ਥਕੀ ਜੀ, ਓਹੁ ਕਦੇ ਨ ਬੋਲੈ ਕਉਰਾ ।
ਹਉ ਬਿਸਮੁ ਜੀ, ਹਰਿ ਦਰਸਨੁ ਦੇਖਿ ਅਪਾਰਾ ।
ਮੇਰਾ ਸੁੰਦਰ ਸੁਆਮੀ ਜੀ, ਹਉ ਚਰਨ ਕਮਲ ਪਗੁ ਛਾਰਾ ।
ਪ੍ਰਭ ਪੇਖਤ ਜੀਵਾ ਠੰਡੀ ਥੀਵਾਂ, ਤਿਸੁ ਜੇਵਡੁ ਅਵਰੁ ਨ ਕੋਈ ।
ਆਦਿ ਅੰਤਿ ਮਧਿ ਪ੍ਰਭ ਰਵਿਆ, ਜਲਿ ਥਲਿ ਮਹੀਅਲ ਸੋਈ ।
ਹਉ ਨਿਮਖ ਨ ਛੋਡਾ ਜੀ, ਹਰਿ ਪ੍ਰੀਤਮ ਪ੍ਰਾਨ ਅਧਾਰੋ ।
ਗੁਰ ਸਤਿਗੁਰ ਕਹਿਆ ਜੀ, ਸਾਚਾ ਅਗਮ ਬੀਚਾਰੋ ।

੧੧. ਅਨੰਦੁ ਭਇਆ ਮੇਰੀ ਮਾਏ, ਸਤਿਗੁਰੂ ਮੈ ਪਾਇਆ ।
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ।
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੧੨. ਮੋਹਨ ਘਰਿ ਆਵਉ ਕਰਉ ਜੋਦਰੀਆ ।
ਮਾਨ ਕਰਉ, ਅਭਿਮਾਨੈ ਬੋਲਉ,
ਭੂਲ ਚੂਕ ਤੇਰੀ ਪ੍ਰਿਅ ਚਿਰੀਆ ।
ਨਿਕਟਿ ਸੁਨਉ ਅਰੁ ਪੇਖਉ ਨਾਹੀ,
ਭਰਮਿ ਭਰਮਿ ਦੁਖ ਭਰੀਆ ।
ਹੋਇ ਕ੍ਰਿਪਾਲ, ਗੁਰ ਲਾਹਿ ਪਾਰਦੋ,
ਮਿਲਉ ਲਾਲ ਮਨੁ ਹਰੀਆ ।
ਏਕ ਨਿਮਖ ਜੇ ਬਿਸਰੈ ਸੁਆਮੀ,
ਜਾਨਉ ਕੋਟਿ ਦਿਨਸ ਲਖ ਬਰੀਆ ।
ਸਾਧ ਸੰਗਤਿ ਕੀ ਭੀਰ ਜਉ ਪਾਈ,
ਤਉ ਨਾਨਕ ਹਰਿ ਸੰਗ ਮਿਲੀਆ ।

੧੩. ਗੁਰ ਅਨਾਰਿ ਪ੍ਰਿਅ ਦਾਇਆਰ ਸਿਉ ਰੰਗੁ ਕੀਆ ।
ਕੀਨੋ ਰੀ ਸਗਲ ਸੀਂਗਾਰ ।
ਭਜਿਓ ਰੀ ਸਗਲ ਬਿਕਾਰ ।
ਧਾਵਤੋ ਅਸਥਿਰੁ ਥੀਆ ।
ਐਸੇ ਰੇ ਮਨ ਪਾਇ ਕੈ,
ਆਪ ਗਵਾਇ ਕੈ,
ਕਰਿ ਸਾਧਨ ਸਿਉ ਸੰਗ ।
ਬਾਜੇ ਬਜਹਿ ਮ੍ਰਿਦੰਗ,
ਅਨਾਹਦ ਕੋਕਿਲ ਰੀ,
ਰਾਮ ਨਾਮੁ ਬੋਲੈ,
ਮਧੁਰ ਬੈਨ ਅਤਿ ਸੁਹੀਆ ।

੧੪. ਅਤਿ ਪ੍ਰੀਤਮ ਮਨਮੋਹਨਾ, ਘਟ ਸੋਹਨਾ, ਪ੍ਰਾਨ ਅਧਾਰਾ ਰਾਮ ।
ਸੁੰਦਰ ਸੋਭਾ ਲਾਲ ਗੋਪਾਲ ਦਇਆਲ ਕੀ,
ਅਪਰ ਅਪਾਰਾ ਰਾਮ ।
ਗੋਪਾਲ ਦਇਆਲ ਗੋਬਿੰਦ ਲਾਲਨ
ਮਿਲਹੁ ਕੰਤ ਨਿਮਾਣੀਆ ।
ਨੈਨ ਤਰਸਨ ਦਰਸ ਪਰਸਨ ਨਹ ਨੀਦ ਰੈਣਿ ਵਿਹਾਣੀਆ ।
ਗਿਆਨ ਅੰਜਨ ਨਾਮ ਬਿੰਜਨ ਭਏ ਸਗਲ ਸੀਗਾਰਾ ।
ਨਾਨਕ ਪਇਅੰਪੈ ਸੰਤ ਜੰਪੈ, ਮੇਲਿ ਕੰਤੁ ਹਮਾਰਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੧੫. ਅਨਦੋ ਅਨਦੁ ਘਣਾ ਮੈਂ ਸੋ ਪ੍ਰਭੁ ਡੀਠਾ ਰਾਮ ।
ਚਾਖਿਅੜਾ ਚਾਖਿਅੜਾ, ਮੈ ਹਰਿ ਰਸੁ ਮੀਠਾ ਰਾਮ।
ਹਰਿ ਰਸੁ ਮੀਠਾ ਮਨ ਮਹਿ ਵੂਠਾ,
ਸਤਿਗੁਰੁ ਤੂਠਾ, ਸਹਜੁ ਭਇਆ ।
ਗ੍ਰਿਹੁ ਵਸਿ ਆਇਆ, ਮੰਗਲ ਗਾਇਆ,
ਪੰਚ ਦੁਸਟ ਓਇ ਭਾਗਿ ਗਇਆ ।
ਸੀਤਲ ਆਘਾਣੇ, ਅੰਮ੍ਰਿਤ ਬਾਣੇ, ਸਾਜਨ ਸੰਤ ਬਸੀਠਾ ।
ਕਹੁ ਨਾਨਕ ਹਰਿ ਸਿਉ ਮਨੁ ਮਾਨਿਆ,
ਸੋ ਪ੍ਰਭੁ ਨੈਣੀ ਡੀਠਾ ।
ਸੋਹਿਅੜੇ ਸੋਹਿਅੜੇ ਮੇਰੇ ਬੰਕ ਦੁਆਰੇ ਰਾਮ ।
ਪਾਹੁਨੜੇ ਪਾਹੁਨੜੇ ਮੇਰੇ ਸੰਤ ਪਿਆਰੇ ਰਾਮ ।
ਆਪਣਾ ਕਾਰਜੁ ਆਪਿ ਸਵਾਰੇ, ਆਪੇ ਧਾਰਨ ਧਾਰੇ ।
ਕਹੁ ਨਾਨਕ ਸਹੁ ਘਰ ਮਹਿ ਬੈਠਾ, ਸੋਹੇ ਬੰਕ ਦੁਆਰੇ ।

੧੬. ਅਬ ਮੋਹਿ ਨਾਚਨੋ ਨ ਆਵੈ ।
ਮੇਰਾ ਮਨੁ ਮੰਦਰੀਆ ਨਾ ਬਜਾਵੈ ।

੧੭. ਨਦੀ ਤਰੰਦੜੀ ਮੈਡਾ ਖੋਜੁ ਨਾ ਖੁੰਭੈ,
ਮੰਝਿ ਮੁਹਬਤਿ ਤੇਰੀ ।
ਤਉ ਸਹ ਚਰਣੀ ਮੈਡਾ ਹੀਅੜਾ ਸੀਤਮ,
ਹਰ ਨਾਨਕ ਤੁਲਹਾ ਬੇੜੀ ।

੧੮. ਸੂਰਜ ਕਿਰਨ ਮਿਲੀ, ਜਲ ਕਾ ਜਲ ਹੂਆ ਰਾਮ ।
ਜੋਤੀ ਜੋਤਿ ਰਲੀ, ਸੰਪੂਰਨ ਥੀਆ ਰਾਮ ।

੧੯. ਮੇਰਾ ਸੁੰਦਰ ਕਹਹੁ ਮਿਲੈ ਕਿਤੁ ਗਲੀ ।
ਹਰਿ ਕੇ ਸੰਤ ਬਤਾਵਹੁ ਮਾਰਗ ਹਮ ਪਾਛੈ ਲਾਗਿ ਚਲੀ ।
ਪ੍ਰਿਅ ਕੇ ਬਚਨ ਸੁਖਾਨੇ ਹੀਅਰੈ,
ਇਹ ਚਾਲ ਬਨੀ ਹੈ ਭਲੀ ।
ਲਟੁਰੀ, ਮਧੁਰੀ, ਠਾਕੁਰ ਭਾਈ ਓਹ ਸੁੰਦਰਿ ਹਰਿ ਢੁਲਿ ਮਿਲੀ ।

੨੦. ਮੇਰੇ ਮਨ ਮੁਖਿ ਹਰਿ ਹਰਿ ਹਰਿ ਬੋਲੀਐ ।
ਗੁਰਮੁਖਿ ਰੰਗਿ ਚਲੂਲੇ ਰਾਤੀ, ਹਰਿ ਪ੍ਰੇਮ ਭੀਨੀ ਚੋਲੀਐ ।
ਹਉ ਫਿਰਉ ਦਿਵਾਨੀ ਆਵਲ ਬਾਵਲ,
ਤਿਸੁ ਕਾਰਣਿ ਹਰਿ ਢੋਲੀਐ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੋਈ ਮੇਲੈ ਮੇਰਾ ਪ੍ਰੀਤਮੁ ਪਿਆਰਾ,
ਹਮ ਤਿਸ ਕੀ ਗੁਲ ਗੋਲੀਐ ।
ਸਤਿਗੁਰ ਪੁਰਖੁ ਮਨਾਵਹੁ ਅਪਨਾ,
ਹਰਿ ਅੰਮ੍ਰਿਤ ਪੀ ਝੋਲੀਐ ।
ਗੁਰ ਪ੍ਰਸਾਦਿ ਜਨ ਨਾਨਕ ਪਾਇਆ,
ਹਰਿ ਲਾਧਾ ਦੇਹ ਟੋਲੀਐ ।

੨੧. ਅਬ ਹਮ ਚਲੀ ਠਾਕੁਰ ਪਹਿ ਹਾਰਿ ।
ਜਬ ਹਮ ਸਰਣਿ ਪ੍ਰਭੂ ਕੀ ਆਈ, ਰਾਖੁ ਪ੍ਰਭੂ ਭਾਵੈ ਮਾਰਿ ।
ਲੋਕਨ ਸੀ ਚਤਰਾਈ ਉਪਮਾ ਤੇ ਬੈਸੰਤਰਿ ਜਾਰਿ ।
ਕੋਈ ਭਲਾ ਕਹਉ ਭਾਵੈ ਬੁਰਾ ਕਹਉ,
ਹਮ ਤਨੁ ਦੀਓ ਹੈ ਢਾਰਿ ।
ਜੋ ਆਵਤ ਸਰਣਿ ਠਾਕੁਰ ਪ੍ਰਭੁ ਤੁਮਰੀ,
ਤਿਸੁ ਰਾਖਹੁ ਕਿਰਪਾ ਧਾਰਿ ।
ਜਨ ਨਾਨਕ ਸਰਣਿ ਤੁਮਾਰੀ ਹਰਿ ਜੀਉ,
ਰਾਖਹੁ ਲਾਜ ਮੁਰਾਰਿ ।

੨੨. ਗੁਰ ਪ੍ਰਸਾਦਿ ਸਹਿਜ ਘਰੁ ਪਾਇਆ,
ਮਿਟਿਆ ਅੰਧੇਰਾ ਚੰਦੁ ਚੜ੍ਹਿਆ ।

੨੩. ਚੂਕਾ ਨਿਹੋਰਾ ਸਖੀ ਸਹੇਰੀ ।
ਭਰਮ ਗਇਆ ਗੁਰਿ ਪਿਰ ਸੰਗਿ ਮੇਰੀ ।
ਨਿਕਟਿ ਆਨਿ ਪ੍ਰਿਅ ਸੇਜਿ ਧਰੀ ।
ਕਾਣਿ ਕਢਨ ਤੇ ਛੂਟਿ ਪਰੀ ।
ਮੰਦਰਿ ਮੇਰੈ ਸਬਦ ਉਜਾਰਾ ।
ਅਨਦ ਬਿਨੋਦੀ ਖਸਮੁ ਹਮਾਰਾ ।
ਮਸਤਕਿ ਭਾਗ ਮੈ ਪਿਰੁ ਘਰਿ ਆਇਆ ।
ਥਿਰੁ ਸੋਹਾਗੁ ਨਾਨਕ ਜਨ ਪਾਇਆ ।

੨੪. ਹਥਿ ਕਲੰਮ ਅਗੰਮ ਮਸਤਕਿ ਲਿਖਾਵਤੀ ।
ਉਰਝਿ ਰਹਿਓ ਸਭ ਸੰਗਿ, ਅਨੂਪ ਰੂਪਾਵਤੀ ।
ਉਸਤਤਿ ਕਹਨ ਨਾ ਜਾਇ, ਮੁਖਹੁ ਤੁਹਾਰੀਆ ।
ਮੋਹੀ ਦੇਖਿ ਦਰਸੁ, ਨਾਨਕ ਬਲਿਹਾਰੀਆ ।

੨੫. ਦੇਹੁ ਸੰਦੇਸਰੋ ਕਹੀਅਉ, ਪ੍ਰਿਅ ਕਹੀਅਉ ।
ਬਿਸਮੁ ਭਈ ਮੈ ਬਹੁ ਬਿਧਿ ਸੁਨਤੇ, ਕਹਹੁ ਸੁਹਾਗਨਿ ਸਹੀਅਉ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੋ ਕਹਤ ਸਭ ਬਾਹਰਿ ਬਾਹਰਿ, ਕੋ ਕਹਤ ਸਭ ਮਹੀਅਉ ।
ਬਰਨੁ ਨ ਦੀਸੈ ਚਿਹਨ ਨਾ ਲਖੀਐ,
ਸੁਹਾਗਨਿ ਸਾਤਿ ਬੁਝਹੀਅਉ ।
ਸਰਬ ਨਿਵਾਸੀ ਘਟਿ ਘਟਿ ਵਾਸੀ,
ਲੇਪ ਨਹੀਂ ਅਲਪਹੀਅਉ ।
ਨਾਨਕ ਕਹਤ ਸੁਨਹੁ ਰੇ ਲੋਗਾ, ਸੰਤ ਰਸਨ ਕੋ ਬਸਹੀਅਉ ।

੨੬. ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ ।
ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ ।
ਤਿਸੁ ਦਸਿ ਪਿਆਰੇ ਸਿਰੁ ਧਰੀ ਉਤਾਰੇ
ਇਕ ਭੋਰੀ ਦਰਸਨੁ ਦੀਜੈ ।
ਨੈਨ ਹਮਾਰੇ ਪ੍ਰਿਅ ਰੰਗ ਰੰਗਾਰੇ, ਇਕ ਤਿਲ ਭੀ ਨਾ ਧੀਰੀਜੈ ।
ਪ੍ਰਭ ਸਿਉ ਮਨ ਲੀਨਾ, ਜਿਉਂ ਜਲ ਮੀਨਾ,
ਚਾਤ੍ਰਿਕ ਜਿਵੈ ਤਿਸੰਤੀਆ ।
ਜਨ ਨਾਨਕ ਗੁਰੁ ਪੂਰਾ ਪਾਇਆ,
ਸਗਲੀ ਤ੍ਰਿਖਾ ਬੁਝੰਤੀਆ । ੧ ।
ਯਾਰ ਵੇ, ਪ੍ਰਿਅ ਹਭੇ ਸਖੀਆ,
ਮੂ ਕਹੀ ਨ ਜੇਹੀਆ ।
ਯਾਰ ਵੇ, ਹਿਕ ਡੂੰ ਹਿਕ ਚਾੜੈ ਹਉ ਕਿਸੁ ਚਿਤੇਹੀਆ ।
ਹਿਕ ਦੂੰ ਹਿਕਿ ਚਾੜੇ ਅਨਿਕ ਪਿਆਰੇ,
ਨਿਤ ਕਰਦੇ ਭੋਗ ਬਿਲਾਸਾ ।
ਤਿਨਾ ਦੇਖਿ ਮਨ ਚਾਉ ਉਠੰਦਾ, ਹਉ ਕਦਿ ਪਾਈ ਗੁਣਤਾਸਾ ।
ਜਿਨੀ ਮੈਡਾ ਲਾਲੁ ਰੀਝਾਇਆ,
ਹਉ ਤਿਸੁ ਆਗੈ ਮਨ ਡੇਂਹੀਆ ।
ਨਾਨਕ ਕਹੈ ਸੁਣਿ ਬਿਨਉ ਸੁਹਾਗਣਿ
ਮੂ ਦਸਿ ਡਿਖੁ ਪਿਰੁ ਕਹੀਆ ।
ਯਾਰ ਵੇ, ਪਿਰੁ ਆਪਨ ਭਾਣਾ, ਕਿਛ ਨੀਸੀ ਛੰਦਾ ।
ਯਾਰ ਵੇ, ਤੈ ਰਾਵਿਆ ਲਾਲਨੁ ਮੂ ਦਸਿ ਦਸੰਦਾ ।
ਲਾਲਨ ਤੈ ਪਾਇਆ, ਆਪ ਗਵਾਇਆ,
ਜੈ ਧਨ ਭਾਗ ਮਥਾਣੇ ।
ਬਾਂਹ ਪਕੜਿ ਠਾਕੁਰਿ ਹਉ ਘਿਧੀ,
ਗੁਣ ਅਵਗੁਣ ਨਾ ਪਛਾਣੇ । ੩ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਯਾਰ ਵੇ ਨਿਤ ਸੁਖ ਸੁਖੇਂਦੀ ਸਾ ਮੈਂ ਪਾਈ ।
ਵਰੁ ਲੋੜੀਦਾ ਆਇਆ ਵਜੀ ਵਾਧਾਈ ।
ਮਹਾ ਮੰਗਲ ਰਹਸੁ ਥੀਆ
ਪਿਰੁ ਦਇਆਲੁ ਸਦਾ ਨਵ ਰੰਗੀਆ ।
ਵਡਭਾਗਿ ਪਾਇਆ ਗੁਰਿ ਮਿਲਾਇਆ,
ਸਾਧ ਕੈ ਸਤ ਸੰਗੀਆ ।
ਆਸਾ ਮਨਸਾ ਸਗਲ ਪੂਰੀ, ਪ੍ਰਿਅ ਅੰਕਿ ਅੰਕੁ ਮਿਲਾਈ ।
ਬਿਨਵੰਤਿ ਨਾਨਕੁ ਸੁਖ ਸੁਖੇਂਦੀ ਸਾ ਮੈ ਗੁਰ ਮਿਲਿ ਪਾਈ ।

੨੭. ਜਿਨੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹਿ ਜੀਉ ।
ਕਿਆ ਗੁਣ ਤੇਰੇ ਵਿਥਰਾ,
ਹਉ ਕਿਆ ਕਿਆ ਘਿੰਨਾ ਤੇਰਾ ਨਾਉ ਜੀਉ ।
ਇਕਤੁ ਟੋਲਿ ਨਾ ਅੰਬੜੇ,
ਹਉ ਸਦ ਕੁਰਬਾਣੈ ਤੇਰੈ ਜਾਉ ਜੀਉ ।

੨੮. ਨਾਨਕ ਤਿਨਾ ਬਸੰਤ ਹੈ,
ਜਿਨ ਘਰਿ ਵਸਿਆ ਕੰਤੁ ।

੨੯. ਸੁਨਹੁ ਸਹੇਰੀ, ਮਿਲਨ ਬਾਤ ਕਹਉ,
ਸਗਰੋ ਅਹੰ ਮਿਟਾਵਹੁ ।
ਤਉ ਘਰ ਹੀ ਲਾਲਨਿ ਪਾਵਹੁ ।
ਤਬ ਰਸ ਮੰਗਲ ਗੁਨ ਗਾਵਹੁ ।
ਆਨਦ ਰੂਪ ਧਿਆਵਹੁ ।
ਨਾਨਕ ਦੁਆਰੇ ਆਇਓ ।
ਤਉ ਮੈ ਲਾਲਨੁ ਪਾਇਓਰੀ ।
ਮੋਹਨ ਰੂਪ ਦਿਖਾਵੈ ।
ਅਬ ਮੋਹਿ ਨੀਦ ਸੁਹਾਵੈ ।
ਸਭ ਮੇਰੀ ਤਿਖਾ ਬੁਝਾਨੀ ।
ਅਬ ਮੈ ਸਹਿਜ ਸਮਾਨੀ ।
ਮੀਠੀ ਪਿਰਹਿ ਕਹਾਨੀ ।
ਮੋਹਨੁ ਲਾਲਨੁ ਪਾਇਓਰੀ ।

੩੦. ਖਿਮਾ ਸੀਗਾਰ ਕਰੇ ਪ੍ਰਭ ਖੁਸੀਆ,
ਮਨਿ ਦੀਪਕ ਗੁਰ ਗਿਆਨ ਬਲਈਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[illegible] ਪ੍ਰਭ ਮੇਰਾ,
ਹਮ ਤਿਸੁ ਆਗੈ ਜੀਉ ਕਟਿ ਕਟਿ ਪਈਆ ।
ਹਰਿ ਹਰਿ ਹਾਰੁ ਕੰਠਿ ਹੈ ਬਨਿਆ,
ਮਨੁ ਮੋਤੀ ਚੂਰ ਵਡ ਗਹਨ ਗਹਨਈਆ ।
ਹਰਿ ਹਰਿ ਸਰਧਾ ਸੇਜ ਵਿਛਾਈ,
ਪ੍ਰਭੁ ਛੋਡਿ ਨਾ ਸਕੈ ਬਹੁਤੁ ਮਨਿ ਭਈਆ ।
ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ,
ਸਭ ਬਾਦਿ ਸੀਗਾਰ ਫੋਕਟੁ ਫੋਕਟਈਆ ।
ਕੀਓ ਸੀਗਾਰ ਮਿਲਣ ਕੇ ਤਾਈ,
ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ ।
ਹਮ ਚੇਰੀ ਤੂ ਅਗਮ ਗੁਸਾਈ,
ਕਿਆ ਹਮ ਕਰਹ ਤੇਰੈ ਵਸ ਪਈਆ ।
ਦਇਆ ਦੀਨ ਕਰਹੁ ਰਖਿ ਲੇਵਹੁ,
ਨਾਨਕ ਹਰਿ ਗੁਰ ਸਰਣ ਸਮਈਆ ।

੩੧. ਮੁੰਧ ਨਵੇਲੜੀਆ ਗੋਇਲ ਆਈ ਰਾਮ ।
ਮਟੁਕੀ ਡਾਰਿ ਧਰੀ, ਹਰਿ ਲਿਵ ਲਾਈ ਰਾਮ ।
ਸਚਿ ਨਵੇਲੜੀਏ ਜੋਬਨਿ ਬਾਲੀ ਰਾਮ ।
ਆਉ ਨ ਜਾਉ ਕਹੀ ਆਪਨੇ ਸਹ ਨਾਲੀ ਰਾਮ ।
ਸ੍ਰੀ ਧਰ ਮੋਹਿਅੜੀ ਪਿਰ ਸੰਗਿ ਸੂਤੀ ਰਾਮ ।
ਗੁਰ ਕੈ ਭਾਇ ਚਲੋ, ਸਾਚਿ ਸੰਗੂਤੀ ਰਾਮ ।
ਭਿੰਨੜੀ ਰੈਣਿ ਭਲੀ ਦਿਨਸ ਸੁਹਾਏ ਰਾਮ ।
ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ ।

੩੨. ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵੰਞਾਈ,
ਛੋੜਿਆ ਹਭੁ ਕਿਝੁ ਤਿਆਗੀ ।
ਹਭੇ ਸਾਕ ਕੂੜਾਵੇ ਡਿਠੇ
ਤਉ ਪਲੈ ਤੈਡੈ ਲਾਗੀ ।
ਫਿਰਦੀ ਫਿਰਦੀ ਨਾਨਕ ਜੀਉ ਹਉ ਫਾਵੀ ਥੀਈ,
ਬਹੁਤੁ ਦਿਸਾਵਰ ਪੰਧਾ ।
ਤਾ ਹਉ ਸੁਖਿ ਸੁਖਾਲੀ ਸੁਤੀ
ਜਾ ਗੁਰ ਮਿਲਿ ਸਜਣੁ ਮੈ ਲਧਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੩੩. ਸੁਇ ਸੁਣੰਦੜੀ ਮੇਰਾ ਤਨੁ ਮਨੁ ਮਉਲਾ,
ਨਾਮ ਜਪੰਦੜੀ ਲਾਲੀ ।
ਪੰਧਿ ਜੁਲੰਦੜੀ ਮੇਰਾ ਅੰਦਰੁ ਠੰਡਾ,
ਗੁਰ ਦਰਸਨੁ ਦੇਖਿ ਨਿਹਾਲੀ ।

੩੪. ਮਿਲਿ ਨਾਰੀ ਸਤਿਸੰਗਿ ਮੰਗਲੁ ਗਾਵੀਆ ।
ਘਰ ਕਾ ਹੋਆ ਬੰਧਾਨੁ ਬਹੁੜਿ ਨ ਧਾਵੀਆ ।
ਬਿਸਰੀ ਦੁਰਮਤਿ ਦੁਰਤੁ ਸੋਇ ਕੂੜਾਵੀਆ ।
ਸੀਲਵੰਤ ਪਰਧਾਨਿ ਰਿਦੈ ਸਚਾਵੀਆ ।
ਅੰਤਰਿ ਬਾਹਰਿ ਇਕੁ ਇਕ ਰੀਤਾਵੀਆ ।
ਮਨਿ ਦਰਸਨ ਕੀ ਪਿਆਸ, ਚਰਨ ਦਾਸਾਵੀਆ ।
ਸੋਭਾ ਬਣੀ ਸੀਗਾਰੁ ਖਸਮਿ ਜਾਂ ਰਾਵੀਆ ।
ਮਿਲਿਆ ਆਇ ਸੰਜੋਗਿ ਜਾਂ ਤਿਸੁ ਭਾਵੀਆ ।

੩੫. ਹਉ ਮੁਆ, ਮੈ ਮਾਰਿਆ, ਪਉਣ ਵਹੈ ਦਰੀਆਉ ।
ਤ੍ਰਿਸਨਾ ਥਕੀ ਨਾਨਕਾ, ਜਾ ਮਨੁ ਰਤਾ ਨਾਇ ।
ਲੋਇਨ ਰਤੇ ਲੋਇਣੀ, ਕੰਨੀ ਸੁਰਤ ਸਮਾਇ ।
ਜੀਭ ਰਸਾਇਣਿ ਚੂਨੜੀ, ਰਤੀ ਲਾਲ ਲਵਾਇ ।
ਅੰਦਰੁ ਮੁਸਕਿ ਝਕੋਲਿਆ ਕੀਮਤਿ ਕਹੀ ਨਾ ਜਾਇ ।

੩੬. ਉਦਕ ਸਮੁੰਦ ਸਲਲ ਕੀ ਸਾਖਿਆ,
ਨਦੀ ਤਰੰਗ ਸਮਾਵਹਿਗੇ ।
ਸੁੰਨਹਿ ਸੁੰਨਿ ਮਿਲਿਆ ਸਮਦਰਸੀ,
ਪਵਨ ਰੂਪ ਹੋਇ ਜਾਵਹਿਗੇ ।

੩੭. ਜੇ ਤੂੰ ਵਤਹਿ ਅੰਙਣੇ ਸਭ ਧਰਤਿ ਸੁਹਾਵੀ ਹੋਇ ।
ਹਿਕਸੁ ਕੰਤੈ ਬਾਹਰੀ, ਮੈਡੀ ਵਾਤ ਨ ਪੁਛੈ ਕੋਇ ।
ਹਭੇ ਟੋਲ ਸੁਹਾਵਣੇ, ਸਹੁ ਬੈਠਾ ਅੰਙਣੁ ਮਲਿ ।
ਪਹੀ ਨ ਵੰਞੈ ਬਿਰਥੜਾ, ਜੋ ਘਰਿ ਆਵੈ ਚਲਿ ।
ਸੇਜ ਵਿਛਾਈ ਕੰਤ ਕੂ ਕੀਆ ਹਭੁ ਸੀਗਾਰੁ ।
ਇਤੀ ਮੰਞਿ ਨ ਸਮਾਵਈ ਜੇ ਗਲਿ ਪਹਿਰਾ ਹਾਰੁ ।

੩੮. ਨਾਨਕ ਬਿਜੁਲੀਆ ਚਮਕੰਨਿ, ਘੁਰਨਿ ਘਟਾ ਅਤਿ ਕਾਲੀਆ ।
ਬਰਸਨਿ ਮੇਘ ਅਪਾਰ ਨਾਨਕ ਸੰਗਮਿ ਪਿਰੀ ਸੁਹੰਦੀਆ ।
ਜਲ ਥਲ ਨੀਰਿ ਭਰੇ ਸੀਤਲ ਪਵਣ ਝੁਲਾਰਦੇ ।
ਸੇਜੜੀਆ ਸੋਇੰਨ, ਹੀਰੇ ਲਾਲ ਜੜੰਦੀਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਨ੍ਹਾਂ ਤੁਕਾਂ ਦਾ ਵਿਚਲਾ ਰਾਗ ਵੇਖੋ, ਜੋ ਮਾਤਰਾਂ ਦੀ ਗਿਣਤੀ ਉਤੇ ਨਿਰਭਰ ਨਹੀਂ ਸਗੋਂ ਆਪਣੀ ਰਾਗਾਤਮਿਕਤਾ ਉਤੇ ਹੈ। ਸ਼ਬਦਾਂ ਨੂੰ ਕਿਵੇਂ ਲੰਮਿਆਇਆ ਹੈ, ਮਿੱਠ-ਆਵਾਜ਼ਾ ਕਰਨ ਲਈ। 'ਵਣੰਜਿੜਆ', 'ਕਹੁਕਿਅੜਾ', 'ਮਿਠ-ਬੋਲੜਾ', 'ਚਾਖਿਅੜਾ', 'ਮੋਹਿਅੜੀ', 'ਸੋਹਿਅੜਾ', 'ਪਾਹੁਨੜਾ', 'ਭਰੰਦੜੀ', 'ਹੀਅੜਾ', 'ਸੰਦੇਸਰੋ', 'ਸੁਣੰਦੜੀ', 'ਜੁਲਦੜੀ', ਆਦਿਕ ਸ਼ਬਦਾਂ ਨੂੰ ਵੇਖੋ, ਜਾਂ ਵਾਕੰਸ਼ਾਂ ਨੂੰ, ਜਿਵੇਂ 'ਜੋਬਨ-ਬਾਲੜੀ', 'ਪਿਰ ਰਲਿਆਰਾ', 'ਸਹਿਜ-ਸਲੋਨੜੀ', ਰੁਣਝੁਣਕਾਰੇ', 'ਲਾਲ ਪਿਆਰੇ', 'ਢੂਲਿ ਢੂਲਿ ਮਿਲੀਆ ਜੀਉ', 'ਹਰਿ ਢੋਲੇ ਜੀਉ', 'ਰੰਗ ਚਲੂਲਿਆ', 'ਮੁਸਕ ਝਕੋਲਿਐ', 'ਕੰਚਨ ਸੋਵਿੰਨਾ', 'ਅੰਮ੍ਰਿਤ ਭਿੰਨੇ ਲੋਇਣਾ', 'ਅੰਮ੍ਰਿਤ ਭਿੰਨੀ ਦੇਹੁਰੀ', 'ਹਉ ਸੰਮਲ ਥਕੀ ਜੀ', 'ਅੰਮ੍ਰਿਤ ਛਕ ਛਕੇ', 'ਰਾਗ ਰਤਨ, ਪਰਵਾਰ ਪਰੀਆਂ', 'ਅਨਦੋ ਅਨਦ ਘਣਾ', 'ਚਾਖਿਅੜਾ, ਚਾਖਿਅੜਾ', 'ਪਾਹੁਨੜੇ, ਪਾਹੁਨੜੇ', 'ਹੀਅੜਾ ਸੀਤਮ', 'ਹਰਿ ਅੰਮ੍ਰਿਤ ਪੀ ਝੋਲੀਐ', 'ਨੈਣ ਹਮਾਰੇ ਪ੍ਰਿਅ ਰੰਗ ਰੰਗਾਰੇ', 'ਸੇ ਅੰਬੀ ਛਾਵੜੀਅਹਿ ਜੀਉ', 'ਮੁੰਧ ਨਵੇਲੜੀਆ', ਸ੍ਰੀਧਰ ਮੋਹਿਅੜੀ' 'ਭਿੰਨਣੀ ਰੈਣ ਭਲੀ,' 'ਜਾਗ ਸਲੋਨੜੀਏ,' 'ਤ੍ਰਿਸਨਾ ਥਕੀ ਨਾਨਕਾ' 'ਸੇਜੜੀਆਂ ਸੋਇਨ,' 'ਸੰਗਮ ਪਿਰੀ ਸੋਹੰਦੀਆ,' 'ਪਿਰ ਸੰਗ ਸੂਤੀ ਰਾਮ,' ਆਦਿਕ ਦੇ ਪੜ੍ਹਦਿਆਂ ਸੁਣਦਿਆਂ ਮਨ ਵਿਚ ਇਕ ਰੋਮਾਂਚਿਕ, ਰਾਂਗਲਾ, ਪ੍ਰੀਤ-ਭਿੰਨਾ, ਰਸਿਕ, ਠੰਢਿਆਵਲਾ ਪ੍ਰਭਾਵ ਪੈਂਦਾ ਹੈ ਕਿ ਨਹੀਂ ? ਤੁਕਾਂਤ ਮੇਲਿਆ ਹੈ, ਤਾਂ ਉਹ ਵੀ ਇਵੇਂ ਕਿ ਕੰਨਾਂ ਵਿਚ ਇਕ ਸੁਖਾਵੀਂ ਰੁਣਝੁਣੀ ਛਿੜੇ, ਇਕਹਿਰੀਆਂ ਤਾਰਾਂ ਦੀ, ਢੋਲਾਂ ਨਗਾਰਿਆਂ ਦੀ ਕੜਕੁਟ ਨਾ ਹੋਵੇ, ਮਿੱਠੀ ਮਿੱਠੀ ਸ਼ਹਿਨਾਈ ਦੀ ਤੂਤਣੀ ਵਜੇ। 'ਅੰਗੁਰੀਆ, ਪਿੰਗੁਰੀਆ, ਮਹਿਤਰੀਆ' 'ਰਲਿਆਰਾ, ਦਇਆਲਾ', 'ਬਿਨੰਤੀ, ਰਾਤੀ', 'ਗਾਵਹਿਗੇ, ਲਾਵਹਿਗੇ', 'ਮੋਰਾ, ਕਉਰਾ', 'ਛਾਰਾ, ਅਪਾਰਾ,' 'ਆਧਾਰੋ, ਬੀਚਾਰੋ', 'ਸੀਗਾਰਾ, ਹਮਾਰਾ', 'ਆਵੈ, ਬਜਾਵੈ', 'ਗਲੀ, ਚਲੀ, ਮਿਲੀ,' 'ਬੋਲੀਐ, ਚੋਲੀਐ, ਢੋਲੀਐ,' 'ਸਹੀਅਉ, ਮਹੀਅਉ', 'ਜੇਹੀਆ, ਚਿਤੇਹੀਆ, ਡੇਹੀਆ', 'ਬਿਲਾਸਾ, ਗੁਣਤਾਸਾ', 'ਬਲਈਆ, ਢਈਆ, ਮਈਆ', 'ਰੰਗੀਆ, ਸੰਗੀਆ', ਆਦਿਕ ਲੰਮੇਰੀਆਂ ਆਵਾਜ਼ਾਂ (ਗੁਰੂ ਲਘੂ ਨਾਂਹ, ਨਾ ਮੁਕਤ) ਅਜੇਹੇ ਸ਼ਬਦਾਂ ਵਿਚ ਆਮ ਵਰਤੀਆਂ ਹਨ। ਅਜੇਹੀ ਥਾਂਵੀਂ ਆਮ ਕਰ ਕੇ ਠੇਠ, ਕੇਂਦਰੀ ਬੋਲੀ ਦੀ ਥਾਂ ਲਹਿੰਦੀ ਦੇ ਸ਼ਬਦ ਵਰਤੇ ਹਨ, ਜਿਨ੍ਹਾਂ ਨਾਲ ਵਾਯੂ-ਮੰਡਲ ਦੀ ਮਿਠਾਸ ਵਿਚ ਅਨੋਖਾ ਵਾਧਾ ਹੋਇਆ ਹੈ। ਜੁਲਣਾ, ਹਭਿ, ਹਿਕਸ, ਮੈਂਡਾ, ਮੈਂਡੀ, ਤੈਂਡੀ, ਵੰਞਣਾ, ਡੇਹੀਆ, ਲੱਧਾ, ਆਵੈ, ਸੁਹਾਵੈ, ਥੀਆ, ਘਿਧੀ, ਢੂੰ, ਕਿਛੁ, ਮੂ, ਮੰਞਿ, ਸੀਤਮ, ਢੋਲਾ ਆਦਿਕ ਸ਼ਬਦਾਂ ਦੀਆਂ ਮਿਠੀਆਂ, ਬੈਠੀਆਂ, ਆਵਾਜ਼ਾਂ ਜਾਂ ਬ੍ਰਜ ਜਾਂ ਹਿੰਦਵੀ ਜਾਂ ਅਪਭ੍ਰੰਸ਼ ਮੋਰਾ, ਭੋਰਾ, 'ਕੀਨੋ', 'ਰੀ', 'ਦਇਆਰ', 'ਸਿਉ', 'ਮੋਹਿ', 'ਮਿਲਬੋ', 'ਉਰਝ', 'ਲੋਕਨ', 'ਲਿਖਾਵਤੀ' 'ਰੂਪਾਵਤੀ' 'ਤੁਹਾਰੀਆ' 'ਕਹੀਅਉ', 'ਬੁਲਈਅਉ', 'ਬਸਹੀਅਉ',

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
'ਚੇਰੀ', 'ਸੀਗਾਰ' 'ਸੂਤੀ', 'ਸਗਰੋ', 'ਹਉ' ਆਦਿਕ ਤੋਂ ਵੀ ਓਹੀ ਕੰਮ ਸਾਰਿਆ ਹੈ। ਕਿਤੇ ਕੋਈ ਸ਼ਬਦ ਜਾਂ ਵਾਕੰਸ਼, ਰੂਪਕ ਜਾਂ ਉਪਮਾ, ਰੜਕਦੀ ਨਹੀਂ ਤੇ ਇਕ ਅਜੇਹਾ ਰੰਗਲਾ ਮੰਡਲ ਸਾਰੀ ਰਚਨਾ ਦੁਆਲੇ ਬੱਧਾ ਹੈ ਕਿ ਪੜ੍ਹ ਕੇ ਮਨ ਵਿਚ ਸ਼ਾਂਤੀ ਦਾ ਠੰਢੜਾ, ਸੁਖਾਵਾਂ ਪ੍ਰਭਾਉ ਸਿੰਜਰਦਾ ਹੈ।

ਸ਼ਿੰਗਾਰ-ਰਸ ਦੇ ਨਮੂਨੇ ਵੀ ਗੁਰੂ ਗ੍ਰੰਥ ਵਿਚ ਬੇਅੰਤ ਹਨ। ਜਦ ਰੱਬ ਨੂੰ ਪ੍ਰਿਯ (ਪਿਰ), ਢੋਲਾ, ਲਾਲ-ਗੁਲਾਰਾ, ਅਨਦ-ਬਿਨੋਦੀ ਖਸਮ ਹਮਾਰਾ, ਲਾਲਨ, ਤੇ ਸਜਣ ਮੈਂਡਾ ਰੰਗੁਲਾ, ਤੇ ਸਾਹਿਬ ਮੇਰਾ ਨੀਤ ਨਵਾਂ, ਆਦਿਕ ਨਾਂਵਾਂ ਨਾਲ ਨਾ ਕੇਵਲ ਯਾਦ ਹੀ ਕੀਤਾ ਹੈ, ਸਗੋਂ ਉਡੀਕ, ਵਿਛੋੜੇ ਤੇ ਮਿਲਾਪ ਦੇ ਆਨੰਦ ਨੂੰ ਪਤੀ-ਪਤਨੀ ਦੇ ਸੰਜੋਗ-ਵਿਜੋਗ ਵਾਂਗ ਹੀ ਥਾਂਓਂ ਥਾਂਈਂ ਨਿਰਣਾਇਆ ਹੈ, ਤਾਂ ਉਸ ਵਿਚ ਸ਼ਿੰਗਾਰ ਦੀ ਬਹੁਲਤਾ ਤਾਂ ਹੋਣੀ ਹੋਈ। ਇਹ ਕ੍ਰਿਸ਼ਨ ਪਿਛੇ ਗੋਪੀਆਂ ਦਾ ਲੁਛਣਾ ਹੀ ਨਹੀਂ, ਨਾ ਸੂਫ਼ੀਆਂ ਦਾ ਹੀ 'ਮਾਸ਼ੂਕ' ਲਈ ਹਾਵੇ ਭਰਨਾ ਹੈ, ਉਥੋਂ ਤਾਂ ਕੇਵਲ ਬਿਰਹਾ ਦਾ ਹੀ ਸੇਕ ਆਉਂਦਾ ਹੈ। ਪਰ ਗੁਰੂ ਗ੍ਰੰਥ ਦੀ ਬਾਣੀ ਵਿਚ ਸੰਜੋਗ ਵੀ ਵਿਆਹੁਤਾ ਪਤੀ ਪਤਨੀ ਦਾ ਹੈ, ਤੇ ਵਿਜੋਗ ਵੀ। ਇਸ ਵਿਚ ਸਿੱਕ ਦੁਵੱਲੀ ਹੈ ਤੇ ਸੰਜੋਗ ਅਵੱਸ਼ ਹੋਣਾ ਹੈ, ਢਿੱਲ ਭਾਵੇਂ ਕਿੰਨੀ ਹੀ ਪਵੇ ਤੇ ਰਾਹ ਵਿਚ ਔਕੜਾਂ ਕਿੰਨੀਆਂ ਵੀ ਕਰੜੀਆਂ ਹੋਣ। ਇਸ ਲਈ ਇਸ ਵਿਚ ਸਹਿਜ-ਆਨੰਦ ਦਾ ਵਾਯੂ-ਮੰਡਲ ਬਿਰਹਾ ਦੇ ਨਾਲ ਨਾਲ ਧੂੜਿਆ ਮਿਲਦਾ ਹੈ। ਇਸੇ ਲਈ ਇਸ ਦੇ ਸ਼ਿੰਗਾਰ-ਰਸ ਵਿਚ ਠੰਢਾ ਪ੍ਰਭਾਉ ਵਧੀਕ ਹੈ ਤੇ ਭੜਕੀਲਾ, ਲੂੰਹਦਾ ਪ੍ਰਭਾਉ ਉਕਾ ਨਹੀਂ। ਰੱਬ ਨੂੰ ਵੀ :—

੧. 'ਤੇਰੇ ਬੰਕੇ ਲੋਇਣ, ਦੰਤ ਰੀਸਾਲਾ,
ਸੋਹਣੇ ਨਕ, ਜਿਨਿ ਲੰਮੜੇ ਵਾਲਾ,
ਕੰਚਨ ਕਾਇਆ, ਸੁਇਨੇ ਕੀ ਢਾਲਾ।'

੨. ਸਾਵਲ ਸੁੰਦਰ ਰੂਪ ਬਣਾਵਹਿ
ਬੇਣ ਸੁਨਤ ਸਭ ਮੋਹੈਗਾ।
ਬਨਮਾਲਾ, ਬਿਭੂਖਨ ਕਮਲ ਨੈਨ,
ਸੁੰਦਰ ਕੁੰਡਲ, ਮੁਕਟ ਬੈਨ।

ਆਖ ਕੇ ਪ੍ਰਿਯ ਦਾ ਕਿਹਾ ਖਿੱਚਦਾ, ਸੁਵੰਨਾ, ਸਲੂਨਾ ਚਿੱਤਰ ਖਿਚਿਆ ਹੈ ?

ਉਸ ਨੂੰ ਮਿਲਣ ਲਈ ਸੀਗਾਰ ਵੀ ਉਵੇਂ ਹੀ ਕੀਤਾ ਹੈ, ਜਿਵੇਂ ਕਿਸੇ ਵਿਆਹੀ ਨਵ-ਯੋਬਨਾਂ ਦਾ ਆਪਣੇ ਨਵ-ਰੰਗ ਲਾਲ ਨਾਲ ਸੇਜਾ ਮਾਣਨ ਉਤੇ :—

੧. ਫੂਲ ਮਾਲਾ ਗਲਿ ਪਹਿਰਉਗੀ ਹਾਰੋ,
ਮਿਲੈਗਾ ਪ੍ਰੀਤਮੁ ਤਬ ਕਰਉਗੀ ਸੀਗਾਰੋ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੨. ਮਨ ਮੋਤੀ ਜੇ ਗਹਣਾ ਹੋਵੇ, ਪਉਣ ਹੋਵੈ ਸੂਤਧਾਰੀ।
ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ, ਰਾਵੈ ਲਾਲ ਪਿਆਰੀ।
ਹਰਿ ਹਰਿ ਹਾਰੁ ਕੰਠਿ ਲੇ ਪਹਿਰੈ, ਦਾਮੋਦਰੁ ਦੰਤ ਲੇਈ।
ਕਰ ਕਰਿ ਕਰਤਾ, ਕੰਗਨ ਪਹਿਰੈ, ਇਨ ਬਿਧਿ ਚਿਤੁ ਧਰੇਈ।
ਮਦੁਸੂਦਨ ਕਰ ਮੁੰਦਰੀ ਪਹਿਰੈ, ਪਰਮੇਸੁਰ ਪਟ ਲੇਈ ।।
ਧੀਰਜ ਧੜੀ ਬੰਧਾਵੈ ਕਾਮਣਿ ਸ੍ਰੀ ਰੰਗ ਸੁਰਮਾ ਦੇਈ।
ਮਨ ਮੰਦਰਿ ਜੇ ਦੀਪਕੁ ਜਾਲੇ, ਕਾਇਆ ਸੇਜ ਕਰੇਈ।
ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ।

ਤੇ ਜਦ ਮਿਲਾਪ ਨਾ ਲਭੇ, ਤਾਂ ਸਾਰਾ ਸੀਗਾਰ ਬਿਰਥਾ ਹੈ :—

ਮੋਰੀ ਰੁਣ ਝੁਣ ਲਾਇਆ।
ਭੈਣੇ ਸਾਵਣੁ ਆਇਆ।
ਤੇਰੇ ਮੁੰਧ ਕਟਾਰੇ ਜੇਵਡਾ, ਤਿਨਿ ਲੋਭੀ ਲੋਭ ਲੁਭਾਇਆ।
ਚੂੜਾ ਭੰਨੁ ਪਲੰਘ ਸਿਉ ਮੁੰਧੇ, ਸਣ ਬਾਹੀ ਸਣ ਬਾਹਾ,।
ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ।
ਨਾ ਮਲੀਆਰ ਨਾ ਚੂੜੀਆ, ਨ ਸੇ ਵੰਗੁੜੀਆਹਾ।
ਜੋ ਸਹ ਕੰਠਿ ਨ ਲਗੀਆ, ਜਲਨੁ ਸਿ ਬਾਹੜੀਆਹਾ।
ਮਾਠਿ ਗੁੰਦਾਈ ਪਟੀਆ, ਭਰੀਐ ਮਾਂਗ ਸੰਧੂਰੇ।
ਅਗੈ ਗਈ ਨ ਮੰਨੀਆ, ਮਰਉ ਵਿਸੂਰਿ ਵਿਸੂਰੇ।

ਕਿਉਂਕਿ ਪ੍ਰਿਅ ਦਾ ਮਨ ਬੜਾ ਸਾਧਾਰਨ ਹੈ, ਤੇ ਉਹ ਹਿਰਣਾਖੀ, ਛਬੀਲੀ ਦੀ ਅੰਦਰਲੀ ਭੁਖ ਦਾ ਭੁੱਖਾ ਹੈ, ਨਿਰੇ ਸੀਗਾਰ ਦਾ ਨਹੀਂ :—

ਹਰਣਾਖੀ ਕੂ ਸਚ ਵੈਣ ਸੁਣਾਈ, ਜੁ ਤਿਉ ਕਰੇ ਉਧਾਰਣ।
ਸੁੰਦਰ ਬਚਨ ਤੂ ਸੁਣਹੁ ਛਬੀਲੀ, ਪਿਰੁ ਤੈਡਾ ਮਨ ਸਾਧਾਰਣ।

ਕਰੁਣਾ ਰਸ ਜੋ ਉਦਾਸੀ ਤੇ ਸ਼ੋਕ ਨੂੰ ਉਪਜਾਉਂਦਾ ਹੈ, ਦੇ ਨਮੂਨੇ ਸ਼ਾਂਤ ਰਸ ਵਾਂਗ ਹੀ ਬੇਅੰਤ ਹਨ, ਪਰ ਕਰੁਣਾ ਨੂੰ ਕਿਤੇ ਵੀ ਇਵੇਂ ਨਹੀਂ ਬਧਾ ਕਿ ਮਨ ਜੀਵਨ ਤੋਂ ਉਚਾਟ ਹੋ ਜਾਵੇ, ਸਗੋਂ ਇਵੇਂ ਕਿ ਇਸ 'ਫੁਲਾਂ ਸੰਦੀ ਵਾੜ' ਵਿਚ ਬੈਠਿਆਂ ਚਿਤ ਇਸੇ ਨੂੰ ਕਿਤੇ ਸਤਯ ਨਾ ਮੰਨ ਬੈਠੇ। ਕਰੁਣਾ ਨੂੰ ਵੀ ਬਹੁਤੀ ਵੇਰ ਪਾਨੀ ਦਾ ਢੁਲਿ ਪਾਨੀ ਨੂੰ ਜਾ ਮਿਲਣ ਵਾਂਗ ਜਾਂ ਕਿਰਨ ਦਾ ਸੂਰਜ ਵਿਚ ਸਮਾ ਜਾਣ ਜਿਹੇ ਸਹਿਜ-ਸੁਭਾਵੇ ਮਿਲਾਪ ਵਿਚ ਰੰਗ ਦਿਤਾ ਹੈ, ਭਾਵੇਂ ਇਕ ਅੱਡਰੀ ਹਸਤੀ ਦਾ ਵਿਨਾਸ਼ ਇਸ ਵਿਚ ਜ਼ਰੂਰ ਹੁੰਦਾ ਹੈ। ਕਰੁਣਾ ਵਿਛੋੜੇ ਜਾਂ ਉਡੀਕ ਦੀ ਦਸ਼ਾ ਨੂੰ ਹੀ ਬੰਨ੍ਹਦਾ ਹੈ, ਪਰ ਇਹ ਵਿਛੋੜਾ ਪੇਕੇ ਘਰ ਨੂੰ ਛਡ ਸਹੁਰੇ ਵੰਞਣ ਵਾਂਗ ਹੈ :—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭਨਾ ਸਾਹੁਰੇ ਵੰਞਣਾ, ਸਭ ਮੁਕਲਾਵਣ ਹਾਰਿ ।

ਤੇ ਬਿਰਹਾ ਤੇ ਉਡੀਕ ਵਿਚ ਵੀ ਉਹ ਸੇਕ ਨਹੀਂ ਜੋ ਸੂਫ਼ੀ ਜਾਂ ਵੈਸ਼ਨਵ ਵਿਚ ਹੈ, ਇਕ ਸ਼ੁਕਰ ਤੇ ਰਜ਼ਾ ਦੀ ਠੰਢ ਜਿਹੀ ਸਿੰਜਰੀ ਹੈ, ਕਿਉਂ ਜੁ ਮਿਲਾਪ ਹੋਣਾ ਤਾਂ ਅਵੱਸ਼ ਹੈ :—

ਨੈਣੀ ਮੇਰੇ ਪਿਆਰਿਆ, ਨੈਣੀ ਮੇਰੇ ਗੋਵਿੰਦਾ,
ਕਿਨੈ ਹਰਿ ਪ੍ਰਭੁ ਡਿਠੜਾ ਨੈਣੀ ਜੀਉ ?
ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਮੇਰੇ ਗੋਵਿੰਦਾ,
ਹਰਿ ਬਾਝਹੁ ਧਨ ਕੁਮਲੈਣੀ ਜੀਉ ।

ਜਾਂ ਇਹ ਮਾਨੋਂ ਵਾੜੀਏ ਰਾਤੇ ਕਾਲੇ ਹਿਰਨੋਟੇ ਨੂੰ, ਜਾਂ ਫੁਲ ਉਤੇ ਡੋਲਦੇ ਭੌਰੇ ਨੂੰ, ਜਾਂ ਜਾਲ ਤੋਂ ਅਚੇਤ ਤਰਦੀ ਮਛਲੀ ਨੂੰ, ਜਾਂ ਵਾਹੁ-ਵਿਛੁੰਨੀ ਨਦੀ ਨੂੰ ਜਾਂ ਆਪਣੇ ਪਰਦੇਸੀ ਜੀਅੜੇ ਨੂੰ ਆਪਣੀ ਹੋਣੀ ਦਾ ਚੇਤਾ ਕਰਾਉਣਾ ਹੈ :—

ਤੂ ਸੁਣਿ ਹਰਣਾ ਕਾਲਿਆ, ਕੀ ਵਾੜੀਏ ਰਾਤਾ ਰਾਮ ।
ਬਿਖੁ ਫਲੁ ਮੀਠਾ ਚਾਰਿ ਦਿਨ, ਫਿਰ ਹੋਵੇ ਤਾਤਾ ਰਾਮ ।
ਫਿਰਿ ਹੋਇ ਤਾਤਾ ਖਰਾ ਮਾਤਾ ਨਾਮ ਬਿਨ ਪਰਤਾਪਏ ।
ਓਹ ਜੇਵ ਸਾਇਰ ਦੇਇ ਲੈਹਰੀ, ਬਿਜਲ ਜਿਵੈ ਚਮਕਏ ।
ਹਰਿ ਬਾਝੁ ਰਾਖਾ ਕੋਇ ਨਾਹੀ, ਸੋਇ ਤੁਝਹਿ ਬਿਸਾਰਿਆ ।
ਸਚੁ ਕਹੈ ਨਾਨਕ ਚੇਤਿ ਰੇ ਮਨ, ਮਰਹਿ ਹਰਣਾ ਕਾਲਿਆ ।
ਭਵਰਾ, ਫੂਲ ਭੰਵਤਿਆ ਦੁਖੁ ਅਤਿ ਭਾਰੀ ਰਾਮ ।
ਮੈਂ ਗੁਰੁ ਪੂਛਿਆ ਆਪਣਾ ਸਾਚਾ ਬੀਚਾਰੀ ਰਾਮ ।
ਬੀਚਾਰਿ ਸਤਿਗੁਰੁ ਮੁਝੈ ਪੂਛਿਆ, ਭਵਰੁ ਬੇਲੀ ਰਾਤਓ ।
ਸੂਰਜੁ ਚੜਿਆ, ਪਿੰਡੁ ਪੜਿਆ ਤੇਲ ਤਾਵਣਿ ਤਾਤਓ ।
ਮੇਰੇ ਜੀਅੜਿਆ ਪਰਦੇਸੀਆ, ਕਿਤੁ ਪਵਹਿ ਜੰਜਾਲੇ ਰਾਮ ।
ਸਾਚਾ ਸਾਹਿਬ ਮਨਿ ਵਸੈ ਕੀ ਫਾਸਹਿ ਜਮਜਾਲੇ ਰਾਮ ।
ਮਛੁਲੀ ਵਿਛੁੰਨੀ ਨੈਣ ਰੁੰਨੀ ਜਾਲੁ ਬਧਿਕਿ ਪਾਇਆ ।
ਸੰਸਾਰ ਮਾਇਆ ਮੋਹਿ ਮੀਠਾ ਅੰਤਿ ਭਰਮੁ ਚੁਕਾਇਆ ।
ਨਦੀਆ ਵਾਹੁ ਵਿਛੁੰਨੀਆਂ, ਮੇਲਾ ਸੰਜੋਗੀ ਰਾਮ ।
ਜੁਗੁ ਜੁਗੁ ਮੀਠਾ ਵਿਸੁ ਭਰੇ ਕੋਈ ਜਾਣੇ ਜੋਗੀ ਰਾਮ ।

ਜਾਂ ਇਹ ਨੈਨ-ਸਲੋਨੜੀ ਨੂੰ ਹਨੇਰੀ ਰਾਤ ਵਿਚ ਪਿਰ ਤੋਂ ਵਖ ਨਿਸਚਿੰਤ ਸੁਤਿਆਂ ਤੋਂ ਜਗਾ ਕੇ ਪਿਰ ਦੀ ਸੇਜਾ ਉਤੇ ਜਾ ਸੁਆਣਾ ਹੈ :—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਹਿਲੇ ਪਹਰੈ ਨੈਣਿ ਸਲੋਨੜੀਏ, ਰੈਣਿ ਅੰਧਿਆਰੀ ਰਾਮ ।
ਵਖਰੁ ਰਾਖੁ ਮੁਈਏ, ਆਵੈ ਵਾਰੀ ਰਾਮ ।
ਵਾਰੀ ਆਵੈ ਕਵਣੁ ਜਗਾਵੈ, ਸੂਤੀ ਰਸੁ ਜਮ ਚੂਸਏ ।
ਰੈਣਿ ਅੰਧੇਰੀ ਕਿਆ ਪਤਿ ਤੇਰੀ, ਚੋਰੁ ਪੜੇ ਘਰ ਮੂਸਏ ।
ਦੂਜਾ ਪਹਿਰ ਭਇਆ, ਜਾਗ ਅਚੇਤੀ ਰਾਮ ।
ਮਾਇਆ ਸੁਤ ਦਾਰਾ, ਦੂਖਿ ਸੰਤਾਪੀ ਰਾਮ ।
ਚਉਥਾ ਪਹਰੁ ਭਇਆ, ਦਉਤ ਬਿਹਾਗੈ ਰਾਮ ।
ਤਿਨ ਘਰੁ ਰਾਖਿਅੜਾ ਜੋ ਅਨਦਿਨੁ ਜਾਗੈ ਰਾਮ ।
ਕਰਿ ਕੰਪ ਚਰਣ, ਸਰੀਰ ਕੰਪੈ, ਨੈਣ ਅੰਧੁਲੈ ਤਨਿ ਭਸਮ ਸੇ ।
ਨਾਨਕ ਦੁਖੀਆ ਜੁਗ ਚਾਰੇ, ਬਿਨ ਨਾਮ ਹਰਿ ਕੈ ਮਨਿ ਵਸੈ ।

ਜਾਂ ਇਹ ਕਾਇਆਂ ਦੇ ਪਿੰਜਰੇ ਵਿਚੋਂ ਹੰਸ ਦਾ ਉਡਣਾ ਹੈ :—

ਧੰਨ ਸਿਰੰਦਾ ਸਚਾ ਪਾਤਿਸਾਹੁ, ਜਿਨਿ ਜਗੁ ਧੰਧੈ ਲਾਇਆ ।
ਮੁਹਲਤਿ ਪੁਨੀ ਪਾਈ ਭਰੀ, ਜਾਨੀਅੜਾ ਘਤਿ ਚਲਾਇਆ ।
ਜਾਨੀ ਘਤਿ ਚਲਾਇਆ, ਲਿਖਿਆ ਆਇਆ ਰੁਨੇ ਵੀਰ ਸਬਾਏ ।
ਕਾਇਆ ਹੰਸ ਥੀਆ ਵੇਛੋੜਾ ਜਾ ਦਿਨ ਪੁਨੇ ਮੇਰੀ ਮਾਇ ।
ਜੇਹਾ ਲਿਖਿਆ ਤੇਹਾ ਪਾਇਆ ਜੇਹਾ ਪੁਰਬ ਕਮਾਇਆ ।
ਧੰਨ ਸਿਰੰਦਾ ਸਚਾ ਪਾਤਸ਼ਾਹ ਜਿਨਿ ਜਗ ਧੰਧੇ ਲਾਇਆ ।

ਜਾਂ ਜੋਬਨ ਦੇ ਫੁਲਾਂ ਦਾ ਮੁਰਝਾਉਣਾ ਜਾਂ ਚੋਲੇ ਦੇ ਪੁਰਾਣੇ ਹੋਣ ਤੇ ਉਸ ਨੂੰ ਲਾਹ ਕੇ ਨਵਾਂ ਨਕੋਰ ਪਹਿਨਣਾ ਹੈ ।

ਧਨੁ ਜੋਬਨ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ।
ਪਬਣਿ ਕੇਰੇ ਪਤ ਜਿਉ, ਢਲਿ ਢੁਲਿ ਜੁਮਣ ਹਾਰ ।
ਰੰਗੁ ਮਾਣਿ ਲੈ ਪਿਆਰਿਆ, ਜਾਂ ਜੋਬਨੁ ਨਿਉਹੁਲਾ ।
ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ।
ਸਜਣ ਮੇਰੇ ਰੰਗੁਲੇ, ਜਾਇ ਸੁਤੇ ਜੀਰਾਣਿ ।
ਹੰਭੀ ਵੰਞਾਂ ਡੁੰਮਣੀ, ਰੋਵਾਂ ਝੀਣੀ ਬਾਣਿ ।
ਕੀ ਨ ਸੁਣੇਹੀ ਗੋਰੀਏ, ਆਪਣ ਕੰਨੀ ਸੋਏ ।
ਲਗੀ ਆਵਹਿ ਸਾਹੁਰੈ, ਨਿਤ ਨ ਪੇਈਆ ਹੋਇ ।

ਜਾਂ ਇਹ ਘਟਾ ਤੇ ਚਮਕਦੀ ਬਿਜੁਲੀ ਤੇ ਸੁੰਨੀ ਸੇਜ ਤੋਂ ਡਰੀ ਨਾਰ ਦੀ ਸਿਕ ਹੈ, ਪਰਦੇਸੀ ਪਿਰ ਲਈ, ਜਿਸ ਨੂੰ ਉਹ ਕੋਠੇ ਤੇ ਚੜ੍ਹੀ ਉਡੀਕ ਰਹੀ ਹੈ :—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਹਦਿਸ ਛਤ੍ਰ ਮੇਘ ਘਟਾ ਘਟ, ਦਾਮਿਨ ਚਮਕਿ ਡਰਾਇਓ ।
ਸੇਜ ਇਕੇਲੀ, ਨੀਂਦ ਨਹੁ ਨੈਨਹੁ, ਪਿਰੁ ਪਰਦੇਸਿ ਸਿਧਾਇਓ ।
ਹੁਣ ਨਹੀਂ ਸੰਦੇਸਰੋ ਮਾਇਓ ।
ਏਕ ਕੋਸਰੋ ਸਿਧਿ ਕਰਤ ਲਾਲੁ, ਤਬ ਚਤੁਰ ਪਾਤਰੋ ਆਇਓ ।
ਮੰਦਰਿ ਚਰਿ ਕੈ ਪੰਥੁ ਨਿਹਾਰਉ, ਨੈਨ ਨੀਰਿ ਭਰਿ ਆਇਓ ।
ਹਉ ਹਉ ਭੀਤਿ ਭਇਓ ਹੈ ਬੀਚੋ, ਸੁਨਤ ਦੇਸਿ ਨਿਕਟਾਇਓ ।
ਭਾਂਭੀਰੀ ਕੇ ਪਾਤ ਪਾਰਦੋ, ਬਿਨੁ ਪੇਖੈ ਦੂਰਾਇਓ ।

ਜਾਂ ਇਹ ਕੁਚੱਜੀ ਕੁੜੀ ਦਾ ਆਪਣੀ ਮਾਂ ਨੂੰ ਦੋਸ ਦੇਣਾ ਹੈ, ਜਿਸ ਨੇ ਉਸ ਨੂੰ ਸਹੁ ਰਾਵਣ ਦੇ ਯੋਗ ਨਹੀਂ ਬਣਾਇਆ :—

ਮੰਞੁ ਕੁਚਜੀ ਅਮਾਵਣ ਡੋਸੜੇ,
ਹਉ ਕਿਉ ਸਹੁ ਰਾਵਣਿ ਜਾਉ ਜੀਉ ।
ਇਕਦੂ ਇਕਿ ਚੜੰਦੀਆ, ਕਉਣ ਜਾਣੈ ਮੇਰਾ ਨਾਉ ਜੀਉ ।
ਜਿਨੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹਿ ਜੀਉ ।
ਸੇ ਗੁਣ ਮੰਞ ਨਾ ਆਵਨੀ, ਹਉ ਕੈ ਜੀ ਦੋਸ ਧਰੇਉ ਜੀਉ ।
ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ ।
ਹਉ ਏਨੀ ਟੋਲੀ ਭੁਲੀਅਸ, ਤਿਸ ਕੰਤ ਨਾ ਬੈਠੀ ਪਾਸਿ ਜੀਉ ।
ਅੰਬਰਿ ਕੂੰਜਾ ਕੁਰਲੀਆ ਬਗ ਬਹਿਠੇ ਆਇ ਜੀਉ ।
ਸਾਧਨ ਚਲੀ ਸਾਹੁਰੈ ਕਿਆ ਮੁਹੁ ਦੇਸੀ ਅਗੈ ਜਾਇ ਜੀਉ ।
ਸੁਤੀ ਸੁਤੀ ਝਾਲ ਥੀਆ ਭੁਲੀ ਵਾਟੜੀਅਸੁ ਜੀਉ ।
ਤੈ ਸਹ ਨਾਲਹੁ ਮੁਤੀਅਸੁ ਦੁਖਾ ਕੂੰ ਧਰੀਆਸੁ ਜੀਉ ।

ਜਾਂ ਇਹ ਭਰ ਸਾਗਰ ਵਿਚ ਠਿਲ੍ਹਣਾ ਹੈ ਬਿਨ ਬੇੜੀ, ਜਾਂ ਥੋੜ੍ਹ-ਚਿਰੇ ਕੁਸੰਭੇ ਨਾਲ ਪ੍ਰੀਤ ਪਾਣੀ ਹੈ ਜਾਂ ਕਿਸੇ ਪਤਲੀ ਨਾਰ ਦੀ ਸਹੁ ਦੇ ਕਰਾਰੇ ਬੋਲਾਂ ਅਗੇ ਪੇਸ਼ ਨਾ ਜਾਣੀ ਹੈ ਜਾਂ ਇਹ ਹੰਸ ਦਾ ਉਦਾਸ ਹੋ ਟੁਰਨਾ ਹੈ :—

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ।
ਭਰਿ ਸਰਵਰੁ ਜਬ ਊਛਲੇ ਤਬ ਤਰਣੁ ਦੁਹੇਲਾ ।
ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ।
ਇਕ ਆਪੀਨੈ ਪਤਲੀ ਸਹ ਕੇਰੇ ਬੋਲਾ ।
ਦੁਧਾ ਥਣੀ ਨ ਆਵਈ ਫਿਰਿ ਹੋਇ ਨਾ ਮੇਲਾ ।
ਕਹੇ ਫਰੀਦ ਸਹੇਲੀਹੋ ਸਹੁ ਅਲਾਏਸੀ ।
ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂ ਇਹ ਉਡੀਕਦੀ, ਜਾਗਦੀ ਉਦਾਸ ਪਤਨੀ ਦਾ ਹਾਵਾ ਹੈ :—

ਮੋਹਨ ਨੀਂਦ ਨ ਆਵੈ, ਹਾਵੈ, ਹਾਰ ਕਜਰ ਬਸਤ੍ਰ ਅਭਰਨ ਕੀਨੇ ।
ਉਡੀਨੀ ਉਡੀਨੀ, ਉਡੀਨੀ,
ਕਬ ਘਰਿ ਆਵੈ ਰੀ ।

ਗੁਰੂ ਤੇਗ ਬਹਾਦਰ ਦੀ ਬਾਣੀ ਵਿਚ ਵੈਰਾਗ ਸਭ ਤੋਂ ਵਧੀਕ ਹੈ, ਤੇ ਉਥੇ ਮੌਤ ਦਾ ਚੇਤਾ ਤੇ ਦੁਨੀਆਂ ਦੀ ਨਾਸ਼ਮਾਨਤਾ ਮਨ ਨੂੰ ਕੰਪਾਇਮਾਨ ਹੀ ਤਾਂ ਕਰ ਦੇਂਦੇ ਹਨ ।

ਭਯਾਨਕ ਰਸ ਭਾਵੇਂ ਘਟ ਹੈ, ਪਰ ਭੈ ਤੇ ਭਾਉ ਦੋਹਾਂ ਨੂੰ ਹੀ ਵਸੀਲਾ ਮੰਨਿਆ ਹੈ, ਪਰਮ-ਪਦ ਦੀ ਪ੍ਰਾਪਤੀ ਦਾ, ਜ਼ੋਰ, ਬਹੁਤਾ ਭਾਉ ਉਤੇ ਦਿਤਾ ਹੈ :—

'ਭੈ ਕੀਆ ਦੇਹਿ ਸਲਾਈਆਂ ਨੈਣੀ ਭਾਉ ਕਾ ਕਰਿ ਸੀਗਾਰੋ ।'

ਹੋਰ ਸੀਗਾਰ ਸਾਰਾ ਭਾਉ ਦਾ ਹੈ, ਕੇਵਲ ਵੇਖਣ ਵਾਲੀ ਅਖੜੀ ਵਿਚ ਸੁਰਮਾ ਭੈ ਦਾ ਪਾਇਆ ਜਾਏ, ਤਾਂ ਜੁ ਓਥੋਂ ਸ਼ੋਖ਼ੀ, ਹਉਮੈ ਤੇ ਚੰਚਲਤਾ ਟਪਕਣ ਦੀ ਥਾਂ ਸ਼ਰਮ, ਰਜ਼ਾ ਤੇ ਹਲੀਮੀ ਝਰੇ । ਗੁਰੂ ਨਾਨਕ ਨੇ ਤਾਂ ਪਉਣ, ਪਾਣੀ, ਬੈਸੰਤਰ, ਆਦਿਕ ਕੁਦਰਤੀ ਤਾਕਤਾਂ ਤੇ ਦੇਵੀ ਦੇਵਤੇ, ਆਦਿਕ ਸਭ ਨੂੰ ਰੱਬ ਦੇ ਭੈ ਵਿਚ ਬੱਧਾ ਕਾਰ ਕਰਦਾ ਦਰਸਾਇਆ ਹੈ :—

ਭੈ ਵਿਚਿ ਪਉਣ ਵਹੈ ਸਦਵਾਉ ।
ਭੈ ਵਿਚਿ ਚਲਹਿ ਲਖ ਦਰੀਆਉ ।
ਭੈ ਵਿਚਿ ਅਗਨ ਕਢੈ ਵੇਗਾਰਿ ।
ਭੈ ਵਿਚਿ ਧਰਤੀ ਦਬੀ ਭਾਰਿ ।
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ।
ਭੈ ਵਿਚਿ ਰਾਜਾ ਧਰਮ ਦੁਆਰੁ
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ।
ਕੋਹ ਕਰੋੜੀ ਚਲਤ ਨ ਅੰਤੁ ।
ਭੈ ਵਿਚਿ ਸਿਧ ਬੁਧ ਸੁਰ ਨਾਥ ।
ਭੈ ਵਿਚਿ ਆਡਾਣੇ ਆਕਾਸ ।
ਭੈ ਵਿਚਿ ਜੋਧ ਮਹਾਬਲ ਸੂਰ ।
ਭੈ ਵਿਚਿ ਆਵਹਿ ਜਾਵਹਿ ਪੂਰ ।
ਸਗਲਿਆ ਭਉ ਲਿਖਿਆ ਸਿਰ ਲੇਖ ।
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ।

ਜਾਂ :—

ਡਰਪੈ ਧਰਤਿ ਅਕਾਸੁ ਨਖਤ੍ਰਾ, ਸਿਰ ਊਪਰਿ ਅਮਰੁ ਕਰਾਰਾ ।
ਪਉਣੁ ਪਾਣੀ ਬੈਸੰਤਰੁ ਡਰਪੈ, ਡਰਪੈ ਇੰਦ੍ਰ ਬਿਚਾਰਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫਿਰ ਮਨੁਖ ਵੀ ਕਿਉਂ ਨਾ ਉਸਦੇ ਭੈ ਵਿਚ ਥਰਹਰ ਕੰਬਦਾ ਹੋਵੇ :—

ਥਰ ਹਰ ਕੰਪੈ ਮੇਰਾ ਬਾਲਾ ਜੀਉ ।
ਨਾ ਜਾਣਾ ਕਿਆ ਕਰਸੀ ਪੀਉ ।
ਰੈਨ ਗਈ ਮਤ ਦਿਨ ਬੀ ਜਾਇ ।
ਭਵਰ ਗਏ, ਬਗ ਬੈਠੇ ਆਇ ।
ਕਾਚੇ ਕਰਵੇ ਰਹੇ ਨਾ ਪਾਨੀ ।
ਹੰਸ ਚਲਿਆ ਕਾਇਆਂ ਕੁਮਲਾਨੀ ।

ਜਾਂ :—

ਭੈ ਤੇਰੇ ਡਰ ਅੱਗਲਾ ਖਪ ਖਪ ਛਿਜੈ ਦੇਹਿ ।
ਨਾਉ ਜਿਨਾ ਸੁਲਤਾਨ ਖਾਨ, ਹੁੰਦੇ ਡਿਠੇ ਖੇਹਿ ।

ਤੇ ਜੋ ਭੈ ਵਿਚ ਜੀਵਨ ਨੂੰ ਨਾ ਚਲਾਵੇ, ਉਸਦਾ ਅੰਤ ਬੜਾ ਭੀਹਾਵਲਾ ਹੁੰਦਾ ਦਸਿਆ ਹੈ :—

੧. ਅੰਤਰਿ ਚੋਰ ਮੁਹੈ ਘਰੁ ਮੰਦਰੁ,
ਇਨ ਸਾਕਤਿ ਦੂਤੁ ਨਾ ਜਾਤਾ ਹੇ ।
ਦੂੰਦਰਿ ਦੂਤ ਭੂਤ ਬੀਹਾਲੇ,
ਖਿੰਚੋਤਾਣ ਕਰਹਿ ਬੇਤਾਲੇ,
ਸਬਦ ਸੁਰਤਿ ਬਿਨੁ ਆਵੈ ਜਾਵੈ,
ਪਤਿ ਖੋਈ ਆਵਤ ਜਾਤਾ ਹੇ ।
ਜਮ ਦਰਿ ਬਾਧੇ ਮਿਲਹਿ ਸਜਾਈ,
ਤਿਸੁ ਅਪਰਾਧੀ ਗਤਿ ਨਹੀਂ ਕਾਈ ।
ਕਰਣ ਪਲਾਵ ਕਰੇ ਬਿਲਲਾਵੇ,
ਜਿਉ ਕੁੰਡੀ ਮੀਨੁ ਪਰਾਤਾ ਹੇ ।
ਸਾਕਤੁ ਫਾਸੀ ਪੜੈ ਇਕੇਲਾ,
ਜਮ ਵਸਿ ਕੀਆ ਅੰਧੁ ਦੁਹੇਲਾ ।
ਰਾਮ ਨਾਮ ਬਿਨੁ ਮੁਕਤਿ ਨਾ ਸੂਝੈ,
ਆਜੁ ਕਾਲਿ ਪਚ ਜਾਤਾ ਹੇ ।

੨. ਕਾਲ ਚਲਾਏ ਬੰਨ੍ਹਿ ਕੋਇ ਨ ਰਖਸੀ ।
ਜਰੁ ਜਰਵਾਣਾ ਕੰਨਿ, ਚੜਿਆ ਨਚਸੀ ।
ਸਤਿਗੁਰੁ ਬੋਹਿਥੁ ਬੇੜਾ ਸਚਾ ਰਖਸੀ ।
ਅਗਨਿ ਭਖੈ ਭੜਹਾੜੁ, ਅਨਦਿਨੁ ਭਖਸੀ ।
ਫਾਥਾ ਚੁਗੈ ਚੋਗੁ, ਹੁਕਮੀ ਛੁਟਸੀ ।
ਕਰਤਾ ਕਰੇ ਸੁ ਹੋਗੁ, ਕੂੜੁ ਨਿਖੁਟਸੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੩. ਪਾਪ ਕਰੇਂਦੜ ਸਰਪੁਰ ਮੁਠੇ ।
ਅਜਰਾਈਲ ਫੜੇ ਫੜਿ ਕੁਠੇ ।
ਦੋਜਕਿ ਪਾਏ ਸਿਰਜਣਹਾਰੈ, ਲੇਖਾ ਮੰਗੈ ਬਾਣੀਆ ।
ਕਰਣ ਕਰੀਮ ਨਾ ਜਾਤੋ ਕਰਤਾ, ਤਿਲ ਪੀੜੇ ਜਿਉ ਘਾਣੀਆ ।

ਇਹ 'ਥਰਹਰ ਕੰਪੈ', 'ਤਿਲ ਪੀੜੇ ਜਿਉਂ ਘਾਣੀਆ', 'ਅਜਰਾਈਲ ਫੜੇ ਫੜ ਕੁਠੇ', 'ਦੂੰਦਰ ਦੂਤ ਭੂਤ ਭੀਹਾਲੇ', 'ਅਮਰ ਕਰਾਰਾ', 'ਅਗਨਿ ਭਖੈ ਭੜਹਾੜੁ', 'ਫਾਥਾ ਚੁਗੈ ਚੋਗ', 'ਜਰ ਜਰਵਾਣਾ ਕੰਨਿ ਚੜ੍ਹਿਆ ਨਚਸੀ', ਆਦਿਕ ਸ਼ਬਦ-ਚਿੱਤਰ ਮਨ ਨੂੰ ਭਯਾਨਕਤਾ ਨਾਲ ਵੇੜ੍ਹ ਹੀ ਤਾਂ ਦੇਂਦੇ ਹਨ ।

ਰੌਦ੍ਰ ਰਸ ਕ੍ਰੋਧ ਦੇ ਜਜ਼ਬੇ ਅੰਦਰ ਛੇੜਦਾ ਹੈ । ਜਦ ਸੰਸਾਰ ਉਤੇ ਉਪਦ੍ਰਵ ਹੁੰਦਾ ਹੋਵੇ ਜਾਂ ਮਨੁਖ ਆਪਣੀ ਹੋਣੀ ਨੂੰ ਨਾ ਪਛਾਣਦਾ ਹੋਇਆ ਜਾਂ 'ਹਉ' ਵਿਚ ਬਧਾ, ਸੱਤ ਅਸੱਤ ਦੇ ਗਿਆਨ ਤੋਂ ਅਣਜਾਣ, ਭਰਮ-ਭੁਲੇਖੇ ਜਾਂ ਔਗੁਣਾਂ ਦੀ ਫਾਹੀ ਵਿਚ ਜਾ ਫਸਦਾ ਹੈ, ਤਾਂ ਕਵੀ ਦਾ ਉਸ ਲਈ ਤਰਸ ਕ੍ਰੋਧ ਬਣ ਨਿਬੜਦਾ ਹੈ— 'ਲਾਲਚ ਛੋਡਹੁ ਅੰਧਿਉ', 'ਕੂੜੁ ਰਾਜਾ, ਕੂੜੁ ਪਰਜਾ, ਕੂੜੁ ਸਭੁ ਸੰਸਾਰੁ', 'ਧ੍ਰਿਗ ਤਿਨਾ ਦਾ ਜੀਵਿਆ ਜੋ ਲਿਖਿ ਲਿਖਿ ਵੇਚੈ ਨਾਉ', 'ਝੜਿ ਝੜਿ ਪਵਦੇ ਕਚੇ ਬਿਰਹੀ', 'ਭਾਹੀ ਸੇਤੀ ਜਾਲੇ', 'ਬਲਦੀ ਅੰਦਰ ਤੇਲ ਦੁਬਧਾ ਘਤਿਆ', 'ਲੂਣ-ਹਰਾਮੀ ਨਾਨਕ ਲਾਲਾ', 'ਤਿਲ ਪੀੜੇ ਜਿਉ ਘਾਣੀਆ', 'ਜਗ ਕਊਆ, ਮੁਖਿ ਚੁੰਚ ਗਿਆਨ', 'ਵਾਊ ਸੰਦੇ ਕਪੜੇ ਪਹਰੈ ਗਰਬਿ ਗਵਾਰ', 'ਤੁਹ ਕੁਟਹਿ ਮਨਮੁਖ ਕਰਮ ਕਰਹਿ', ਆਦਿਕ ਵਿਚ ਤਾਂ ਕੇਵਲ ਮਨੁੱਖ ਦੀਆਂ ਵਿਅਕਤੀਗਤ ਆਦਤਾਂ ਉਤੇ ਹੀ ਰੋਦਰ ਵਿਚ ਡੋਬ ਕੇ ਬਚਨ ਆਖੇ ਹਨ, ਪਰ ਜਦ ਸਮਾਜੀ, ਖ਼ਾਸ ਕਰ ਰਾਜਸੀ, ਅਧੋਗਤੀ ਹੁੰਦੀ ਵੇਖੀ ਹੈ, ਤਦ ਤਾਂ ਰੋਦਰ ਕਹਿਰ ਹੋ ਵਗਿਆ ਹੈ :—

'ਏਤੀ ਮਾਰ ਪਈ ਕੁਰਲਾਣੈ, ਤੈ ਕੀ ਦਰਦ ਨਾ ਆਇਆ ?' ਆਖ ਕੇ ਗੁਰੂ ਨਾਨਕ ਦੇਵ ਜੀ ਨੇ ਰੱਬ ਨੂੰ ਵੀ ਆਪਣੇ ਰੋਦਰ ਦੀ ਮਾਰ ਤੋਂ ਬਾਹਰ ਨਹੀਂ ਰਖਿਆ, ਰਾਜੇ ਰਾਣੇ ਸਰਦਾਰਾਂ ਦਾ ਤਾਂ ਕਹਿਣਾ ਹੀ ਕੀ ਹੈ ?

੧. ਰਾਜੇ ਸੀਹ ਮੁਕੱਦਮ ਕੁਤੇ,
ਜਾਇ ਜਗਾਇਨਿ ਬੈਠੇ ਸੁਤੇ ।
ਚਾਕਰ ਨਹਦਾ ਪਾਇਨਿ ਘਾਉ ।
ਰਤੁ ਪਿਤੁ ਕੁਤਿਹੋ ਚਟਿ ਜਾਉ ।
ਜਿਥੈ ਜੀਆ ਹੋਸੀ ਸਾਰ ।
ਨਕੀ ਵਢੀ ਲਾਇਤਬਾਰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੨. ਲਬੁ ਪਾਪੁ ਦੁਇ ਰਾਜਾ ਮਹਿਤਾ, ਕੂੜ ਹੋਆ ਸਿਕਦਾਰ ।
ਕਾਮ ਨੇਬ ਸਦ ਪੁਛੀਐ, ਬਹਿ ਬਹਿ ਕਰੈ ਵੀਚਾਰ ।
ਅੰਧੀ ਰਈਅਤ, ਗਿਆਨ ਵਿਹੂਣੀ, ਭਾਹਿ ਭਰੇ ਮੁਰਦਾਰ ।

੩. ਕਲਿ ਕਾਤੀ, ਰਾਜੇ ਕਸਾਈ,
ਧਰਮ ਪੰਖ ਕਰ ਉਡਰਿਆ ।
ਕੂੜ ਅਮਾਵਸ ਸਚ ਚੰਦ੍ਰਮਾ,
ਦੀਸੈ ਨਾਹੀ ਕੈ ਚੜ੍ਹਿਆ ।

ਬਾਬਰ ਦੇ ਹੱਲੇ ਵੇਲੇ ਹਿੰਦੁਸਤਾਨ ਦੀ ਹੋਈ ਅਧੋਗਤੀ ਉਤੇ ਤਾਂ ਗੁਰੂ ਨਾਨਕ ਭਰ ਰੋਦਰ ਵਿਚ ਆ ਕਹਿਰ ਰੁੰਨੇ ਹਨ :—

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ।
ਪਾਪ ਕੀ ਜੰਞ ਲੈ ਕਾਬਲਹੁ ਧਾਇਆ, ਜੋਰੀ ਮੰਗੈ ਦਾਨੁ ਵੇ ਲਾਲੋ ।
ਸਰਮੁ ਧਰਮ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ।
ਕਾਜੀਆਂ ਬਾਮਣਾ ਕੀ ਗਲ ਥਕੀ, ਅਗਦੁ ਪੜੈ ਸੈਤਾਨ ਵੇ ਲਾਲੋ ।
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ, ਰਤੁ ਕਾ ਕੁੰਗੂ ਪਾਇ ਵੇ ਲਾਲੋ ।

ਜਾਂ :—

'ਕਾਇਆ ਕਪੜੁ ਟੁਕ ਟੁਕ ਹੋਸੀ, ਹਿੰਦੁਸਤਾਨ ਸਮਾਲਸੀ ਬੋਲਾ ।'

ਤੇ ਜਿਨ੍ਹਾਂ ਨੇ ਹਿੰਦ ਦੇ ਰਤਨ ਨੂੰ ਮਿੱਟੀ ਵਿਚ ਰੋਲਿਆ, ਉਨ੍ਹਾਂ ਨੂੰ ਗੁਰੂ ਨਾਨਕ ਮੁਆਫ਼ ਨਹੀਂ ਕਰ ਸਕਦੇ :—

'ਰਤਨ ਵਿਗਾੜਿ, ਵਿਗੋਏ ਕੁਤੀ,
ਮੁਇਆ ਸਾਰ ਨਾ ਕਾਈ ।'

ਇਸ ਤੋਂ ਗੁਰੂ-ਕਵੀਆਂ ਦੇ ਡੂੰਘੇ ਦੇਸ-ਪਿਆਰ ਦੀ ਵੀ ਹਾਥ ਲਈ ਜਾ ਸਕਦੀ ਹੈ ਤੇ ਇਸ ਸਚਿਆਈ ਦੀ ਵੀ ਕਿ ਉਨ੍ਹਾਂ ਅਨੁਸਾਰ ਆਤਮਕ ਆਦਰਸ਼ ਕੋਈ ਪਰਨ ਨਹੀਂ ਸੀ ਹੋ ਸਕਦਾ ਜਿਸ ਲਈ ਸੁਤੰਤ੍ਰ, ਰਜਿਆ ਪੁਜਿਆ, ਅਖ਼ਲਾਕੀ ਸਮਾਜਕ ਆਲਾ ਦੁਆਲਾ ਨਾ ਹੋਵੇ ।

ਵੀਰ ਰਸ ਆਮ ਕਰਕੇ ਯੁੱਧ ਦੀ ਭਾਵਨਾ ਨੂੰ ਚਮਕਾਉਣ ਲਈ ਪੈਦਾ ਕੀਤਾ ਜਾਂਦਾ ਹੈ । ਸ਼ਬਦਾਂ, ਅਲੰਕਾਰਾਂ ਵਿਚ ਵਧੀਕ ਕੜਾਕਾ ਤੇ ਜੋਸ਼ ਗੁੰਨ੍ਹਿਆ ਜਾਂਦਾ ਹੈ, ਜਿਹੜੇ ਲਹੂ ਨੂੰ ਖੌਲਾਣ ਤੇ ਜਜ਼ਬੇ ਵਿਚ ਗਰਮੀ ਤੇ ਤ੍ਰਿਖ ਪੈਦਾ ਕਰਨ । ਗੁਰੂ ਗ੍ਰੰਥ ਦੀ ਬਾਣੀ ਵਿਚ ਵੀ ਹੈ ਇਵੇਂ ਹੀ, ਭਾਵੇਂ ਇਥੇ ਯੁਧ ਮਨੁੱਖ ਆਪਣੇ ਆਪ ਨਾਲ ਵੀ ਓਵੇਂ ਹੀ ਕਰਦਾ ਹੈ ਜਿੰਨਾ ਸਮਾਜਕ ਪਾਪ ਨਾਲ :—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੧. ਹਉ ਗੋਸਾਈ ਕਾ ਪਹਿਲਵਾਨੜਾ ।
ਮੈ ਗੁਰ ਮਿਲ ਉਚਿ ਦੁਮਾਲੜਾ ।
ਸਭ ਹੋਈ ਛਿੰਜ ਇਕੱਠੀਆ ।
ਦੂਯ ਬੈਠਾ ਵੇਖੇ ਆਪ ਜੀਉ ।
ਵਾਤ ਵਜਨ, ਢੰਮਕ ਭੇਰੀਆ ।
ਮਲ ਲਥੇ ਲੈਂਦੇ ਫੇਰੀਆਂ ।......
ਹਉ ਬਾਹੁੜ ਛਿੰਜ ਨਾ ਨਚਿਉਂ ।
ਨਾਨਕ ਅਵਸਰ ਲਧਾ ਭਾਲ ਜੀਉ ।

੨. ਆਪੈ ਛਿੰਝ ਪਵਾਇ, ਮਲਾਖੜਾ ਰਚਿਆ ।
ਲਥੇ ਲੜਬੂ ਪਾਇ, ਗੁਰਮੁਖਿ ਮਚਿਆ ।
ਮਨਮੁਖ ਮਾਰੇ ਪਛਾੜਿ, ਮੂਰਖ ਕਚਿਆ ।
ਆਪ ਭਿੜੈ ਮਾਰੇ ਆਪਿ, ਆਪਿ ਕਾਰਜ ਰਚਿਆ ।

ਅਦਭੁਤ ਰਸ ਤਾਂ ਇਸ ਕਵਿਤਾ ਦੇ ਪਿੰਡੇ ਵਿਚ ਇਵੇਂ ਰਚਿਆ ਹੈ, ਜਿਵੇਂ ਸਾਡੇ ਸ੍ਰੀਰ ਵਿਚ ਲਹੂ, ਕਿਉਂ ਜੁ ਜਿਵੇਂ ਸਾਡਾ ਆਦਰਸ਼-ਰਬ 'ਅਚਰਜ' ਹੈ, ਇਵੇਂ ਹੀ ਕੁਦਰਤ ਉਹਦੀ 'ਬਿਸਮਾ' ਹੈ । ਨਾ ਕੇਵਲ ਪਉਣ, ਪਾਣੀ, ਅਗਨੀ, ਧਰਤੀ ਤੇ ਖਾਣੀਆਂ ਸਾਨੂੰ ਵਿਸਮਾਦ ਕਰਦੀਆਂ ਹਨ, ਸਗੋਂ ਹਰ ਤਰ੍ਹਾਂ ਦੇ ਨਾਦ ਤੇ ਵੇਦ ਵੀ । ਵਿਸਮਾਦ ਕਰਦੇ ਹਨ, ਸਾਨੂੰ ਜੀਅ ਤੇ ਉਨ੍ਹਾਂ ਦੇ ਭੇਦ ਵੀ, ਜਿਹੜੀ ਭੁਖ ਸਾਨੂੰ ਲਗਦੀ ਤੇ ਭੋਗ ਅਸੀਂ ਭੋਗਦੇ ਹਾਂ, ਨਹੀਂ ਨਹੀਂ, ਉਹ ਰਾਹ ਵੀ ਤੇ ਰਾਹੋਂ ਭਟਕਣਾ ਵੀ ਸਾਨੂੰ ਵਿਸਮਾਦ ਕਰਦਾ ਹੈ, ਜਿਸ ਉਤੇ ਅਸੀਂ ਤੁਰਦੇ ਹਾਂ ਜਾਂ ਨਹੀਂ ਤੁਰਦੇ, ਸੰਜੋਗ-ਵਿਜੋਗ, ਰੂਪ-ਰੰਗ, ਨੇੜਾ ਤੇ ਦੂਰੀ ਸਭੇ ਹੀ ਵਿਸਮਾਦ ਦਾ ਰੰਗ ਆਪਣੇ ਵਿਚ ਲੁਕਾਈ ਬੈਠੇ ਹਨ ਤੇ ਜਦ ਆਦਰਸ਼ ਦਾ ਨੰਗਾ ਦੀਦਾਰ ਸਾਨੂੰ ਹੁੰਦਾ ਹੈ ਤਾਂ ਅਸੀਂ ਬਿਸਮ ਹੋ ਜਾਂਦੇ ਹਾਂ :—

ਹਉ ਬਿਸਮ ਭਈ ਜੀ, ਹਰਿ ਦਰਸਨ ਦੇਖਿ ਅਪਾਰਾ ।
ਮੇਰਾ ਸੁੰਦਰ ਸੁਆਮੀ ਜੀ, ਹਉ ਚਰਣ ਕਮਲ ਪਗ ਛਾਰਾ ।

ਵੇਖਦੇ ਹਾਂ ਤੇ ਵਿਗਸਦੇ ਹਾਂ ਕਿ ਕਿੰਨਾ ਕੁਝ ਅਚਰਜ ਹੈ, ਜੋ ਸਾਡੇ ਸਾਹਮਣੇ ਆਪਣੀ ਜਗਦੀ ਆਭਾ ਵਿਚ ਜਾਗਿਆ ਹੈ ਤੇ ਸੋਚਦੇ ਹਾਂ ਤੇ ਵਿਸਮਾਦ ਹੁੰਦੇ ਹਾਂ ਕਿ ਇਹ ਕੁਝ ਹੈ ਕਿ ਨਹੀਂ ਹੈ? ਇਸ ਦਾ ਆਦਿ ਕੀ ਤੇ ਅੰਤ ਕੀ ਹੈ? ਅਸੀਂ ਆਏ ਕਿਥੋਂ, ਕਿਉਂ ਤੇ ਕਿਥੇ ਅਸਾਂ ਜਾਣਾ ਹੈ ? ਸੋਚਿਆਂ ਸੋਚ ਨਹੀਂ ਹੁੰਦੀ, ਚੁਪਿਆਂ ਚੁਪ ਨਹੀਂ ਬਲਦੀ ਅੱਗ ਨੂੰ ਠਾਰਦੀ, ਪੂਰੀਆਂ ਦੇ ਭਾਰ ਪਲੇ ਬੰਨ੍ਹ ਲਈਏ, ਤਾਂ ਵੀ ਅੰਦਰਲੀ ਭੁਖ ਨਹੀਂ ਪੂਰਦੀ, ਚਤੁਰਾਈ ਸਾਰੀ ਖੰਭ ਝਾੜ ਬਹਿੰਦੀ ਹੈ, ਕਿਉਂਕਿ ਸਾਰਾ ਕੁਝ ਅਦਭੁਤ ਤੇ ਵਿਸਮਾਦ ਜੋ ਹੋਇਆ । ਸ੍ਰਿਸ਼ਟੀ ਦਾ ਮੁੱਢ ਵੀ 'ਬਿਸਮਾਦ ਕਥੀਅਲੇ' ਵਿਚ ਹੈ :—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਆਦਿ ਕਉ ਬਿਸਮਾਦੁ ਬਿਚਾਰ ਕਥੀਅਲੇ,
ਸੁੰਨ ਨਿਰੰਤਰਿ ਵਾਸੁ ਲੀਆ ।'

ਉਸਦਾ ਹੁਕਮ ਵੀ ਵਿਸਮਾਦ ਹੈ, ਤੇ ਹੁਕਮ ਦੀ ਪਛਾਣ ਵੀ, ਭਾਵੇਂ ਉਹ ਹੁਕਮ 'ਲਿਖਿਆ ਨਾਲ' ਹੈ ਤੇ ਸਾਡੇ ਘਟਿ ਘਟਿ ਵਿਚ ਵਜ ਰਿਹਾ, ਬਨਰਾਇ ਵਿਚ ਮੌਲ ਰਿਹਾ, ਧਰਤ ਆਕਾਸ਼ ਵਿਚ ਗੂੰਜ, ਰਿਹਾ ਹੈ । ਜਦ ਉਸਦਾ ਗਿਆਨ ਅੰਦਰ ਜਾਗਦਾ ਹੈ, ਤਾਂ 'ਅੰਤਰ ਕਮਲੁ ਪ੍ਰਗਾਸ ਥੀਆ ।' ਜੇ ਪੁਛੋ ਆਤਮਾ ਨੂੰ, ਤੈਨੂੰ ਕੀ ਲਭਾ ? ਤਾਂ ਉਹ ਗੁੰਗੇ ਦੀ ਖਾਧੀ ਮਿਠਿਆਈ ਵਾਂਗ ਬੋਲਦੀ ਨਹੀਂ, ਕਿਉਂ ਜੁ ਅਕਥਾ ਤਥਾ ਲਖੀ ਨਾ ਜਾਇ, ਉਸ ਨੂੰ ਕੌਣ ਕਥੇ, ਕੌਣ ਲਖੇ, ਕੌਣ ਜਾਣਾਏ ? ਪਰ ਜਦ ਉਹ ਅੰਦਰ ਆਉਂਦਾ ਹੈ, ਤਾਂ ਬਾਹਰ ਧਾਵਣਾ ਬੰਦ ਹੋ ਜਾਂਦਾ ਹੈ—'ਕਤ ਜਾਈਐ ਰੇ, ਘਰ ਲਾਗੋ ਰੰਗ ।' ਆਤਮਾ ਦੇ ਪ੍ਰਗਾਸ ਦੇ ਮੌਲਣ ਨਾਲ ਧਰਤ-ਆਕਾਸ਼ ਵੀ ਮੌਲੇ ਨਿਖਰੇ, ਸਦ-ਬਹਾਰੇ ਦਿਸਦੇ ਹਨ ਤੇ ਅੱਖੀਆਂ ਉਸਦੇ ਚਾਨਣ ਨਾਲ ਚੁੰਧਿਆ ਜਾਂਦੀਆਂ ਹਨ :—

'ਮੋਹੀ ਦੇਖਿ ਦਰਸੁ,
ਨਾਨਕ ਬਲਿਹਾਰੀਆ ।'

ਮੋਤੀਆਂ ਦੇ ਉਸਰੇ ਮੰਦਰ, ਰਤਨਾਂ ਨਾਲ ਜੜ੍ਹੇ, ਕਸਤੂਰ, ਕੁੰਗੂ ਦੇ ਅਗਰ-ਚੰਦਨ ਨਾਲ ਲਿਪੇ ਵੀ ਉਸਦੇ 'ਨਾਉਂ' ਦੇ ਟਾਕਰੇ ਤੇ ਕੁਝ ਨਹੀਂ, ਕਿਉਂ ਜੁ ਜਦ ਸਹੁ ਨਾਲ ਰਲੀਆਂ ਮਾਣੀਦੀਆਂ ਹਨ ਤਾਂ ਉਸ ਦੀਆਂ 'ਸੇਜੜੀਆਂ ਸੋਵਿੰਨ' ਹੀਰੇ ਲਾਲ ਜੜ੍ਹੰਦੀਆਂ ਲਗਦੀਆਂ ਹਨ । ਉਸ ਦੇ ਕਪੜੇ ਚਿਟੇ, ਬਚਨ ਮਿਠੇ, ਨਕਸ਼ ਤ੍ਰਿਖੇ, ਖਿੱਚਦੇ ਹਨ ;—

'ਬਾਗੇ ਕਪੜ, ਬੋਲੈ ਬੈਣ ।
ਲੰਮ ਨਕੁ, ਕਾਲੇ ਤੇਰੇ ਨੈਣ ।'

ਉਹ ਮੋਹਨ ਲਾਲ 'ਅਨੂਪ' ਹੈ, ਅਨਦ-ਬਿਨੋਦੀ ਹੈ, ਅਨਦ ਰੂਪ ਸਵਾਮੀ ਹੈ, ਉਹ 'ਮੇਰੋ ਸੁੰਦਰ' ਹੈ, ਉਹ ਪਿਰ ਰੀਸਾਲੂ ਹੈ, ਉਹ ਲਾਲ ਰੰਗੀਲਾ ਹੈ, ਛੈਲ-ਛਬੀਲਾ ਹੈ, ਉਸ ਨੂੰ ਮਿਲ ਕੇ ਜਿਵੇਂ ਮਨ ਉਤੇ ਸਵੇਰ ਹੀ ਤਾਂ ਚੜ੍ਹ ਪੈਂਦੀ ਹੈ । ਉਸ 'ਮਨੋਹਰ' ਨਾਲ ਰਚਿਆਂ ਸਾਡਾ ਆਪਣਾ ਰੰਗ ਵੀ ਚਲੂਲਿਆ ਜਾਂਦਾ ਹੈ । ਇਵੇਂ ਅਦਭੁਤ ਤੇ ਵਿਸਮਾਦ ਦੇ ਜਜ਼ਬੇ ਉਸ ਨੂੰ ਪਾਇ ਕੇ, ਉਸਦੀ ਰਚਨਾ ਨੂੰ ਵੇਖ ਕੇ, ਉਸਦੇ ਆਦਿ ਤੇ ਅੰਤ ਨੂੰ ਵੀਚਾਰ ਕੇ, ਹਰ ਤਰ੍ਹਾਂ ਹੀ ਤਾਂ ਹੁੰਦੇ ਹਨ ।

ਹਾਸਯ ਰਸ ਦੇ ਨਮੂਨੇ ਵੀ ਬੇਅੰਤ ਹਨ । ਟੋਕ ਜਾਂ ਮਸ਼ਕਰੀ, ਸਿੱਠ, ਸਿੱਧਾ-ਵਾਰ, ਖੁਲ੍ਹਾ ਹਾਸਯ ਸਭ ਹੀਲੇ ਵਰਤੇ ਹਨ ਪਾਖੰਡ ਨੂੰ ਨੰਗਾ ਕਰਨ ਲਈ, ਤੇ ਹਰ ਥਾਂਈਂ ਉਹ ਅਜੇਹੇ ਅਚੂਕ ਹਨ, ਕਿ ਪ੍ਰਭਾਵ ਪਾਏ ਬਿਨਾਂ ਰਹਿੰਦੇ ਨਹੀਂ । ਮਨਮੁਖ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਹਾਰ ਅਜਿਹਾ ਹੈ, ਜਿਵੇਂ ਖੁਸਰੇ (ਕਾਪੁਰਖ) ਦਾ, ਜਿਵੇਂ ਕੋਈ ਬਲਦ ਵਿਚੋਂ ਦੁਧ ਚੋਣਾ ਚਾਹੇ, ਜਿਵੇਂ ਕੋਈ ਕਾਮਧੇਨ ਦੀ ਥਾਂ ਭੇਡ ਦੀ ਪੂਜਾ ਕਰੇ :—

ਮਨ ਅਸਵਾਰ ਜੈਸੇ ਤੁਰੀ ਸੀਗਾਰੀ ।
ਜਿਉਂ ਕਾਪੁਰਖ ਪੁਚਾਰੈ ਨਾਰੀ ।
ਬੈਲ ਕਉ ਨੇਤ੍ਰਾ ਪਾਇ ਦੁਹਾਵੈ ।
ਗਊ ਚਰਿ ਸਿੰਘ ਪਾਛੈ ਪਾਵੈ ।
ਗਾਡਰ ਲੇ ਕਾਮਧੇਨੁ ਕਰਿ ਪੂਜੀ ।
ਸਉਦੇ ਕਉ ਧਾਵੈ ਬਿਨੁ ਪੂੰਜੀ ।

ਅੰਦਰ ਤੇ ਬਾਹਰ ਦੇ ਦੋ ਪੜਦੇ ਰਖਣ ਵਾਲਿਆਂ (ਖ਼ਾਸ ਕਰ ਬ੍ਰਾਹਮਣਾਂ) ਉਤੇ ਤਾਂ ਸਿਧਾ ਵਾਰ ਕੀਤਾ ਹੈ, ਮਾਨੋਂ ਕਟਾਰ ਦਾ ਘਾਉ ਲਾਇਆ ਹੈ :—

ਧੋਤੀ ਖੋਲਿ ਵਿਛਾਏ ਹੇਠ ।
ਗਰਧਪ ਵਾਂਗੂ ਲਾਹੇ ਪੇਟ ।
ਪੂਜਾ ਤਿਲਕ ਕਰਤ ਇਸਨਾਨਾ ।
ਛੁਰੀ ਕਾਢਿ ਲੇਵੈ ਹਥਿ ਦਾਨਾ ।
ਬੇਦ ਪੜੈ ਮੁਖ ਮੀਠੀ ਬਾਣੀ ।
ਜੀਆਂ ਕੁਹਤ ਨਾ ਸੰਗੈ ਪ੍ਰਾਣੀ ।

ਕਬੀਰ ਦੇ ਆਖਣ ਅਨੁਸਾਰ ਜੇ ਜਲ ਦੇ ਮਜਨ ਨਾਲ ਗਤੀ ਹੁੰਦੀ, ਤਾਂ ਕੀ ਡੱਡੂ ਨਹੀਂ ਨਿਤ ਨਹਾਉਂਦਾ ? ਜੇ ਮੂੰਡ ਮੁੰਡਾਵਣ ਨਾਲ ਹੀ ਸਿਧੀ ਪ੍ਰਾਪਤ ਹੁੰਦੀ ਤਾਂ ਭੇਡ ਕਿਉਂ ਨਾ ਮੁਕਤੀ ਲਈ ਸਭ ਤੋਂ ਵਡੀ ਦਾਹਵੇਦਾਰ ਹੋਵੇ ? ਜੇ ਨਿਪਟ ਜਤ ਧਾਰਨ (ਬਿੰਦ ਰਖਣ) ਨਾਲ ਹੀ ਪਾਰ ਉਤਾਰਾ ਹੁੰਦਾ ਹੋਵੇ, ਤਾਂ ਖੁਸਰੇ ਦਾ ਤਾਂ ਸਭ ਤੋਂ ਪਹਿਲਾਂ ਹੋਣਾ ਚਾਹੀਦਾ ਹੈ ! ਜੇ ਅਲਾਹ ਕੇਵਲ ਇਕ ਮਸੀਤ ਵਿਚ ਵਸਦਾ ਹੈ, ਤਾਂ ਬਾਕੀ ਜਗਤ ਉਸ ਤੋਂ ਖ਼ਾਲੀ ਹੋਣਾ ਚਾਹੀਦਾ ਹੈ ! ਜੇ ਬ੍ਰਾਹਮਣ ਜਨਮ ਕਰ ਕੇ ਹੀ ਬ੍ਰਾਹਮਣ ਹੈ, ਤਾਂ ਉਹ 'ਆਨ-ਬਾਟ ਕਾਹੇ ਨਹੀਂ ਆਇਆ ?' ਜੇ ਮੂਰਤੀ ਹੀ ਨਿਰਗੁਣ ਬ੍ਰਹਮ ਦੀ ਸ਼ਕਤੀ ਵਾਲੀ ਹੋਵੇ, ਤਾਂ ਜਿਹੜਾ ਬੁਤ-ਘਾੜਾ ਉਸਦੀ ਛਾਤੀ ਉਤੇ ਪੈਰ ਰਖ ਕੇ ਉਸਨੂੰ ਤ੍ਰਾਸਦਾ ਹੈ, ਪਹਿਲਾਂ ਉਹ ਉਸ ਨੂੰ ਖਾਵੇ । ਤ੍ਰਿਸ਼ਨਾ ਵਿਚ ਫਾਥਾ ਮਨੁਖ ਇਵੇਂ ਨਚਦਾ ਹੈ, ਜਿਵੇਂ :—

ਫ਼ੀਲ ਰਬਾਬੀ, ਬਲਦ ਪਖਾਵਜ, ਕਊਆ ਤਾਲ ਬਜਾਵੈ ।
ਪਹਿਰ ਚੋਲਨਾ ਗਦਹਾ ਨਾਚੈ, ਭੈਸਾ ਭਗਤਿ ਕਰਾਵੈ ।
ਬੈਠਿ ਸਿੰਘ ਘਰਿ ਪਾਨ ਲਗਾਵੈ, ਘੀਸ ਗਲਉਰੇ ਲਿਆਵੈ ।
ਘਰਿ ਘਰਿ ਮੁਸਰੀ ਮੰਗਲੁ ਗਾਵਹਿ, ਕਛੂਆ ਸੰਖੁ ਬਜਾਵੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂ

ਉਹ ਇਵੇਂ ਹੈ, ਜਿਵੇਂ ਚਰਾਂਦ ਉਤੇ ਮੂੰਹ ਮਾਰਦਾ ਖੋਤਾ :—

ਹਰੀ ਅੰਗੂਰੀ ਗਦਹਾ ਚਰੈ ।
ਨਿਤ ਉਠ ਹਾਸੈ, ਹੀਗੈ, ਮਰੈ ।

ਬੀਭਤਸ ਰਸ ਉਥੋਂ ਲਭਦਾ ਹੈ, ਜਿਥੇ ਕਵਿਤਾ ਹਾਸਯ ਤੋਂ ਅਗੇ ਲੰਘ ਕੇ ਸਿੱਧੇ ਘ੍ਰਿਣਾ ਦੇ ਜਜ਼ਬੇ ਉਪਜਾਉਂਦੀ ਹੈ ।

ਨਾਮ-ਵਿਹੂਣੇ ਮਨੁੱਖ ਨੂੰ ਕਿੰਨੀ ਘ੍ਰਿਣਾ ਨਾਲ ਯਾਦ ਕੀਤਾ ਹੈ :—

ਹਰਿ ਕੇ ਨਾਮ ਬਿਨਾ ਸੁੰਦਰ ਹੈ ਨਕਟੀ ।
ਜਿਉ ਬੇਸੁਆ ਕੇ ਘਰਿ ਪੂਤੁ ਜਮਤ ਹੈ,
ਤਿਸੁ ਨਾਮ ਪਰਿਓ ਹੈ ਧ੍ਰਕਟੀ ।
ਜਿਨ ਕੈ ਹਿਰਦੈ ਨਾਹਿ ਹਰਿ ਸੁਆਮੀ ਤੇ ਬਿਗੜ ਰੂਪ ਬੇਰਕਟੀ ।
ਜਿਉ ਨਿਗੁਰਾ ਬਹੁ ਬਾਤਾ ਜਾਣੈ,
ਉਹੁ ਹਰਿ ਦਰਗਹਿ ਹੈ ਭ੍ਰਿਸਟੀ ।

ਸਰੇਵੜਿਆਂ (ਜੈਨੀਆਂ) ਬਾਰੇ ਇਹ ਸ਼ਬਦ ਬੀਭਤਸ ਦੀ ਇਕ ਮੂੰਹ-ਬੋਲਦੀ ਮਿਸਾਲ ਹੈ :—

ਸਿਰ ਖੋਹਾਇ, ਪੀਅਹਿ ਮਲਵਾਣੀ, ਜੂਠਾ ਮੰਗਿ ਮੰਗਿ ਖਾਹੀ ।
ਫੋਲਿ ਫਦੀਹਤਿ, ਮੁਹਿ ਲੈਨਿ ਭੜਾਸਾ, ਪਾਣੀ ਦੇਖਿ ਸਗਾਹੀ ।
ਭੇਡਾ ਵਾਗੀ ਸਿਰੁ ਖੋਹਾਇਨਿ, ਭਰੀਅਨਿ ਹੱਥ ਸੁਆਹੀ ।
ਮਾਊ ਪੀਊ ਕਿਰਤੁ ਗਵਾਇਨਿ, ਟੱਬਰ ਰੋਵਨਿ ਧਾਹੀ ।
ਨਾ ਓਇ ਜੋਗੀ, ਨਾ ਓਇ ਜੰਗਮ, ਨਾ ਓਇ ਕਾਜੀ ਮੁਲਾ ।
ਦਯਿ ਵਗੋਏ ਫਿਰਹਿ ਵਿਗੁਤੇ, ਫਿਟਾ ਵਤੈ ਗਲਾ ।
ਜੀਆ ਮਾਰਿ ਜੀਵਾਲੇ ਸੋਈ, ਅਵਰੁ ਨਾ ਕੋਈ ਰਖੈ ।
ਦਾਨਹੁ ਤੇ ਇਸਨਾਨਹੁ ਵੰਜੈ, ਭਸੁ ਪਈ ਸਿਰਿ ਖੁਥੈ ।
ਮੁਇਆ ਜੀਵਦਿਆ ਗਤਿ ਹੋਵੈ ਜਾ ਸਿਰ ਪਾਈਐ ਪਾਣੀ ।
ਨਾਨਕ ਸਿਰ ਖੁਥੈ ਸੈਤਾਨੀ ਏਨਾ ਗਲ ਨ ਭਾਣੀ ।
ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ ।
ਨਾਨਕ ਜੇ ਸਿਰ ਖੁਥੇ ਨਾਵਨਿ ਨਾਹੀ,
ਤਾ ਸਤਿ ਚਟੇ ਸਿਰਿ ਛਾਈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

7

ਗੁਰੂ ਗ੍ਰੰਥ ਦੀ ਮੂਲ ਸ਼ਬਦਾਵਲੀ

ਗੁਰੂ ਗ੍ਰੰਥ ਦੀ ਬੋਲੀ ਇਕ ਅਚਰਜ ਤਰ੍ਹਾਂ ਦੀ ਰਲੀ ਮਿਲੀ ਬੋਲੀ ਹੈ। ਇਹ ਨਹੀਂ, ਕਿ ਉਹ ਜਿਥੇ ਚਾਹੁੰਦੀ ਹੈ, ਸ਼ੁੱਧ, ਟਕਸਾਲੀ, ਠੇਠ ਰੂਪ ਨਹੀਂ ਵਰਤਦੀ, ਪੰਜਾਬੀ ਦਾ (ਕੀ ਲਹਿੰਦੀ, ਕੀ ਪੂਰਬੀ, ਕੀ ਕੇਂਦਰੀ—ਵੇਖੋ, ਵਾਰ ਜੈਤਸ੍ਰੀ, ਮਾਰੂ ਡੱਖਣੇ ਆਦਿਕ) ਜਾਂ ਹਿੰਦੀ ਦਾ (ਜਿਸ ਦਾ ਉਸ ਵੇਲੇ ਟਕਸਾਲੀ ਰੂਪ ਸਾਧ-ਬੋਲੀ, ਜਿਵੇਂ ਕਬੀਰ ਦੀ, ਹੀ ਸੀ ਤੇ ਜਿਸ ਨੂੰ ਹਿੰਦਵੀ ਕਹਿਣਾ ਵਧੀਕ ਉਚਿਤ ਹੋਵੇਗਾ ਤੇ ਜੋ ਸਾਰੇ ਉਤਰੀ ਹਿੰਦ ਵਿਚ ਸਮਝੀ ਜਾ ਸਕਦੀ ਤੇ ਖੜੀ ਬੋਲੀ ਦੇ ਪਿੰਡੇ ਉਤੇ ਬ੍ਰਜ, ਅਵਧੀ, ਮਾਗਧੀ, ਅਪਭ੍ਰੰਸ਼, ਫ਼ਾਰਸੀ ਤੇ ਅਰਬੀ ਦੀ ਬੋਲ-ਵਿਗਾੜ ਸ਼ਬਦਾਵਲੀ ਦੀ ਰਲਾਵਟ ਨਾਲ ਘੜੀ ਹੁੰਦੀ ਸੀ) ਪਰ ਆਮ ਤੌਰ ਉਤੇ, ਖ਼ਾਸ ਕਰ ਪਹਿਲੇ ਚਾਰ ਗੁਰੂ ਸਾਹਿਬਾਨ ਤੇ ਕਾਫ਼ੀ ਹੱਦ ਤੀਕ ਗੁਰੂ ਅਰਜਨ ਦੇਵ ਨੇ ਇਕ ਅਜੇਹੀ ਭਾਸ਼ਾ ਨੂੰ ਭਾਗ ਲਾਏ, ਜਾਂ ਠੀਕ ਅਰਥਾਂ ਵਿਚ, ਉਸ ਨੂੰ ਸਿਰਜਿਆ, ਜਿਸਦੀ ਨੀਂਹ ਕੇਂਦਰੀ ਪੰਜਾਬੀ ਹੈ, ਪਰ ਜੋ ਅਪਭ੍ਰੰਸ਼ ਦੇ ਅਸੂਲਾਂ ਉਤੇ ਸੰਸਕ੍ਰਿਤ, ਫ਼ਾਰਸੀ ਤੇ ਅਰਬੀ ਦੀ ਸ਼ਬਦਾਵਲੀ ਨੂੰ ਪੰਜਾਬੀਆਂਦੀ ਹੈ ਤੇ ਜਿਸ ਵਿਚ ਲਹਿੰਦੀ ਪੰਜਾਬੀ ਦਾ ਬਹੁਤ ਰੱਲਾ ਹੈ [ਖ਼ਾਸ ਕਰ ਕ੍ਰਿਆਵਾਂ ਵਿਚ]।

ਇਵੇਂ ਗੁਰੂ ਗ੍ਰੰਥ ਨਾ ਕੇਵਲ ਮਹਾਨ ਕਵਿਤਾ ਦਾ, ਸਗੋਂ ਉਤਰੀ ਹਿੰਦ ਦੀਆਂ ਸਮੂੰਹ ਉਪ-ਭਾਖਾਵਾਂ ਦਾ ਇਕ ਅਨਮੋਲ ਖ਼ਜ਼ਾਨਾ ਹੈ। ਇਸ ਦੀ ਸਮੁੱਚੀ ਸ਼ਬਦਾਵਲੀ ਉਤੇ ਵਿਚਾਰ ਕਰਨੀ ਤਾਂ ਏਥੇ ਅਸੰਭਵ ਹੈ। ਹਾਂ, ਇਸ ਦੀ ਮੂਲ ਸ਼ਬਦਾਵਲੀ (Basic Vocabulary) ਨੂੰ ਪਰਖ ਕੇ ਅਸੀਂ ਇਹ ਜਾਣ ਸਕਦੇ ਹਾਂ, ਕਿ ਇਸ ਦਾ ਪਿੱਛਾ ਸੰਸਕ੍ਰਿਤ ਹੈ, ਭਾਵੇਂ ਇਸ ਦੇ ਸ਼ਬਦ ਤਦਭਵ (ਬੋਲ ਚਾਲ ਦੇ) ਰੂਪ ਵਿਚ ਵਰਤੇ ਗਏ ਹਨ, ਨਾ ਕਿ ਤਤਸਮ (ਸ਼ੁਧ) ਰੂਪ ਵਿਚ ਤੇ ਉਨ੍ਹਾਂ ਦੀਆਂ ਸੂਰਤਾਂ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਵੇਂ ਕਿ ਕਈ ਭਾਸ਼ਾ ਵਿਗਿਆਨੀਆਂ ਨੇ ਤਰਕ ਉਠਾਈ ਹੈ, ਅਗਿਆਨਤਾ ਦੇ ਕਾਰਨ ਉਜੱਡ ਨਹੀਂ ਬਣਾ ਘਤੀਆਂ ਗਈਆਂ, ਸਗੋਂ ਉਨ੍ਹਾਂ ਨੂੰ ਖ਼ਾਸ ਅਸੂਲਾਂ ਦੇ ਅਧੀਨ ਬਦਲਿਆ, ਉਲਟਾਇਆ ਗਿਆ ਹੈ। ਕੁਝ ਖੁਲ੍ਹ ਤਾਂ ਕਵਿਤਾ ਨੇ ਵੀ ਲੈਣੀ ਹੀ ਸੀ (ਤੁਕਾਂਤ ਜਾਂ ਤੋਲ ਮੇਲਣ ਲਈ, ਵਾਯੂ-ਮੰਡਲ ਘੜਨ ਤੇ ਵਧੀਕ ਰਸ-ਭਰਪੂਰ ਤੇ ਜਜ਼ਬੇ-ਰਤਾ ਕਰਨ ਲਈ ਜਾਂ ਸੰਗੀਤ ਦੀ ਲੋੜ ਨੂੰ ਮੁਖ ਰਖ ਕੇ) ਪਰ ਆਮ ਤੌਰ ਤੇ ਸ਼ਬਦਾਂ ਨੂੰ ਵਧੀਕ ਰਵਾਂ, ਸੰਖਿਪਤ ਤੇ ਬੋਲੀਂਦੇ ਰੂਪ ਦੇ ਅਤਿ ਨੇੜੇ ਲਿਆਣ ਲਈ ਘੜਿਆ ਮੋੜਿਆ ਹੈ।

ਬੋਲੀਆਂ ਦੇ ਵਿਗਿਆਨੀ ਹੇਠ-ਲਿਖੀ ਸ਼ਬਦਾਵਲੀ ਤੇ ਉਨ੍ਹਾਂ ਦੇ ਮੂਲ-ਰੂਪ ਨੂੰ ਵੇਖ ਕੇ ਇਸ ਨਤੀਜੇ ਉਤੇ ਸਹਿਜੇ ਹੀ ਪਹੁੰਚ ਜਾਣਗੇ ਕਿ ਜਿਹੜਾ ਗੁਰੂ ਇਕ ਥਾਂ ਭੈ ਵਰਤਦਾ ਹੈ, ਉਹ ਦੂਜੀ ਥਾਂ ਉਸੇ ਦਾ ਪੰਜਾਬੀ ਰੂਪ, 'ਭਉ' ਕਿਉਂ ਤੇ ਕਿਨ੍ਹਾਂ ਅਸੂਲਾਂ ਅਨੁਸਾਰ ਵਰਤਦਾ ਹੈ ? 'ਬ' ਤੇ 'ਵ' ਕਿਉਂ ਆਪੋ ਵਿਚ ਵਟ ਜਾਂਦੇ ਹਨ ਜਾਂ 'ਯ' 'ਜ' ਵਿਚ। 'ਸਥਾਨ' ਕਿਉਂ ਅਸਥਾਨ ਬਣਦਾ ਹੈ ਤੇ ਸਥੂਲ ਅਸਥੂਲ; 'ਰ' ਦਾ 'ੜ' ਕਿਉਂ ਬਣਦਾ ਹੈ, 'ਨ' ਦਾ 'ਣ'; 'ਦ' ਦਾ 'ਤ'; 'ਸ' ਦਾ 'ਹ'; 'ਵ' ਦਾ 'ਅ' ਉ, ਇ, ਆਦਿਕ; 'ਯਾ' ਦਾ 'ਆ' 'ਕ' ਦਾ 'ਗ'। ਕਿਉਂ ਦ੍ਰਤ ਅਖਰ ਤ੍ਰੋੜ ਕੇ ਇਕਹਿਰੇ ਕਰ ਦਿਤੇ ਹਨ; ਪੈਰੀ 'ਰਾਰੈ' ਲਾਹ ਦਿਤੇ ਜਾਂ ਵਖ ਕਰ ਦਿਤੇ ਹਨ। ਮੂਲ ਸ਼ਬਦਾਂ ਦੇ ਅੰਤਲੇ, ਵਿਚਕਾਰਲੇ ਜਾਂ ਮੁੱਢਲੇ ਸ੍ਵਰ ਲਾਹ ਕੇ ਉਹਨਾਂ ਨੂੰ ਵਧੀਕ ਰਵਾਂ ਤੇ ਸੁਖੈਨ ਕਰ ਦਿਤਾ ਹੈ। ਸਿਹਾਰੀ ਕਿਉਂ ਬਿਹਾਰੀ ਬਣ ਗਈ ਹੈ (ਤੇ ਉਸ ਦੇ ਉਲਟ ਵੀ, ਤੇ ਕਈ ਥਾਂਈਂ ਦੋਹਾਂ ਨੂੰ ਲਾਹ ਸੁਟਿਆ ਹੈ)। ਫ਼ਾਰਸੀ ਦੇ 'ਸ਼' 'ਖ਼' 'ਗ਼' 'ਜ਼' 'ਫ਼' ਨੂੰ ਕਿਉਂ 'ਸ, ਖ, ਗ, ਜ, ਫ' ਬਣਾ ਘਤਿਆ ਹੈ (ਬੋਲੀਂਦੇ ਜੋ ਪੰਜਾਬ ਵਿਚ ਇਵੇਂ ਹੋਏ)। ਇਵੇਂ ਹੀ ਸੰਸਕ੍ਰਿਤ ਦੇ 'ਸ਼' ਨਾਲ ਕੀਤਾ ਹੈ।

ਹੇਠਲੇ ਸ਼ਬਦ-ਕੋਸ਼ ਵਿਚ ਜੋ ਸੰਖਿਪਤ ਅੱਖਰ ਵਰਤੇ ਹਨ, ਉਨ੍ਹਾਂ ਦੇ ਭਾਵ ਇਹ ਹਨ :

ਫ਼ਾ: ਫ਼ਾਰਸੀ
ਅ: ਅਰਬੀ
ਸੰ: ਸੰਸਕ੍ਰਿਤ

ਪਹਿਲਾਂ ਗੁਰੂ ਗ੍ਰੰਥ ਵਿਚ ਆਇਆ ਸ਼ਬਦ ਦਿਤਾ ਹੈ, ਫਿਰ ਉਸਦਾ ਮੁੱਢ ਦਸਿਆ ਹੈ ਤੇ ਨਾਲ ਹੀ ਇਹ ਕਿ ਉਹ ਕਿਹੜੀ ਬੋਲੀ ਵਿਚੋਂ ਲਿਆ ਗਿਆ ਹੈ। ਅੰਤ ਉਤੇ ਉਸ ਦੇ ਅਰਥ ਦਿਤੇ ਹਨ। ਜਿਥੇ ਇਕੋ ਸ਼ਬਦ ਨੂੰ ਕਈ ਸੂਰਤਾਂ ਵਿਚ ਵਰਤਿਆ ਗਿਆ ਹੈ, ਉਹ ਸਭੇ ਸੂਰਤਾਂ ਇੱਥੇ ਦੇ ਦਿਤੀਆਂ ਗਈਆਂ ਹਨ, ਇਹ ਦਸਣ ਲਈ ਕਿ ਗੁਰੂ ਗ੍ਰੰਥ ਦੇ ਕਰਤਿਆਂ ਨੇ ਸ਼ਬਦਾਂ ਵਿਚੋਂ ਅੱਡ ਅੱਡ ਰਸ ਖਿੱਚਣ ਲਈ ਜਾਂ ਵਾਯੂ-ਮੰਡਲ ਘੜਨ ਲਈ ਕਿਵੇਂ ਵਰਤਿਆ ਹੈ :—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸਤਤ—ਸੰ: ਸਤੁਤਿ; ਤਾਰੀਫ਼

ਉਸਤਾਦ—ਫ਼ਾ:

ਉਸਨ—ਸੰ: ਉਸਣ; ਗਰਮ

ਉਸਾਸ—ਸੰ: ਉਛ੍ਵਾਸ; ਠੰਡਾ ਸਾਹ

ਉਹੀ—ਵਹੀ

ਉਕਤ—ਸੰ: ਉਕਤ

ਉਗਾਹੀ—ਫ਼ਾ: ਗਵਾਹੀ

ਉਗ੍ਰ—ਸੰ: ਘੋਰ

ਉਘਰਨਾ—ਸੰ: ਉਦਘਾਟਨ (ਪ੍ਰਗਟ ਕਰਨਾ) : ਉਘਾੜਨ : ਸਿੰਧੀ—ਨੰਗਾ ਕਰਨਾ

ਉਚਰਣ—ਸੰ: ਉਚਾਰਣ; ਕਹਿਣਾ (੨) ਸੰ: ਉਤਚਰਣ; ਖਾ ਜਾਣਾ ।

ਉੱਚੜਾ—ਸੰ: ਉਚ

ਉਛਲਨਾ, ਉਛਰਨ—ਸੰ: ਉਛਲਨ; ਕੁੱਦਣਾ, ਟੱਪਣਾ

ਉਜੂ—ਸੰ: ਅਰਬੀ : ਵੁਜ਼ੂ,

ਉਜਲ—ਸੰ: ਉਜ੍ਵਲ; ਅਤਿ ਚਮਕੀਲਾ ।

[**ਉਜਲੁ**, ਉਜਾਲਾ, ਉਜਿਆਰਾ, ਉਜਿਆਰੋ, ਉਜਿਆਲਾ, ਉਜੀਆਰਾ ਵੀ ਵਰਤਿਆ ਹੈ]

ਉਠਣਾ, ਉਠਾਉਣਾ]
ਉਠਾਲਣਾ, ਉਠਰਨਾ] ਸੰ: ਉਥਾਨ, ਖੜਾ ਹੋਣਾ
ਉਠਾਰਨਾ, ਉਠ] (ਪੈਦਾ ਹੋਣ ਦੇ ਅਰਥਾਂ ਵਿਚ ਵੀ ਵਰਤਿਆ ਹੈ)

ਉਡੀਣ, ਉਡੀਣੀ]
ਓਦਰਨਾ,] ਸੰ: ਉਦੀਰਣ; ਵਿਆਕੁਲ
ਉਡੀਨੀ]

ਉਤ—ਸੰ: ਉੱਤਰ, ਪਰਲੋਕ

ਉਤਪਤਿ]
ਉਤਪਾਤਿ] ਸੰ: ਉਤਪਤਿ; ਜਨਮ
ਉਤਪਾਤੀ, ਓਪਤ]

ਉਤਭੁਜ—ਸੰ: ਉਦਭਿੱਜ (ਜੋ ਜ਼ਿਮੀਂ ਨੂੰ ਪਾੜ ਕੇ ਨਿਕਲੇ), ਉਦਭੁਜ (ਜਿਸ ਨੇ ਬਾਂਹ ਡੈਲਾਈ ਹੈ)

ਉਤਰਣ—ਸੰ: ਉਤਰਣ

ਉਦਕ—ਸੰ: ਉਦਕ; ਪਾਣੀ

ਉਦਉ, ਉਦਇ—ਸੰ: ਉਦਯ, ਪ੍ਰਗਟ ਹੋਣਾ, ਉਪਰ ਆਉਣਾ

ਉਥਾਰਾ—ਸਿੰਧੀ: ਉਥਾੜੋ, ਦਾਬਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਥਾਪਨ—ਸੰ: ਉਤਥਾਪਨ; ਮਿਟਾਉਣਾ (੨) ਖੜਾ ਕਰਨਾ
(ਥਾਪਣਾ ਦੇ ਅਰਥਾਂ ਵਿਚ)
ਉਦਮਾਦਾ—ਸੰ: ਉਨਮੱਤ; ਮਤਵਾਲਾ (੨) ਪਾਗਲ
ਉਦਮਾਤ, ਉਦਮਾਦ—ਸੰ: ਉਨਮਾਦ, ਮਸਤੀ (੨) ਮਾਲੀਖ਼ੋਲੀਆ
ਉਦਧ, ਉਦਧਿ—ਸੰ: ਉਦਧਿ (ਪਾਣੀ ਭਰਨ ਵਾਲਾ ਘੜਾ)
ਉਦਰ—ਸੰ: ਉਦਰ; ਢਿੱਡ, (੨) ਛਾਤੀ, (੩) ਮਿਹਦਾ, (੪) ਗਰਭ,
(੫) ਅੰਦਰਲਾ ਪਾਸਾ ।
ਉਦਾਰ—ਸੰ: ਉਦਾਰ, ਦਾਨੀ, (੨) ਨਾਸ਼ ਕਰਤਾ, (੩) ਉੱਤਮ
ਉਦਿਆਨ, ਉਦਿਆਨਦ—ਸੰ: ਉਦਯਾਨ; ਬਾਗ (੨) ਜੰਗਲ (੩) ਸੈਰ ਕਰਨਾ,
(੪) ਇਰਾਦਾ
ਉਦੋਤ—ਸੰ: ਉਦਯੋਤ; ਪ੍ਰਕਾਸ਼, ਚਮਤਕਾਰ (੨) ਪ੍ਰਭਾਤ (੩) ਰੋਸ਼ਨ
ਉੱਦਮ—ਸੰ: ਉਦਯਮ; ਜਤਨ, ਮਿਹਨਤ
ਉਧਰਣ—ਸੰ: ਉਧੱਰਣ, ਉਪਰ ਉਠਣਾ, (੨) ਮੁਕਤ ਹੋਣਾ ।
ਸੰ: ਉਧਾਰਣ; ਉੱਧਾਰ ਕਰਨਾ, ਮੁਕਤ ਕਰਨਾ
ਉਧਾਰ—ਸੰ: ਉਧਾਰ; ਧਾਰ—ਜੋ ਉਠਾਇਆ ਜਾਵੇ
ਉਨਮਤ—ਸੰ: ਉਨਮਤ; ਮਤਵਾਲਾ
ਉਨਮਨ, ਉਨਮਨਿ—ਸੰ: ਉਨਮਨਸ, ਵਿਆਕੁਲ ਹੋਇਆ,
(੨) ਉਪਰਾਮ । ਸੰ: ਉਨਤਮਨ, ਉਚਾਪਨ (੩) ਉਨਮਨ ਅਵਸਥਾ ।
ਉਨਮੋ—ਸੰ: ਓਅੰ ਨਮਹ
ਉਨਮਾਨ—ਸੰ: ਅਨੁਮਾਨ; ਵਿਚਾਰ, ਧਿਆਨ, (੨) ਅੰਦਾਜ਼ਾ (ਕਬੀਰ)
ਉਨਮਾਨੁ—ਸੰ: ਉਨਮਾਨ, ਤੋਲ, ਵਜ਼ਨ, (੨) ਮੁੱਲ
ਉਨਵ—ਸੰ: ਉੱਨਤ; ਉਮਡਿਆ ਹੋਇਆ ।
ਉਪਕੰਠਿ, ਉਪਕੰਠ—ਸੰ: ਉਪਕੰਠ, ਨੇੜੇ (੨) ਕੰਢੇ ਪਾਸ ।
ਉਪਕਰਨਾ—ਸੰ: ਉਪਕਰਤ; ਉਪਕਾਰ ਕਰਨ ਵਾਲਾ
ਉਪਕਾਰੀ—ਸੰ: ਉਪਕਾਰਿਨੁ; ਸਹਾਇਕ
ਉਪਜਣਾ]
ਉਪਜਨ] ਸੰ: ਉਪਜਨ; ਜੰਮਣਾ
ਉਪਜਨਾ]
ਉਪਾਰਜਨਾ—ਸੰ: ਉਪਾਰਜਿਤ; ਪੈਦਾਇਸ਼
ਉਪਜੰਪ] ਸੰ: ਉਪਜਾਪ (ਜੋ ਦੂਜਾ ਨਾ ਸੁਣੇ)
ਉਪਜੰਪਿ] (੨) ਸੰ: ਉਪਯੁਕਤ; ਠੀਕ ਉਪਾੜਨ, ਉਪਾੜ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪਠਾ] ਸੰ: ਉਤਪਾਦਨ; ਚੀਰਨਾ, ਪਾੜਨਾ, ਜੜ੍ਹੋਂ ਪੁਟਣਾ
ਉਪੱਠੀ] (ਪਾੜਨਾ) (੨) ਪਿੱਠ ਵਲ ਨੂੰ ਮੁੜਿਆ, ਉਲਟਾ ।
ਉਪਦੇਸੜਾ, ਉਪਦੇਸਾ, ਉਪਦੇਸ—ਸੰ: ਉਪਦੇਸ਼
ਉਪਮਾ, ਓਪਮਾ—ਸੰ: ਉਪਮਾ; ਸਮਾਨਤਾ
ਉਪਰਜਨ—ਸੰ: ਉਪਾਰਜਨ; ਪੈਦਾ ਕਰਨਾ, ਆਪੇ ਰਚਣਾ
ਉਪਾਇ, ਉਪਾਉ—ਸੰ: ਉਪਾਯ, ਜਤਨ ।
ਉਪਾਸ—ਸੰ: ਉਪਾਸ, ਪਾਸ ਬੈਠਣਾ (੨) ਉਪਾਸ਼ਨਾ ।
ਉਪਾਰਜਨ] ਸੰ: ਉਪਰਾਗਨ; ਰੰਗਣਾ, ਚਿਤ੍ਰਨਾ (੨) ਸ਼ਿੰਗਾਰਨਾ
ਉਪਾਰਜਨਾ] ਸੰ: ਉਪਰਾਜਨ; ਜਮ੍ਹਾਂ ਕਰਨਾ ।
ਉਪਾਰਾ]
ਉਪਾਵ, ਉਪਾਓ—ਸੰ: ਉਪਾਯ; ਜਤਨ
ਉਪਾਵਣ]
ਉਪੰਨਾ] ਸੰ: ਉਤਪਾਦਨ--ਉਤਪੰਨ ਜਾਂ ਪੈਦਾ ਕਰਨਾ ।
ਉਪੰਨ]
ਉਬਰਣ]
ਉਬਰਨ]
ਉਬਾਰਨ] ਸੰ: ਉਧਰਣ; ਉੱਪਰ ਆਉਣਾ ।
ਉਬਾਰਿਅਨ]
ਉਭੇਸਾਹ—ਸੰ: ਊਧ੍ਵ-ਸ੍ਵਾਸ; ਖਿੱਚਵਾਂ ਸਾਹ
ਉਮਰਾ, ਉਮਰਾਉ, ਉਮਰਾਇ, ਉਮਰਾਯ, ਉਮਰਾਵ, ਉਮਰੀਆ, ਉਮਰੇ--ਅਰਬੀ, ਉਮਰਾ; ਅਮੀਰ ਦਾ ਬਹੁ-ਵਚਨ
ਉੱਮਤ--ਅਰਬੀ; ਸਿਖੀ ਸੇਵਕੀ
ਉਰ--ਸੰ: ਉਰਸ, ਛਾਤੀ, ਹਿਰਦਾ
ਉਰਸਾ--ਸੰ: ਸ਼ਾਨਪਾਦ; ਚੰਦਨ ਘਸਾਣ ਲਈ ਪੱਥਰ
ਉਰਧ--ਸੰ: ਊਰਧ੍ਵ--ਉਪਰ ਵਲ (੨) ਉੱਚਾ (੩) ਸਭ ਤੋਂ ਉਚਾ ਰੱਬ (੪) ਮੂਧਾ, ਉਲਟਾ
ਉਲਟ] ਸੰ: ਉਲੰਠਨ--ਮੋੜਨਾ, ਪਰਤਣਾ (੨) ਵਿਰੁੱਧ (੩) ਡਾਕੀ
ਉਲਟਣਾ]
ਉਲਾਸ]
ਉਲਾਸਾ] ਸੰ: ਉੱਲਾਸ--ਪ੍ਰਕਾਸ਼, ਚਮਤਕਾਰ, (੨) ਖ਼ੁਸ਼ੀ, ਆਨੰਦ
ਉਲਾਸੀ]
ਉਲਾਹਿ]—ਲਹਿੰਦੀ; ਲਾਹੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਲੰਘਣਾ] ਸੰ: ਉਲੰਙਘਨ--ਲੰਘਣਾ, ਕਿਸੇ ਤੋਂ ਅਗੇ ਵਧਣਾ
ਉਲੰਘਨ]
ਉਂਦਰ--ਸੰ: ਉਦਰ; ਚੂਹਾ
ਊਣ] ਸੰ: ਨਯੂਨ ਊਨ; ਘੱਟ (੨) ਉਦਾਸ
ਊਂਧਉ] ਸੰ: ਊਧਮ--ਥਣਾਂ ਦੇ ਉਤੇ ਦੁੱਧ ਦੀ ਥੈਲੀ (੨) ਉਲਟਾ
ਊਂਧਾ]
ਊਪਰਿ--ਸੰ: ਉਪਰਿ
ਉਭ]
ਉਭ]
ਉਭਾ] (ਸਿੰਧੀ) ਅਕਾਸ਼, ਉੱਤੇ, ਸੰ: ਉਭ; ਦੋਵੇਂ (੨) ਅਭੁ--ਪੂਰਾ ਕਰਨਾ
ਊਭਏ] (੨) ਖੜਾ (੩) ਓਧਰ, ਪਰਲੋਕ
ਓਅੰ, ਓਅੰਕਾਰ--ਸੰ: ਓਮ; ਅਵ ਧਾਤੂ ਤੋਂ ਹੈ; ਭਾਵ ਬਚਾਉਣਾ
ਓਛਾ--ਸੰ: ਤੁੱਛ--ਘਟੀਆ, ਨੀਚ, ਜੋ ਗੰਭੀਰ ਨਾ ਹੋਵੇ; ਹੋਛਾ
ਓਢਣ, ਓਢਨ--ਓੜ੍ਹਨ
ਓਤਪੋਤ--ਓਤਪ੍ਰੋਤ--ਤਾਣਾ ਪੇਟਾ
ਓਤਾਕ--ਫ਼ਾ: ਬੈਠਕ
ਓਮੀ--ਅਰਬੀ: ਉੱਮੀ; ਮੂਰਖ
ਓਲਾਮਾ]
ਉਲਾਮਾ] ਸੰ: ਉਪਾਲੰਭ; ਗਿਲਾ
ਉਲਾਹਮਾ]
ਅਰਬਦ--ਸੰ: ਆਰਬਧ; ਆਰੰਭ ਕੀਤਾ
ਅਲਹ]
ਅਲਹਿ] ਅਰਬੀ: ਅਲਹ; ਰੱਬ
ਅਲਹੁ]
ਅਲ--ਸੰ: ਅਲ; ਭੌਰਾ
ਅਲਖ--ਸੰ: ਅਲਕਯ; ਜੋ ਦਿਖਾਈ ਨਾ ਦੇਵੇ
ਅਲਪ--ਸੰ: ਅਲ੍ਹਪ; ਥੋੜਾ
ਅਲਪਹੀਅਉ]
ਅਲਪਹੀਆ] ਸੰ: ਅਲਿਪਤ; ਨਿਰਲੇਪ
ਅਲਪਗ--ਸੰ: ਅਲਪਗਯ; ਥੋੜ੍ਹੀ ਵਿਦਿਆ ਵਾਲਾ
ਅਲਾਉਣਾ]
ਅਲਾਉ] ਸੰ: ਆਲਾਪ; ਕਥਨ, ਗਲਬਾਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਲੋਕਨ]
ਅਵਿਲੋਕਨ] ਸੰ: ਆਲੋਕਨ; ਦੇਖਣਾ
ਅਵਿਲੋਇਨ]

ਅਵਸਰ]
ਅਉਸਰ] ਸੰ: ਅਵਸਰ; ਸਮਾਂ, ਮੌਕਾ

ਅਵਖਦ]
ਅਵਖਧ] ਸੰ: ਔਸ਼ਧ; ਦਵਾ

ਅਵਲੰਭ--ਸੰ: ਅਵਿਲੰਭ; ਆਸਰਾ

ਅਵਗੁਣ]
ਅਵਗੁਣਿਆਰਾ] ਸੰ: ਅਵਗਣ; ਅਪਮਾਨ ਕਰਨਾ

ਅਬਿਨਾਸੀ--ਸੰ: ਅਵਿਨਾਸ਼ੀ

ਆਉਣਾ--ਸੰ: ਆਗਮਨ

ਆਸਣ—ਸੰ: ਆਸਨ

ਆਸਾ--ਸੰ: ਆਸ਼ਾ (ਉਮੇਦ)

ਆਹੀ--(ਲਹਿੰਦੀ); ਹੈ

ਆਕਾਰ--ਸੰ: ਆਕਾਰ; ਸੂਰਤ (੨) ਕੱਦ ਕਾਠ, ਬਣਾਉਟ

ਆਂਗਨਿ]
ਆਙਣਿ] ਸੰ: ਅੰਗਣ; ਵਿਹੜਾ

ਆਤਮ--ਸੰ: ਆਤਮਨ; ਵਾਹਿਗੁਰੂ (੨) ਰੂਹ; ਆਤਮਾ

ਆਤਮ ਰਾਮ--ਸੰ: ਆਤਮਾ ਰਾਮ; ਜੋ ਸਭ ਥਾ ਪਸਰਿਆ ਹੋਵੇ

ਆਦ--ਸੰ: ਆਦਿ; ਪਹਿਲਾ

ਆਪਤ--ਸੰ: ਆਪੱਤਿ; ਬਿਪਤਾ

ਆਪ--] ਸੰ: ਆਪੁ--ਪ੍ਰਾਪਤ ਹੋਣਾ, ਤ੍ਰਿਪਤ ਕਰਨਾ, ਵਿਆਪਣਾ, ਸਮਾਪਤ ਕਰਨਾ।
] ਸੰ: ਆਤਮਨ—ਸ੍ਵੈਯੰ; ਸਰਵ-ਖ਼ੁਦ; ਆਪਣੇ ਆਪ

ਆਪੀਨੈ ਆਪ—ਆਪਣੇ ਆਪ

ਆਰਜਾ, ਆਰਜਾਰੀ—(ਸਿੰਧੀ) ਉਮਰ

ਆਲਪਤਾਲ—ਆਕਾਸ਼ ਤੇ ਪਾਤਾਲ

ਆਲ--(ਪ੍ਰਾਕ੍ਰਿਤ)—ਗਿੱਲ (੨) ਸੰ: ਅਧਿਕ,
(੩) ਸੰ: ਆਲਯ ਘਰ (੪) ਅਰਬੀ—ਔਲਾਦ (ਆਲ)
[ਇਸੇ ਤੋਂ ਆਲ ਜਾਲ ਤੇ ਆਲ ਜੰਜਾਲ ਬਣਾਇਆ ਹੈ, ਭਾਵ ਘਰ ਦੇ ਬੰਧਨ]

ਅਪਰੰਪਾਰ—ਸੰ: ਅਪਰ-ਪਾਰ

ਅਉਹਠ--ਸੰ: ਅਪਹੱਠ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਉਗਣ]
ਅਉਗੁਨ] ਸੰ: ਅਵਗੁਣ
ਅਉਗੁਣ]

ਅਉਘਟ--ਸੰ: ਅਵਘਟ; ਔਖਾ (੨) ਔਖਿਆਈ

ਅਉਤਾਰ--ਸੰ: ਅਵਤਾਰ; ਜਨਮ ਧਾਰਨਾ (੨) ਉਪਰੋਂ ਹੇਠਾਂ ਆਉਣਾ

ਅਉਧ--ਸੰ: ਅਵਧਿ; ਹੱਦ ਸੀਮਾ (੨) ਉਮਰ ਦੀ ਮਿਆਦ

ਅਉਧੂ]
ਅਉਧੂਤ] ਅਵਧੂਤ; ਝਾੜਨ ਪਛਾੜਨ ਵਾਲਾ (ਵਿਕਾਰਾਂ ਨੂੰ) (੨) ਸੰਨਿਆਸੀ।

ਅਉਰਤ--ਫ਼ਾ: ਉਹ ਚੀਜ਼ ਜੋ ਛੁਪਾਉਣ ਯੋਗ ਹੋਵੇ

ਅਉਰ]
ਅਵਰ] ਸੰ: ਅਪਰ (ਪਹਿਲਾ) (੨) ਦੂਜਾ, ਹੋਰ

ਅਉਲ--ਅ: ਅੱਵਲ

ਅਉਲੀਆ--ਅ: ਵਲੀ ਦਾ ਬਹੁ-ਵਚਨ

ਅਸਤੀ--ਸੰ: ਅਸਥਿ; ਹੱਡੀਆਂ

ਅਸਨਾਹ]
ਅਸਨਾਹਾ] ਸੰ: ਸਨੇਹ; ਪ੍ਰੇਮ । ਫ਼ਾ: ਆਸ਼ਨਾਈ
ਅਸਨੇਹ]

ਅਸ਼ਟ--ਸੰ: ਅਸ਼ਟ; ਅੱਠ ।

ਅਸਥਿਤ--ਸੰ: ਸਿਥਤ,

ਅਸਥਾਵਰ--ਸੰ: ਸਥਾਵਰ ।

ਅਸਥਿਰ--ਸੰ: ਸਥਿਰ ।

ਅਸਥੰਭਨ--ਸੰ: ਸਤੰਭਨ, ਰੋਕਣਾ, ਠਹਿਰਾਉਣਾ, (੨) ਆਸਰਾ

ਆਮਲਿ--(ਸਿੰਧੀ) ਕਾਰਿੰਦਾ ।

ਆਵਟਣ--ਸੰ: ਆਵਤ੍ਰਿਨ--ਜਿਸ ਵਿਚ ਚੱਕਰ ਪੈਣ, ਐਸਾ ਜਲ।
ਸੰ: ਆਵਤ੍ਰਨ--ਘੁਮਾਉ, ਚਕ੍ਰ, ਗੇੜਾ

ਆਵਾਗਉਣ]
ਆਵਾਗਉਨ]
ਅਵਾਗਮਨ] ਸੰ: ਆਵਗਮਣ; ਆਣਾ ਜਾਣਾ
ਆਵਾਗਵਣੁ]
ਆਵਾਗੌਣ]

ਆਣ--ਫ਼ਾ: ਆਨ; ਇੱਜ਼ਤ ।

ਆਰਤੀ--ਸੰ: ਆਰਤਿਕ: ਉਸਤਤੀ ਲਈ ਇਸ਼ਟ ਦੇ ਫੇਰੇ ਲੈਣੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੱਥਿ—ਸੰ: ਅਤ੍ਰ; ਇਥੇ ਹੀ

ਆਬ--ਫ਼ਾ: ਪਾਣੀ ।

ਆਤਸ਼--ਫ਼ਾ: ਅੱਗ ।

ਅਸਮਾਨ--ਫ਼ਾ: ਆਕਾਸ਼; ਆਸਮਾਨ

ਅਸਾੜਾ--(ਲਹਿੰਦੀ) ਸਾਡਾ

ਅਸੁ--ਸੰ: ਅਸ਼੍ਵ; ਘੋੜਾ

ਅਹਾਜ--ਸੰ: ਅਹਾਰਯ; ਨਾ ਲੈਣ ਯੋਗ

ਅੰਹਿ--ਸੰ: ਅਹਨ; ਦਿਨ

ਅੰਹਿਲਾਦ--ਸੰ ਆਹਲਾਦ; ਅਨੰਦ

ਅਹੰਕਾਰ--ਸੰ: ਅਹਮ—ਹੰਕਾਰ

ਹਉਮੈ--ਸੰ: ਅਹਮ

ਅਹੰਕਾਰੀ—ਸੰ: ਅਹੰਕਾਰਿਨ; ਅਭਿਮਾਨੀ ।

ਅਹੰਮੇਉ]
ਅਹੰਮੇਇ] ਸੰ: ਅਹੰਮਤਿ
ਅਹੰਮੇਵ]

ਅਕਥ—ਸੰ: ਅਕਥਯ

ਅਕੁਅਣਾ—ਸੰ: ਕੂ; ਸ਼ਬਦ ਕਰਨਾ ।

ਅਖੁਟੀ—ਸੰ: ਅਖਟਿ, ਕੁਰੀਤੀ

ਅਖਾਦ, ਅਖਾਦਯ, ਅਖਾਧ—ਸੰ: ਅਖਾਦਯ; ਨਾ ਖਾਣ ਯੋਗ, ਅਭੱਖ

ਅਗੱਛਮੀ—ਸੰ: ਅਗਮਨਸ਼ੀਲ, ਅਚੱਲ

ਅਗਾਹ, ਅਗਾਧ]
ਅਗਹੁ, ਅਗਾਹ] ਸੰ: ਅਗ੍ਰਾਹਯ; ਜੋ ਫੜਿਆ ਨਾ ਜਾਵੇ

ਅਗਾਸ, ਆਕਾਸ—ਸੰ: ਆਕਾਸ਼

ਅਗੋਚਰ—ਜੋ ਗੋ (ਇੰਦ੍ਰੀਆਂ) ਦਾ ਵਿਸ਼ਾ ਨਾ ਹੋਵੇ

ਅਘ, ਅਘਾ (ਬਹੁ ਵਚਨ)--ਅਘੁ; ਪਾਪ ਕਰਨਾ

ਅਗ੍ਣੀ--ਸੰ: ਅਗ੍ਣੀ; ਆਗੂ

ਅਚਰਜ--ਸੰ: ਆਸ਼ਚਰਯ

ਅਚੁਤ--ਸੰ: ਅਚਯੁਤ; ਸਥਿਰ

ਅਚਾਰ--ਸੰ: ਆਚਾਰ; ਰਹਿਣੀ ਬਹਿਣੀ

ਅੱਜ--ਸੰ: ਅਦਯ;

ਅਜਪਾ ਜਾਪ--ਸੰ: ਅਜਪਾ; ਯੋਗ ਮਤ ਅਨੁਸਾਰ 'ਹੰਸ' ਗਾਇਤ੍ਰੀ ਜੋ 'ਹੰ' ਤੇ 'ਸ' ਦੇ ਚਿੰਤਨ ਨਾਲ ਜਪੀਦੀ ਹੈ; ਹੋਠ ਹਿਲਾਇ ਬਿਨਾਂ ਹਿਰਦੇ ਨਾਲ ਜਾਪ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਜਰਾ--ਸੰ: ਜਰਾ; ਬੁਢੇਪਾ, ਅਜਰ,

ਅਜਰਾਮਰ--ਸੰ: ਅਜਰਾਮਰ; ਬੁਢੇਪੇ ਤੇ ਮੌਤ-ਰਹਿਤ

ਅਜਰਾਵਰ--ਸੰ: ਅਜਰਾਵਰਤ; ਕਮਜ਼ੋਰ, ਜੋ ਜੋਰਾਵਰ ਨਾ ਹੋਵੇ

ਅਡੰਬਰ--ਆਡੰਬਰ (ਦਿਖਾਵਾ)

ਅਤੋਲਵੀਂ--ਬੇ-ਤੋਲ

ਅਵਰੀਤਾ--ਸੰ: ਅਵ੍ਰਿਤ, ਦੋਸ਼ ਰਹਿਤ ।

ਅਨਹਤ, ਅਨਹਦ--ਸੰ: ਅਨਾਹਤ; ਬਿਨਾਂ ਚੋਟ ਲਾਏ (ਜੋ ਵਜੇ)

ਅਨਹਤ ਸ਼ਬਦ--ਸੰ: ਅਨਾਹਤ ਨਾਦ ।

ਅਨਿਲ--ਸੰ: ਹਵਾ ।

ਅਨਲ--ਸੰ: ਅਨਲ, ਜੋ ਰਜੇ ਨਾ, ਭਾਵ ਅੱਗ

ਅਨਲ--ਸੰ: ਅਲਿਲ—ਇਕ ਪੰਛੀ

ਅਨਨ--ਸੰ: ਅਨੰਨਯ, ਹੋਰ ਕਿਸੇ ਨਾਲ ਸੰਬੰਧ ਨਾ ਰਖਣ ਵਾਲਾ ।

ਅਨੁਗ੍ਰਹ--ਸੰ: ਅਨੁਗ੍ਰਹਿ; ਕ੍ਰਿਪਾ

ਅਨੰਦ--ਸੰ: ਆਨੰਦ ।

ਅਨਰਾਧਾ--ਸੰ: ਅਨਰੁਧ, ਅਮੋੜ

ਅਨਿਯਾਉ]
ਅਨਿਯਾਇ] ਸੰ: ਅਨਯਾਇ
ਅਨਿਆ]

ਅਪਰਸ--ਸੰ: ਅਸਪਰਸ਼; ਨਾ ਛੂਹਣ ਯੋਗ, ਜੋ ਸਪਰਸ਼ ਨਾ ਕਰੇ ।

ਅਪਰੰਪਰ] ਸੰ: ਅਪਰਸਪਰ
ਅਪਰੰਪਾਰ] ਕਿਸੇ ਦੀ ਸਹਾਇਤਾ ਨਾ ਚਾਹੁਣ ਵਾਲਾ ।

ਅਪਵਾਦੀ--ਸੰ: ਅਪਵਾਦਿਨ ।

ਅਭਿਆਗਤ--ਸੰ: ਅਗੇ ਆਉਣ ਵਾਲਾ ।

ਅਪਿਆਉ--ਸੰ: ਅਪਯਾਯ, ਨਰਮ ਗ਼ਜ਼ਾ ।

ਅਪਿਉ]
ਅਪਿਓ] ਸੰ: ਅੰਮ੍ਰਿਤ
ਅਮਿਓ]

ਅਫਰਿਓ--ਜੋ ਫੜਿਆ ਨਹੀਂ ਗਿਆ; ਆਫਰਿਆ ਹੋਇਆ

ਅਫ਼ਜੂ--ਫ਼ਾ: ਭਾਵ, ਬਾਕੀ ।

ਅਬਰਨ--ਸੰ: ਅਵਰਣ ।
ਵਰਣ-ਰਹਿਤ, ਰੰਗ-ਰਹਿਤ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਣਚਾਰੀ--ਸੰ: ਅਨਾਚਾਰਿਨ; ਬੁਰੇ ਚਾਲ ਚਲਣ ਵਾਲਾ

ਅਧ੍ਰੂਵ--ਸੰ: ਭਾਵ ਨਾਪਾਏਦਾਰ

ਅਮਰ--ਸੰ: ਮੌਤ-ਰਹਿਤ (੨) ਅਰਬੀ: ਹੁਕਮ ।

ਅਮਲ--ਸਿੰਧੀ : ਅਫ਼ੀਮ (੨) ਅਮਲ, ਅਰਬੀ : ਨਸ਼ਾ

ਅਮੀਰ--ਅਰਬੀ : ਸਰਦਾਰ

ਅਰਥ--ਸੰ: ਅਰਥੁ--ਮੰਗਣਾ, ਚਾਹੁਣਾ, (੨) ਧਨ, (੩) ਮਤਲਬ, ਪਰਯੋਜਨ

ਅਰਦਾਸ--ਸੰ: ਅਰਦ (ਮੰਗਣਾ) ਆਸ (ਆਸ਼ਾ)—ਮੁਰਾਦ ਮੰਗਣ ਦੀ ਕ੍ਰਿਯਾ

ਅਰਧ--ਸੰ: ਅਰਧ; ਅੱਧਾ

ਅਰਧ ਉਰਧ--ਸੰ: ਅਧ-ਊਧਰਵ; [ਇਹ ਲੋਕ ਤੇ ਉਹ ਲੋਕ]

ਅਰਪਣ, ਅਰਪਨ--ਸੰ: ਅਰਪਣ; ਭੇਟਾ, ਦਾਨ

ਅੰਬਰ--ਸੰ: ਅੰਬਰ, ਆਕਾਸ਼ (੨) ਦਸਮ-ਦੁਆਰ

ਅੰਨਿ, ਅੰਸਾ--ਸੰ: ਅੰਸ਼; ਅੰਸਾ ਅਵਤਾਰ

ਅੰਧ]
ਅੰਧਾ] ਸੰ: ਅੰਧ, ਦਿਖਾਈ ਨਾ ਦੇਣਾ; (੨) ਨੇਤ੍ਰ-ਹੀਨ, ਨੇਤ੍ਰ ਮੁੰਦਣ
ਅੰਨ੍ਹਾ]

ਅੰਧਘੋਰ, ਅੰਧਕਾਰ--ਸੰ: ਅੰਧਿਕਾਰ

ਅੰਦੇਸਾ, ਅੰਦੇਸਰੋ--ਫ਼ਾ: ਅੰਦੇਸ਼ਾ ।

ਅੰਦਰ, ਅੰਤਰਿ--ਫ਼ਾ: ਅੰਦਰ

ਅੰਤਰਜਾਮੀ--ਸੰ: ਅੰਤ੍ਰਯਾਮੀ ।

ਅੰਤ--ਸੰ: ਅੰਤ

ਅੰਡਜ--ਸੰ: ਅੰਡਜ; ਅੰਡੇ ਤੋਂ ਪੈਦਾ ਹੋਣ ਵਾਲੇ ਜੀਵ

ਅੰਚਲ, ਅੰਚਲਾ--ਸੰ: ਅੰਚਲ--ਲੜ, ਦਾਮਨ, ਪੱਲਾ

ਅੰਜਨ--ਸੰ: ਅੰਜਨ—ਸੁਰਮਾ ।
ਸੰ: ਅਜਨ—ਏਕਾਂਤ । (੩) ਮਾਇਆ

ਅੰਭ, ਅੰਭਲਾ--ਸੰ: ਅਮਭਸ; ਜਲ

ਇਸਕ--ਅਰਬੀ : ਇਸ਼ਕ

ਇਸਨਾਨ--ਸੰ: ਸਨਾਨ; (ਸਾਫ਼ ਕਰਨਾ, ਮੈਲ ਲਾਹੁਣੀ)

ਇਸਤ੍ਰੀ--ਸੰ: ਸਤ੍ਰੀ; ਨਾਰੀ ।

ਇਕ--ਸੰ: ਏਕ, ਫ਼ਾਰਸੀ, ਯਕ ।

ਈਠ]
ਇਠ]
ਈਠੜਾ] ਸੰ: ਇਸ਼ਟ--ਚਾਹਿਆ ਹੋਇਆ, ਲੋੜੀਂਦਾ
ਇਠੜਾ]
ਇਠਾ]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇੰਦ੍ਰੀ--ਸੰ: ਇੰਦਰਯ
ਇੰਦ੍ਰੀ ਜਿਤ--ਸੰ: ਇੰਦ੍ਰਯਜਿਤ
ਏਕਤ--ਸੰ: ਏਕਤ੍ਰ; ਇਕ ਥਾਂ
ਇਫ਼ਤਰਾ--ਅਰਬੀ: ਮੁਬਾਲਗ਼ਾ, ਭਰਮ ਭੁਲੇਖਾ ।
ਸਰਗੁਣ, ਸਰਗੁਨ--ਸੰ: ਸਗੁਣ; ਗੁਣ-ਸਹਿਤ
ਸਮੁੰਦ--ਸੰ: ਸਮੁਦ੍ਰ; ਸਾਗਰ
ਸਰਬਤੁ--ਸੰ: ਸਰਵਤ੍ਰ; ਸਭ ਥਾਂ
ਸਰਬ--ਸੰ: ਸਰਵ
ਸਰਬਗ--ਸੰ: ਸਰਵੱਗਯ; ਸਭ ਕੁਝ ਜਾਣਨ ਵਾਲਾ
ਸਰਮ--ਸੰ: ਸ੍ਰਮ; ਉਦਮ
ਸਰਮ--ਫ਼ਾ: ਸ਼ਰਮ, ਹਯਾ, ਹਲੀਮੀ
ਸਾਸ--ਸੰ: ਸ੍ਵਾਸ; ਸਾਹ
ਸਾਸ--ਸੰ: ਸ੍ਵਸ਼੍ਰ; ਸੱਸ
ਸਾਲਕ--ਅ: ਰਾਹ ਦਿਖਾਣ ਵਾਲਾ
ਸਾਜ--ਫ਼ਾ: ਸਾਜ਼
ਸਾਰੰਗ--ਪਪੀਹਾ, ਸ਼ਾਰ (ਡੱਬਖੜੱਬਾ ਹੈ ਜਿਸ ਦਾ ਰੰਗ)
ਸਾਵਣ--ਸੰ: ਸ਼੍ਰਾਵਣ; ਸਾਉਣ
ਸਿਸ--ਸਿੰਧੀ : ਸਿਰ
ਸਿੱਖ--ਸੰ: ਸ਼ਿਸ਼ਯ; ਜੋ ਸ਼ਾਸ਼ਨ (ਉਪਦੇਸ਼) ਯੋਗ ਹੋਵੇ, ਚੇਲਾ
ਸਿੱਧ--ਸੰ: ਸਿੱਧ; ਸਿਧੀ ਵਾਲਾ
ਸਿਫਤ--ਅਰਬੀ : ਸਿਫ਼ਤ

ਸਿਮਰਣ]
ਸਿਮਰਨ] ਸੰ: ਸਮਰਣ--ਚੇਤਾ, ਯਾਦਾਸ਼ਤ ।
ਸਿਵਰਨ]

ਸਿਰਜਣਹਾਰੁ]
ਸਿਰਜਨਹਾਰਾ] ਸੰ: ਸਰਜਨ, ਰਚਨਾ ।

ਸਿਰਪਾਉ]
ਸਿਰਪਾਵ] ਫ਼ਾ: ਸਰੋਪਾ; ਸਿਰ ਤੋਂ ਪੈਰਾਂ ਤੀਕ; ਖ਼ਿੱਲਤ,
ਸਿਰਪਾਇ]

ਸਿਰਮੋਰ]
ਸਿਰਮੋਰਹ] ਸੰ: ਸ਼ਿਰਸ-ਮੌਲ; ਸਿਰ ਦਾ ਮੌਲ--(ਮੁਕਟ)
ਸਿਰਮੋਰਾ]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਲਕ--ਅ: ਲੜੀ; ਰਸੀ

ਸਿੱਲ--ਸੰ: ਸ਼ਿਲ--ਖੇਤੀ ਵਢਣ ਸਮੇਂ ਡਿਗੇ ਹੋਏ ਦਾਣੇ

ਸੰ: ਸ਼ਿਲਾ—ਪੱਥਰ ।

ਸਿਵ--ਸੰ: ਸ਼ਿਵ; ਸੁਖ, ਮਹਾਂਦੇਵ, ਸ਼ਾਂਤੀ, ਰੱਬ

ਸੁਆਉ--ਸੁਆਦ, ਰਸ, ਲਾਭ, ਮਤਲਬ, ਸ਼ੁਭ ਆਮਦਨ, ਸਨਮਾਨ

ਸੁਅੱਸਤ--ਸੰ: ਸ੍ਵਸਿਤ; ਕੁਸ਼ਲ-ਬੋਧਕ, ਅਸ਼ੀਰਵਾਦ

ਸੁਆਨ—ਸੰ: ਸ਼੍ਵਾਨ—ਕੁੱਤਾ

ਸੁਆਲਿਉ]

ਸੁਆਲਿਓ] ਸੰ: ਸੁ-ਆਲਯ (ਸੁੰਦਰਤਾ ਦਾ ਘਰ)

ਸੁਆਲਿਹੁ]

ਸਰੰਜਾਮ—ਫ਼ਾ: ਇੰਤਜ਼ਾਮ; ਪਰਬੰਧ

ਸੁਭਾਖਾ—ਸੰ: ਸੁਭਾਸ਼ਾ, ਚੰਗੀ ਬੋਲੀ

ਸਾਰਿੰਗ ਪਾਣਿ—ਸੰ: ਪ੍ਰਿਥਵੀ ਹੈ ਜਿਸਦੇ ਹੱਥ ਵਿਚ ।

ਸੁਇਨਾ—ਸ੍ਵਰਣ; ਸੋਨਾ

ਸੁਖ—ਸੰ: ਆਨੰਦ ।

ਸੁਕ੍ਰਿਤ—ਸੰ: ਸੁਕ੍ਰਤ; ਪੁੰਨ ਕਰਮ

ਸੁਣਨਾ—ਸੰ: ਸ੍ਰਵਣ

ਸੁਰਗ—ਸੰ: ਸ੍ਵਰਗ

ਸੁਰਤ—ਸੰ: ਸ਼ਰੁਤ

ਸੂਚਾ—ਸੰ: ਸ਼ੁੱਚ ।

ਸੂਤ—ਸੰ: ਸੂਤ੍ਰ—ਤਾਗਾ, ਡੋਰਾ, ਜਨੇਊ, ਪ੍ਰਬੰਧ

ਸੂਰ—ਸੰ: ਸੂਰਯ; ਸੂਰਜ

ਸੂਰਾ—ਸੰ: ਸ਼ੂਰ—ਯੋਧਾ ।

ਸੂਰਉ—ਸੰ: ਸ਼ੌਰਯ; ਬਹਾਦਰੀ

ਸੈ, ਸਉ—ਸੰ: ਸ਼ਤ; ਸੌ ।

ਸੇਵ—ਸੰ: ਸ਼ੇਵ—ਪਿਆਰਾ

ਸੰ: ਸੇਵਯ—ਉਪਾਸਨਾ ਯੋਗ

ਸੰ: ਸੇਵ—ਸੇਵਾ ਕਰਨਾ

ਸੰਸਾਰ, ਸੰਸਾਰੀ—ਸੰ: ਜੋ ਬਦਲਦਾ ਰਹੇ

ਸੰਚਣਾ—ਸੰ: ਸੰਚਯ; ਜਮ੍ਹਾ ਕਰਨਾ

ਸੰਜਮ—ਸੰ: ਸੰ-ਯਮ—ਚੰਗੀ ਤਰ੍ਹਾਂ ਬੰਨ੍ਹਣ ਦਾ ਕੰਮ (ਇੰਦ੍ਰੀਆਂ ਨੂੰ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਜੋਗ—ਸੰ: ਸੰਯੋਗ; ਸੰਬੰਧ

ਸੰਤ—ਸੰ: ਸ਼ਾਂਤ—ਟਿਕਿਆ ਹੋਇਆ

ਸੰਨਿਆਸੀ—ਸੰ: ਸਨਿਆਸੀਨ

ਸੰਪਟ—ਸੰ: ਢਕਣ ਦਾ ਕੰਮ (੨) ਡੱਬਾ, ਸੰਦੂਕ, ਪੜਦਾ

ਸੰਬਾਹੀ—ਸੰ: ਸੰਵਾਹਨ; ਅੰਗਾਂ ਦਾ ਮੱਲਣਾ

ਸੰਕਟ—ਸੰ: ਸੰਵਾਹ; ਬਜ਼ਾਰ (੨) ਪਹੁੰਚਾਉਣਾ, ਦੇਣਾ

ਸੰ: ਦੁਖ

ਸੈਭੰ, ਸੰਭਉ]
ਸੰਭਵਿਓ] ਸੰ: ਸ੍ਵਯੰਭੂ—ਆਪਣੇ ਆਪ ਤੋਂ ਪੈਦਾ
ਸੰਭਵਿਉ]

ਸੰਪਦਾ—ਸੰ: ਸੰਪਤਿ; ਧਨ

ਸਹਸ—] ਸੰ: ਸ਼ੱਤ; ਸੌ
] ਸੰ: ਸਹਸ੍ਰ; ਅਨੰਤ

ਸਹਸਾ—ਸੰ: ਸੰਸ਼ਯ; ਸ਼ੱਕ

ਸਹਿਜ—ਸੰ: ਸਹਿਜ; ਜੋ ਨਾਲ ਜੰਮੇ (ਆਦਤ, ਸੁਭਾ)

ਸਹਿਜ—ਸਿੰਧੀ, ਸਹਜੁ

ਸਹਲੰਙ, ਸਰਲੰਗ—ਸੰ: ਸਹਲਗਨ; ਨਾਲ ਲਗਾ; ਸੰਬੰਧਿਤ

ਸਹੀ—ਸੰ: ਸਖੀ, ਪ੍ਰਾ: ਸਹੇਲੀ; ਸਹੀ (ਅਰਬੀ) : ਠੀਕ

ਸਹੇਰੀ, ਸਹੇਲੀ]
ਸਹੇਲੜੀ] ਸੰ: ਸ-ਹੇਲਾ (ਨਾਲ ਖੇਡਣ ਵਾਲਾ)
ਸਹੇਲਾ]

ਸਹ—ਫ਼ਾ: ਸ਼ੌ; ਪਤੀ

ਫ਼ਾ: ਸ਼ਾਹ; ਬਾਦਸ਼ਾਹ

ਸਹੁ—ਸਹਾਰਨਾ, ਸੰ: ਸਹ; ਸਾਥ, ਸੰਗ

ਸਾਤਕੀ, ਸਤੋ, ਸਤ—ਸੰ: ਸਤ੍ਵ

ਸਚ—ਸੰ: ਸਤਯ

ਸਚੜਾ]
ਸਚੜਾਉ] ਸੰ: ਸਤਯ
ਸਚਉ]

ਸਤਸੰਗ—ਸੰ: ਸਤਸੰਗ

ਸੁਝਣਾ—ਸਿੰਧੀ, ਸੁਝਣ; ਅੰਤਰਗਤੀ ਜਾਨਣਾ

ਸਤਾਣ—ਸੰ: ਸ-ਤਾਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਦੇਸਾ]
ਸਦੇਸਰਾ] ਸੰ: ਸੰਦੇਸ਼
ਸਦੇਸਰੋ]

ਸਬਦ--ਸੰ: ਸ਼ਬਦ; ਆਵਾਜ਼, ਸੁਰ, ਧੁਨੀ, (੨) ਉਪਦੇਸ਼, ਬ੍ਰਹਮ, ਧਰਮ, ਸੁਨੇਹਾ

ਸਮਧਾ--ਸੰ: ਸਮਿਧ; ਹੋਮ ਲਈ ਵਰਤਣ ਯੋਗ ਕਾਠ

] ਸੰ: ਰਸ-ਸਹਿਤ; ਸਜਲ
ਸਰਸ] ਸੰ: ਸਹਸ੍ਰ; ਪ੍ਰਸੰਨ
] ਸੰ: ਸਦ੍ਰਿਸ਼; ਜੇਹਾ

ਸਰ--ਸੰ: ਸਰਸ; ਤਾਲ

ਸਿਨਾਖਤ--ਫ਼ਾ: ਸ਼ਨਾਖ਼ਤ; ਪਛਾਣ

ਸੇਤਜ--ਸੰ: ਸ੍ਵੇਦਜ

ਸਹੁ--ਸਿੰਧੀ, ਖ਼ਾਵੰਦ

ਸਾਲਿਕ--ਅ: ਰਾਹ ਦਸਣ ਵਾਲਾ

ਸਾਦਿਕ--ਫ਼ਾ: ਸਿਦਕੀ

ਸਿਲਕ--ਅ: ਰਸੀ

ਸਤ੍ਰੈ--ਸੰ: ਸਤ੍ਰੂ

ਸਾਕਤ--ਸ਼ਾਕਤ

ਸਾਖ਼ਤੀ--ਫ਼ਾ: ਸਾਖ਼ਤ ਬਨਾਵਟ ਘੋੜੇ ਦੀ ਪੂਛ ਦੀ ਪੇਟੀ

ਸ੍ਰਮ--ਸੰ: ਸ਼੍ਰਮ; ਮੁਸ਼ੱਕਤ

ਸਨਮੁਖੁ--ਸੰ: ਸੰਮੁਖ; ਹਜ਼ੂਰੀ

ਸਾਮਿਗ੍ਰੀ--ਸੰ: ਸਮਗ੍ਰੀ

ਸਤਾਬ--ਫ਼ਾ: ਸ਼ਤਾਬ; ਛੇਤੀ

ਸਲਾਰ--ਫ਼ਾ: ਸਾਲਾਰ; ਫ਼ੌਜੀ ਸਰਦਾਰ

ਸਰਬਸ--ਸੰ: ਸਰਵਸ੍ਵ; ਸਾਰਾ ਮਾਲ

ਸਰ--ਸੰ: ਸਰ; ਤੀਰ

ਸ਼ਬਗਨ--ਫ਼ਾ: ਪਵਿਤਰ

ਹਉਮੈ--ਸੰ: ਅਹੰ-ਮਮ (ਮੈਂ ਹਾਂ)

ਹੱਠ--ਸੰ: ਹੱਠ; ਜਕੜਨਾ, ਜ਼ੁਲਮ ਕਰਨਾ, ਜਬਰ ਕਰਨਾ--
(੨) ਜ਼ਿੱਦ, ਅੜੀ
ਸਿੰਧੀ ਹੱਠ--ਸ੍ਰੀਰ

ਹੱਭ--ਸਿੰਧੀ : ਹਭ, ਸਭ

ਹਰਣਾਖੀ--ਸੰ: ਹਰਣਾਖੀ; ਹਿਰਨ ਵਰਗੀਆਂ ਅੱਖਾਂ ਵਾਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਰਤਾ]
ਹਰਣ] ਸੰ: ਹਰਿਤ੍ਰ; ਚੋਰ
ਹਰਨ]

ਹੁਜਤ--ਅ: ਦਲੀਲ

ਹਲਤ, ਪਲਤ--ਸੰ: ਇਰਤਯ ਪਰਤ੍ਰ; ਇਥੇ ਉਥੇ

ਹਲ--ਸੰ: ਹਲ; ਜੋਤਣਾ, ਖਿੱਚਣਾ, ਲਕੀਰ ਕੱਢਣੀ

ਹਵਾਲ--ਅਰਬੀ; ਅਹਿਵਾਲ, ਹਾਲ

ਹਰਿ--ਸੰ:

ਹਾਜ਼ਰ ਹਜ਼ੂਰ]
ਹਾਦਰ ਹਦੂਰ] ਅ: ਹਾਜ਼ਰ, ਹਜ਼ੂਰ

ਹਿਤਕਾਰੀ--ਸੰ: ਹਿਤਕਾਰੀ

ਹਿਰਦਾ]
ਹਿਯਰਾ]
ਹਿਯਾ]
ਹੀਅਉ] ਸੰ: ਹਿਰਦਯ; ਹੀਆ, ਹੀਅੜਾ
ਹੀਓ]
ਹੀਆ]
ਹੀਅਰਾ]
ਹੀਅਰੋ]

ਹਿਰਨ--ਸੰ: ਹਿਰਨਯ; ਸੋਨਾ

ਹੇਕੜੋ]
ਹੇਕੋ, ਹੇਕੈ] ਲਹਿੰਦੀ : ਹਿੱਕ; ਇੱਕ
ਹੇਕ, ਹਿੱਕ]

ਹੈਵਰ--ਸੰ: ਹਥਵਰ; ਘੋੜਾ

ਹਲਾਹਲ--ਫ਼ਾ: ਜ਼ਹਿਰ

ਹੋਤੀ--ਸੰ: ਹੋਤ੍ਰੀ; ਅਗਨੀ-ਉਪਾਸ਼ਕ

ਹਮਾ ਤੁਮਾ--ਫ਼ਾ: ਹਮਾ ਸ਼ੁਮਾ, ਅਸੀਂ ਤੁਸੀਂ

ਹੰਕਾਰ--ਸੰ: ਅਹੰਕਾਰ

ਹਰਖ--ਸੰ: ਹਰਸ਼; ਖ਼ੁਸ਼ੀ

ਕਉਲ--ਸੰ: ਕਮਲ

ਕਉਲਾ] ਸੰ: ਕਮਲਾ; ਲਖਸ਼ਮੀ, ਜੋ ਕਮਲ ਵਿਚ ਰਹਿੰਦੀ ਹੈ ।
ਕਵਲ]

ਕਸਾਈ--ਸੰ: ਕਸ਼ਾ; ਰੱਸੀ, ਕਸਨ (੨) ਚਾਬਕ; ਕੋਰੜਾ
ਅ: ਕਸਾਈ; ਬੂਚੜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਸੁੰਭ]
ਕਸੁੰਭੜਾ] ਸੰ: ਕੁਸੁੰਭ
ਕਸੁੰਭਾ]

ਕਹਰ--ਅ: ਕਹਰ

ਕਥੂਰੀ--ਸੰ: ਕਸਤੂਰੀ

ਕਥਨੀ--ਸੰ: ਕਥਨ; ਕਹਿਣਾ

ਕਪਾਟ--ਸੰ: ਕਪਾਟ; (ਕਿਵਾੜ, ਜੋ ਹਵਾ ਨੂੰ ਬਾਹਰ ਕਢੇ ਤੇ ਰੋਕੇ), ਦਸਮ-ਦੁਆਰ

ਕਰਮ--ਸੰ: ਕ੍ਰਮ; ਕੰਮ
ਅ: ਕਰਮ; ਮਿਹਰ

ਕਰਾਮਾਤ--ਅ: ਕਰਾਮਾਤ ਦਾ ਬਹੁ-ਵਚਨ

ਕਲਵਤ, ਕਰਵਤੁ--ਸੰ: ਕਰਪਤ੍ਰ; ਆਰਾ

ਕਾਂ]
ਕਾਉ] ਸੰ: ਕਾਕ
ਕਾਂਉ]

ਕਾਗਰਾ]
ਕਾਗਦਿ]
ਕਾਗਲੁ] ਅ: ਕਾਗ਼ਜ਼
ਕਾਗਰੁ]
ਕਾਗਰ]

ਕਾਈ--ਲਹਿੰਦੀ; ਕੁਝ

ਕਾਜਰ]
ਕਾਜਲ] ਸੰ: ਕੱਜਲ
ਕਾਜਲੁ]

ਕਾਚਾ, ਪਾਕਾ--?

ਕਾਮ--ਸੰ: ਕਾਮ

ਕਾਲ, ਕਾਲੁਖਤ--ਸੰ: ਕੁਲੱਕਸ਼ਿਤ; ਕਾਲਾ

ਕਿਤੇਬ--ਅ: ਕੁਤਬ

ਕਿਰਤ--ਸੰ: ਕ੍ਰਿਤਯ; ਕਰਮ, ਕੰਮ

ਕਿਰਪਾਨਿਧ--ਸੰ: ਕ੍ਰਿਪਾਨਿਧਿ

ਕੁਆਉ--ਸੰ: ਕੂ-ਬੋਲਣਾ
ਸਿੰਧੀ: ਕਿੱਥੇ ? ਕਦੋਂ ?

ਕੁਸਲ--ਸੰ: ਕੁਸ਼ਲ; ਮੰਗਲ

ਕੁਸਮ--ਸੰ: ਕੁਸੁਮ; ਫੁੱਲ; ਕੁਸੁੰਭੇ ਦੇ ਫੁਲ ਦੀ ਥਾਂ ਵੀ ਵਰਤਿਆ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁਸੰਭੜਾ]
ਕੁਸੁੰਭਾ]
ਕੁਸੁੰਭੜੋ] ਸੰ: ਕੁਸੁੰਭਾ
ਕੁਸੁੰਭ]

ਕੁਚਲ--ਸੰ: ਕੁਚਰ; ਦੂਜੇ ਦੇ ਦੋਸ਼ ਕਹਿਣ ਵਾਲਾ

ਕੁਚੀਲ--ਸੰ: ਕੁਚੇਲ; ਮੈਲਾ

ਕੁੰਚਰ--ਸੰ: ਕੁੰਜਰ; ਹਾਥੀ

ਕਉਲ—ਸੰ: ਕਮਲ

ਕੰਕਰ—ਸੰ: ਕਿੰਕਰ; ਸੇਵਕ

ਕਦਹ—(ਕਦਹ; ਅ:)—ਕਟਣੀ

ਕਰਣ-ਪਲਾਵ--ਸੰ: ਕਾਰੁਣਯ-ਪ੍ਰਲਾਪ; ਦੁਖ ਦੀ ਕੂਕ

ਕਵਾਇ--ਅ: ਕਬਾ; ਪੋਸ਼ਾਕ

ਕਿੰਚਤ--ਸੰ: ਰਤਾ ਭਰ

ਕੁਟੰਬ—ਸੰ: ਕੁਟੁੰਬ

ਕੁੰਭਕ, ਕੁੰਭਕੁ--[ਕੁੰਭ (ਘੜੇ) ਨੂੰ ਜਿਵੇਂ ਪਾਣੀ ਨਾਲ ਭਰੀਏ, ਤਿਵੇਂ ਸਾਹ ਨਾਲ ਭਰਨਾ ਫੇਫੜੇ]

ਕੁਮ੍ਹਿਆਰ]
ਕੁਮਿਆਰਿ] ਸੰ: ਕੁੰਭਕਾਰ
ਕੁਮ੍ਹਾਰ]

ਕੁਰੰਗ—ਸੰ: ਕੁਰੰਗ

ਕੂੜ—ਸੰ: ਕੂਟ; ਝੂਠ

ਕੇਸਰ—ਸੰ: ਕੁੰਕੁਮ

ਕੋਟਿ—ਸੰ: ਕੋਟਿ; ਕ੍ਰੋੜ
ਸੰ: ਕੋਟ; ਕਿਲ੍ਹਾ

ਕੰਚਨ--ਸੰ: ਕਾਂਚਨ; ਸੋਨਾ

ਕੰਦ—ਸੰ: ਕੰਦ; ਖੇਤੀ ਦੀ ਜੜ੍ਹ

ਕੰਤ—ਸੰ: ਕਾਂਤ; ਸ੍ਵਾਮੀ, ਚਾਹੁਣ-ਯੋਗ

ਕੰਡਾ, ਕੰਟਕ--ਸੰ: ਕੰਟਕ

ਕੰਠ—ਸੰ: ਕੰਠ; ਗਲਾ

ਕੰਠਾ—ਕੰਢਾ

ਕੰਬਲੜੀ, ਕੰਬਲੀ—ਸੰ: ਕੰਬਲ; ਊਨੀ ਬਸਤ੍ਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕ੍ਰਿਪਾ, ਕਿਰਪਾ—ਸੰ: ਕ੍ਰਿਪਾ; ਕਿਰਪਾ
ਕਾੜ੍ਹਾ—? ਫ਼ਿਕਰ
ਕੇਸਵ, ਕੇਸਉ--ਸੰ: ਕੇਸ਼ਵ; ਕੇਸਾਂ ਵਾਲਾ
ਕੂਰਨ—ਸੰ: ਕ੍ਰੂਰ; ਕੂੜਾ
ਕਰੰਤੇ ਕੀ ਆਗ—ਸੰ: ਕ੍ਰਤੂ ਅਗਨਿ; ਯਗ ਦੀ ਅਗ
ਕਾਲੂਬਿ—ਅ: ਕਲੂਬ; ਉਲਟਾ
ਕਮਤਰੀਨ--ਫ਼ਾ: ਨਾਚੀਜ਼
ਖ਼ਾਮ--ਫ਼ਾ: ਕੱਚਾ
ਖ਼ੁਨਕ--ਫ਼ਾ: ਖ਼ੁਨਕੀ; ਠੰਢਾ
ਖਾਇਕ--ਫ਼ਾ: ਖ਼ਾਇਕ; ਗੱਪੀ
ਖ਼ਜ਼ੀਨਿਆ—ਫ਼ਾ: ਖ਼ਜ਼ੀਨਾ
ਖਸਮ, ਖਸਮੁ--ਅ: ਖਸਮ; ਸ੍ਵਾਮੀ
ਖਸਮਾਨਾ—ਫ਼ਾ: ਖ਼ਸਮਾਨਾ; ਮਾਲਿਕ ਦੀ ਤਰ੍ਹਾਂ
ਸਿੰਧੀ: ਕ੍ਰਿਪਾ
ਖੜਗ--ਸੰ: ਖੜਗ; ਤਲਵਾਰ
ਖਾਲਿਕ, ਖਾਲਿਕੁ--ਅਰਬੀ : ਖ਼ਾਲਕ ਪੈਦਾ ਕਰਨ ਵਾਲਾ, ਰੱਬ
ਖਤੇ--ਫ਼ਾ: ਖ਼ਤਾ; ਭੁੱਲਾਂ
ਖਿੰਥਾ, ਖਿੰਥੜ, ਖਿੰਥ--ਸੰ: ਕੰਥਾ; ਗੋਦੜੀ
ਖਿੰਧੋਲੜਾ]
ਖਿੰਧੋਲੀ]
ਖਿੰਧੜਾ] ਸੰ: ਕੰਥਾ; ਗੋਦੜੀ
ਖਿੰਧਰਾ]
ਖਲਹਲ--ਫ਼ਾ: ਖ਼ਲਲ
ਖਿਨ--ਸੰ: ਛਿਣ
ਖ਼ਾਮ--ਫ਼ਾ: ਕਚਾ
ਖ਼ੁੰਦਕਾਰ—ਫ਼ਾ: ਖ਼ੂੰਦਕਾਰ, ਬਾਦਸ਼ਾਹ
ਖ਼ੁਦਾ—ਫ਼ਾ: ਖ਼ੁਦਾ (ਸ੍ਵਯੰਭਵ); ਆਪੇ (ਖ਼ੁਦ) ਤੋਂ ਪੈਦਾ ਹੋਇਆ।
ਖੂਹ--ਸੰ: ਕੂਪ
ਖੂੰਡਾ--ਸੰ: ਕੁੰਠਿਤ; ਮੁੜਿਆ ਹੋਇਆ (ਸੋਟਾ)
ਖੰਡ--ਸੰ: ਖੰਡ; ਟੁਕੜਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਹਿਣਾ--ਸੰ: ਗ੍ਰਹਣ; ਫੜਨਾ, ਗਹਿਣਾ

ਗਮਰ--ਅ: ਬਹਾਦਰ; ਬਹਾਦਰੀ ਦੇ ਅਰਥਾਂ ਵਿਚ ਵਰਤਿਆ ਹੈ ।

ਗਰਬ--ਸੰ: ਗ੍ਰਵ; ਹੰਕਾਰ

ਗਰਭ--ਸੰ: ਗ੍ਰਭ

ਗੈਵਰ--ਸੰ: ਗਜਵਰ; ਪ੍ਰਾ: ਗਅਵਰ; ਹਾਥੀ

ਗਰੁੜਾ--ਸੰ: ਗਾਰਿਤ੍ਰ; ਰਿਝੇ ਹੋਏ ਚਾਵਲ

ਸਿੰਧੀ : ਨਰਮ

ਗਿਰਹ--ਫ਼ਾ ਗੰਢ

ਗਾਵਣ]
ਗਵਣੁ]
ਗਵਨ] ਸੰ: ਗਮਨ
ਗਵਨੁ]

ਗੋਈਆ--ਫ਼ਾ: ਗੋ; ਆਖਿਆ

ਗਾਂਠਿ]
ਗਾਠੀ]
ਗਾਂਠੀ] ਸੰ: ਗ੍ਰੰਥ; ਗੱਠ, ਗੰਢ
ਗਾਠਾ]
ਗਾਂਠਿ]

ਗੁਲਾਲ--ਸੰ: ਕੌਲਾਲ; ਪਾਣੀ

ਗਾਰਬ--ਸੰ: ਗ੍ਰਬ; ਅਭਿਮਾਨ

ਗ਼ਨੀਮਤ--ਫ਼ਾ: ਅਮੋਲਕ

ਗਿਆਨ--ਸੰ: ਗਿਯਾਨ

ਗਾਵਣਾ--ਸੰ: ਗਾਇਨ

ਗਿਰਾਸ--ਸੰ: ਗ੍ਰਾਸ; ਬੁਰਕੀ; ਗਰਾਹੀ, ਗਰਾਹ

ਗ਼ਨੀ--ਅ: ਧਨੀ

ਗੁਣ, ਗੁਣੁ--ਸੰ: ਗੁਣ; ਸਿਫ਼ਤ

ਗ਼ਲਤਾਨ--ਫ਼ਾ: ਖਚਤ

ਗ਼ੈਰਵਜਹ--ਫ਼ਾ: ਬਿਨ-ਕਾਰਨ

ਗੁਫਾ--ਸੰ: ਗੁਹਾ; ਕੰਦਰਾ

ਗੁੰਫ--ਸੰ: ਗੁੰਫ; ਗੁੰਦਣਾ; ਰਚਣਾ

ਗਿਰਹ--ਫ਼ਾ: ਪੱਲੇ

ਗੌਹਰ--ਫ਼ਾ: ਮੋਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗ਼ੁਸਲ--ਫ਼ਾ: ਨਹਾਣਾ

ਗੋਸਾਈ--ਸੰ: ਗੋਸ੍ਵਾਮੀ; ਪ੍ਰਿਥਵੀ ਦਾ ਮਾਲਕ

ਗੁਰ--ਸੰ: ਗੁਰੂ; ਸ੍ਰੀ ਧਾਤੂ ਤੋਂ ਬਣਿਆ ਹੈ, ਭਾਵ ਹੈ, ਖਾ ਜਾਣਾ ਤੇ ਸਮਝਾਉਣਾ; ਜੋ ਅਗਿਆਨ ਖਾਵੇ ਤੇ ਮਤ ਸਮਝਾਵੇ

ਗੁਰਮਤਿ, ਗੁਰਮਤੀ--ਸੰ: ਗੁਰੁ ਸੰਮਤਿ; ਗੁਰੂ ਦੀ ਰਾਇ

ਗੁਲਾਮ--ਅ: ਗ਼ੁਲਾਮ

ਗੂਜਰੀ--ਸੰ: ਗੁਰਜਰੀ; ਗੁੱਜਰ ਦੀ ਇਸਤ੍ਰੀ

ਗੈਬ—ਅ: ਗ਼ੈਬ; ਗੁਪਤ

ਗੈਰਤ—ਅ: ਗ਼ੈਰਤ, ਸ਼ਰਮ

ਗੋਬਿੰਦ--ਸੰ: ਗੋਵਿੰਦ; ਗਊ ਨੂੰ ਲਾਭ ਪਹੁੰਚਾਉਣ ਵਾਲਾ; ਗੋ (ਧਰਤੀ) ਦਾ ਰਖਵਾਲਾ

ਗੋਲਕ--ਸੰ: ਗੋਲਕ; ਗੋਲ ਚੀਜ਼, ਇੰਦ੍ਰੀਆਂ ਜਿਨ੍ਹਾਂ ਗੋਲਿਆਂ ਵਿਚ ਰਹਿੰਦੀਆਂ ਹਨ। ਫ਼ਾ: ਗ਼ੋਲਕ; ਨਕਦੀ ਰਖਣ ਦੀ ਥਾਂ

ਗੋਰਖ--ਸੰ: ਗੋਇ ਰਖਯਕ; ਵਿਸ਼ਨੂੰ

ਗਲੋਲਾ--ਫ਼ਾ: ਗਲੋਲਾ; ਮਾਵਾ

ਗ੍ਰਹ--ਸੰ: ਗ੍ਰਹ; ਲੈਣਾ, ਪਕੜਨਾ, ਅਟਕਾਉਣਾ, ਇਕੱਤ੍ਰ ਕਰਨਾ

ਗ੍ਰਹਣ--ਸੰ: ਗ੍ਰਹਣਾ; ਪਕੜਨਾ, ਲੈਣਾ

ਗ੍ਰਿਹ—ਸੰ: ਗ੍ਰਿਹ; ਘਰ

ਘਟ--ਸੰ: ਘਟ; (ਹੋਣਾ, ਘੋਟਣਾ, ਕਰਨਾ, ਇਕੱਠਾ ਕਰਨਾ, ਚਮਕਣਾ, ਦੁਖ ਦੇਣਾ, ਸ਼ਬਦ ਕਰਨਾ); ਘੜਾ

ਘਟ--ਸੰ: ਘਟਿਕਾ; ਘੜੀ, ਵੇਲਾ,

ਘਨ]
ਘਨਹਰ] ਸੰ: ਘਨ; ਬਦਲ
ਘਨਹਾਰ]

ਘਿੰਨਾ—ਲਹਿੰਦੀ; ਲਵਾਂ

ਘਿਉ]
ਘਿਆ]
ਘਿਇ] ਸੰ: ਘ੍ਰਿਤ
ਘੀਉ]
ਘੀ]
ਘੀਆ]

ਘੁਮਨਘੇਰ--ਸੰ: ਘੂਰਣ; ਘੁੰਮਣਾ; ਘੁਮੇਰੀ ਲੈਣੀ;

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਉਕਾ--੧ ਚੋਰਸ ਥਾਂ (ਰੋਟੀ ਪਕਾਣ ਦੀ ਥਾਂ)

ਚਕੋਰ--ਸੰ:

ਚੱਜ--ਸੰ: ਚਰਯ; ਸਲੀਕਾ

ਚਤੁਰ--ਸੰ: ਚਾਲਾਕ
ਸੰ: ਚਾਰ, ਸਿਆਣਾ

ਚੰਮ--ਸੰ: ਚੂਮ; ਚੰਮ

ਚਮਾਰ, ਚਮਿਆਰ--ਸੰ: ਚਮ੍ਕਾਰ

ਚਲਤ--ਸੰ: ਚਰਿਤ੍ਰ ; ਚਲਿਤਰ

ਚਲੁਲਿਆ, ਚਲੂਲਾ--ਫ਼ਾ: ਚੂੰ-ਲਾਲਹ, ਲਾਲਾ ਫੁੱਲ ਜਿਹਾ (ਰੱਤਾ)

ਚਿਹਨ, ਚਿਹਨੁ--ਸੰ: ਚਿੰਨ੍ਹ; ਝੰਡਾ, ਲੱਛਣ

ਚਉਂਦਾ--ਸਿੰਧੀ: ਬੋਲਦਾ

ਚੀਰਾ--ਫ਼ਾ: ਖਿਲਾਰਾ

ਚਾਰਾ--ਫ਼ਾ: ਵਸੀਲਾ

ਚਿੰਦਿਆ, ਚਿੰਦਿਅੜਾ--ਸੰ: ਚਿੰਤਨ; ਵਿਚਾਰ

ਚਿੜੀ--ਸੰ: ਚਟਕਾ

ਚੁਲੰਭ--ਸੰ: ਚਲੰਭ; ਸੀਤਲ

ਚੂੜਾ--ਸੰ: ਚੋਟੀ; ਬੋਦੀ

ਚੋਲਾ; ਚੋਲੜਾ--ਸੰ: ਚੋਲ; ਪੈਰਾਹਨ

ਚਿੰਜੂ--ਸੰ: ਚੰਚ; ਚੁੰਜ

ਚਵੈ--ਸਿੰਧੀ, ਬੋਲਦਾ ਹੈ

ਚਕਵੀ--ਸੰ: ਚਕ੍ਰਵਾਕੀ

ਚਾਤ੍ਰਿਕ--ਸੰ: ਚਾਤਕ

ਚਾਖੁ--ਸੰ: ਚਾਖ਼ਸ਼ਸ਼; ਨਜ਼ਰ

ਚਰਨਾਰਬਿੰਦ--ਸੰ: ਚਰਣ ਅਰਵਿੰਦ; ਚਰਨ ਕਮਲ

ਚਰਾਕ--ਫ਼ਾ: ਚਰਾਗ਼; ਰੋਸ਼ਨੀ ਦੇਣ ਵਾਲਾ ਯੰਤਰ

ਛੱਜ--ਸੰ: ਸਰੂਪ

ਛੱਤਰ, ਛੱਤ--ਸੰ: ਛੱਤਰ

ਛਬਿ--ਸੰ: ਛਵਿ; ਸ਼ੋਭਾ

ਜਗਤ--ਸੰ: ਜਗਤ; ਪਵਨ, ਵਾਯੂ, ਹਵਾ (੨) ਵਿਸ਼ਵ, ਸੰਸਾਰ
ਸੰ: ਜਗਤ੍ਰਯ; ਤਿੰਨ ਲੋਕ

ਜਨ--ਸੰ: ਜਨ; ਉਤਪੰਨ ਕਰਨਾ, ਜਣਨਾ, ਉਤਪੰਨ ਹੋਇਆ

ਜਨਮ--ਸੰ: ਜਨਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਪ--ਸੰ: ਜਾਪ; ਮੰਤਰ ਦਾ ਜਪਣਾ
ਜਪ--ਸੰ: ਜਪੁ; ਮਨ ਵਿਚ ਕਹਿਣਾ
ਜਪੰਦਾ]
ਜਪੰਥਾ]
ਜਪੰਦੜਾ] ਸੰ: ਜਪੰਸਨ; ਜਪ ਕਰਨਾ
ਜਪੰਨ]
ਜਪੰਨਾ]
ਜ਼ਰ--ਫ਼ਾ: ਜ਼ਰ; ਦੌਲਤ
ਜਲ--ਸੰ: ਜਲ; ਪਾਣੀ
ਜਾਨੀ--ਫ਼ਾ: ਪਿਆਰਾ
ਜੋਤ--ਸੰ: ਜਯੋਤਿ; ਪ੍ਰਕਾਸ਼, ਤੇਜ
ਜ਼ੋਦਰੀਆ]
ਜ਼ੋਦੜੀ] ਫ਼ਾ: ਜ਼ੁਹਦ
ਜ਼ੋਦੜੀਆ]
ਜ਼ੋਰ--ਫ਼ਾ: ਜ਼ੋਰ
ਜੰਤਰ]
ਜੰਤੀ] ਸੰ: ਜੰਤੁ; ਪ੍ਰਾਣੀ, ਜਨਮ ਲੈਣ ਵਾਲਾ
ਜੰਤ ਮੰਤ] ਸੰ: ਯੰਤ੍ਰ ; ਕਲ
ਜੰਤ] ਸੰ: ਯੰਤ੍ਰ ; ਜਾਦੂ
ਜ਼ੰਦਾਰ--ਫ਼ਾ: ਜ਼ੰਦਾਲ
ਜੀਰਾਣ--ਗੁਜਰਾਤੀ : ਕਬਰ
ਜੋਹਾਰੁ--ਮਾਗਧੀ; ਜੁਹਾਰ, ਨਮਸਕਾਰ
ਜਤ ਤਤ--ਸੰ: ਜਤ੍ਰ ਤਤ੍ਰ ; ਜਿਧਰ, ਉਧਰ ਹੀ
ਜੋਨਿ--ਸੰ: ਯੋਨਿ; ਜੂਨੀ
ਜੇਰਜ--ਸੰ: ਜਰਾਯੂ (ਬਿੰਦੂ ਤੋਂ ਪੈਦਾ ਹੋਣ ਵਾਲਾ)
ਜੁਲਾਂ--ਲਹਿੰਦੀ : ਜਾਵਾਂ
ਝੋਲਣਾ--? ਹਿਲਾਉਣਾ
ਝਕੋਲਨਾ, ਝਕਰੋਨਾ--ਝਕਝੋਰਨਾ; ਜ਼ੋਰ ਨਾਲ ਝਟਕਣਾ, ਮੱਥਣਾ
ਝਗੜਾ--? ਬਖੇੜਾ
ਝਰਣਾ--ਸੰ: ਨਿਰਝਰ, ਚਸ਼ਮਾ
ਝੁਣਕਾਰ--ਸੰ: ਝਨਤਕਾਰ (ਛਣਕਾਰ)
ਝੂਠਾ--? ਨਾਸ਼ਵਾਨ; ਜੂਠਾ; ਅਪਵਿਤ੍ਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਟੋਟ—ਸੰ: ਤ੍ਰੁਟਿ, (ਕਮੀ, ਘਾਟ)

ਠਉਰ--? ਠਹਿਰਨ ਦੀ ਥਾਂ

ਠਗਉਰੀ]

ਠਗਮੁਰੀ] ਠਗਮੂਰੀ; ਠਗਬੂਟੀ; ਨਸ਼ਿਆਲੀ ਬੂਟੀ

ਠਗਉਲੀ]

ਠੱਗ—ਸੰ: ਸਥਗ

ਠਾਕਰ--ਸੰ: ਠਾਕੁਰ; ਦੇਵਤਾ; ਇਸ਼ਟ

ਡੋਲਣ--ਸੰ: ਦੋਲਨ

ਡੋਸੜਾ]

ਡੋਸਾ] ਸੰ: ਦੋਸ਼

ਡੋਸ]

ਡੰਡਉਤ--ਸੰ: ਦੰਡਵਤ; ਡੰਡੇ ਦੀ ਤਰ੍ਹਾਂ ਲੰਮਾ ਪੈਣ

ਢੋਲਾ--? ਪਤੀ, ਲਾੜਾ, ਪਿਆਰਾ

ਤਲਬ—ਅ: ਸੱਦਾ

ਤਤ—ਸੰ: ਤਤੁ; ਬ੍ਰਹਮ, ਕਰਤਾਰ

ਤੁਰੀਆ--ਸੰ: ਤੁਰੀਯ, ਚੌਥਾ ਪਦ

ਤੱਤੁ—ਸੰ: ਤਤ੍ਵ; ਅਨਾਸਰ

ਤਪ--ਸੰ: ਤਪੁ; ਦੁਖ ਸਹਾਰਨਾ, ਤੱਪ ਕਰਨਾ, ਤੱਤਾ ਹੋਣਾ, ਸੰ: ਤਪਸ; ਤਪੱਸਿਆ

ਤਮ--ਸੰ: ਤੁਮ; ਸਾਹ ਘੁਟਿਆ ਜਾਣਾ, ਥਕ ਜਾਣਾ, ਹਨੇਰਾ

ਤਾਮਸ—ਸੰ: ਤਮਸ, ਹਨੇਰਾ; ਅਗਿਆਨ; ਕ੍ਰੋਧ

ਤਰੰਗ—ਸੰ: ਤਰੰਗ; ਲਹਿਰ

ਤਿਆਗ--ਸੰ: ਤਯਾਗ

ਤਿਲ--ਸੰ: ਤਿਲ

ਤਰਾਜੀ--ਸੰ: ਤਰਾਜ਼ੂ; ਤਕੜੀ

ਤੀਰਥ--ਸੰ: ਤੀਰਥ

ਤਮਾਇ, ਤਮਾਈ—ਅ: ਤਮਹ; ਲਾਲਚ

ਤੀਰ—ਸੰ: ਤੀਰ; ਪਾਰ ਲਾਉਣਾ, ਪੂਰਨ ਕਰਨਾ

ਤੰਤੁ—ਸੰ: ਤੰਤੁ; ਤਾਗਾ

ਤੰਬੋਲ--ਸੰ: ਤਾਬੂਲ; ਪਾਨ

ਤ੍ਰਿਣ—ਸੰ: ਤ੍ਰਣ; ਘਾਸ ਖਾਣਾ, ਚਰਨਾ

ਥੀਵਾਂ--ਲਹਿੰਦੀ, ਹੋਵਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਉਤ--ਸੰ: ਦਯੋਤ; ਪ੍ਰਕਾਸ਼

ਦਾਸ--ਸੰ: ਦਸ਼; ਦੱਸ

ਦਾਸ--ਸੰ: ਦਸਯ; ਵੈਰੀ

ਦਮ--ਸੰ: ਦਮੁ; ਜਿੱਤਣਾ, ਸ਼ਾਂਤ ਕਰਨਾ, ਦਮਨ ਕਰਨਾ,
ਫ਼ਾ: ਦਾਮ; ਨਕਦੀ

ਦਯੁ--ਸੰ: ਦਈਵ; ਵਾਹਿਗੁਰੂ

ਦਰ--ਫ਼ਾ: ਦਰਵਾਜ਼ਾ

ਦਰਿਦ--ਸੰ: ਦਾਰਿਦ੍ਰ

ਦਰਸਨ--ਸੰ: ਦੇਖਣ ਦਾ ਸਾਧਨ, ਨੇਤ੍ਰ (੨) ਦੀਦਾਰ

ਦਰਬਾਰ--ਫ਼ਾ:

ਦਰਵੇਸ--ਫ਼ਾ: ਦਰਵੇਸ਼

ਦਾਮਨਿ, ਦਾਮਨੀ--ਸੰ: ਸੌਦਾਮਨੀ; ਬਿਜਲੀ

ਦੁਆਰ--ਸੰ: ਦ੍ਵਾਰ

ਦੁਸਟਿ, ਦੁਸਟੀ--ਸੰ: ਦੁਸਟ; ਬਦੀ

ਦਿਵਾਜਾ--ਅ: ਫ਼ਾ: ਦੀਬਾਚਾ; ਦਿਖਾਵਾ, ਟੀਪ ਟਾਪ

ਦੁਹੇਰਾ, ਦੁਹੇਲਾ--ਸੰ: ਦੁਹੇਰਲਾ; ਕਠਨ ਕੰਮ

ਦੁਤਰ--ਸੰ: ਦੁਸਤਰ; ਔਖਾ ਤਰੇ ਜਾਣ ਵਾਲਾ

ਦੁਹਾਗਣ]
ਦੁਹਾਗਨਿ] ਸੰ: ਦੁਠਭਗਾ; ਖੋਟੇ ਭਾਗਾਂ ਵਾਲੀ
ਦੁਹਾਗਨੀ]

ਦਾਨਾ--ਫ਼ਾ: ਜਾਣਨ ਵਾਲਾ; ਗਿਆਨੀ

ਦੁਤੀਆ--ਸੰ: ਦ੍ਵਿਤੀਯ; ਦੂਜਾ

ਦੁਬਧਾ--ਸੰ: ਦ੍ਵਿ-ਵਿਧ; ਦ੍ਵੈਤ

ਦੁਬਲਾ, ਦੁਬਲੀਆ--ਸੰ: ਦੁਰਬਲ, ਦੁਰਬਲਾ
ਕਮਜ਼ੋਰ, ਨਿਮਰ ਹੋ ਕੇ

ਦਰਮਾਂਦਾ--ਫ਼ਾ: ਦਰਸਾਂਦਹ, ਦੀਨ, ਆਜਿਜ਼

ਦੁਲੱਭ--ਸੰ: ਦੁਰਲੱਭ

ਦੇਹ--ਸੰ: ਦਿਹ; ਵਧਣਾ, ਲੇਪ ਕਰਨਾ (੨) ਸ੍ਰੀਰ

ਧਨ--ਸੰ: ਧਨ; ਦੌਲਤ

ਧਣੀ--ਸਿੰਧੀ : ਮਾਲਕ

ਧਨ--ਸੰ: ਧਨਿਕਾ; ਇਸਤ੍ਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧਰਮ—ਸੰ: ਧ੍ਰਮ; ਜੋ ਆਪਣੇ ਸਹਾਰੇ ਖੜਾ ਕਰੇ; ਫ਼ਰਜ਼

ਧਾਤੁ--ਸੰ: ਧਾਤੁ; ਕਰਤਾਰ

ਮਾਇਆ, ਤਤ, ਆਤਮਾ, ਵਸਤੂ, ਸੁਭਾ, ਅਵਗਿਆ,

ਸਿੰਧੀ : ਵੀਰਜ

ਧੀਰਜ—ਸੰ: ਧੈਰਯਯ; ਚਿਤ ਦਾ ਟਿਕਾਉ

ਧੁੰਧੂਕਾਰ—ਸੰ: ਧ੍ਵਾਂਤਕਾਰ; ਹਨੇਰਾ

ਧੁਨੀ--ਸੰ: ਧ੍ਵਨਿ; ਨਾਦ

ਧੂੜ--ਸੰ: ਧੂਲਿ; ਗਰਦ

ਨਗਰ--ਸੰ: ਨਗਰ, ਨਗ; (ਪਹਾੜ) ਜੇਹੇ ਹੋਣ ਘਰ ਜਿਸ ਵਿਚ

ਨਰ—ਸੰ: ਨਰ; ਪੁਰਸ਼

ਨੱਟ—ਸੰ: ਨਟ, ਨੱਚਣਾ, ਨਾਟਕਕਾਰ

ਨਚਣਾ, ਨਿਰਤ--ਸੰ: ਨ੍ਰਿਤਯ

ਨਰਕ--ਸੰ: ਨਰਕ

ਨਰਬਦ—ਸੰ: ਨਰ ਅਵਦ : ਬਿਆਨ ਤੋਂ ਬਾਹਰ

[ਅਰਬਦ : ਆਰਬਧ (ਆਰੰਭ ਵਿਚ)]

ਨਵਤਨ--ਸੰ: ਨੂਤਨ; ਨਵਾਂ

ਨਾਸ—ਸੰ: ਨਾਸ਼; ਤਬਾਹੀ

ਨਾਚਨ—ਨ੍ਰਿਤਯ

ਨਾਠੀਅੜਾ—ਨਸ਼ਟ ਹੋਣ ਵਾਲਾ

ਨਾਦ—ਸੰ: ਨਾਦ; ਧੁਨਿ, ਸ਼ਬਦ

ਨਾਭ—ਸੰ: ਨਭਯ, ਪਹੀਏ ਦਾ ਮੱਧ ਅਸਥਾਨ

ਨਾਰ—ਸੰ: ਨਾਰੀ

ਨਿਸ—ਸੰ: ਨਿਸ਼ੁ; ਰਾਤ

ਨਿਸ਼ਾਨ]
ਨੀਸਾਣੁ] ਫ਼ਾ: ਨਿਸ਼ਾਨ; ਝੰਡਾ
ਨੀਸਾਨ]

ਨਿਹੋਰਾ—ਸੰ: ਮਨੋਹਾਰ; ਪ੍ਰਾਰਥਨਾ; ਨਖ਼ਰਾ

ਨਿਗੁਣੀਆ]
ਨਿਗੁਨ] ਸੰ: ਨਿਰਗੁਣ; ਗੁਣ-ਰਹਿਤ
ਨਿਗੁਣ]

ਨਿਰਬਾਣ—ਸੰ: ਨਿਰਵਾਣ; ਛੁਟਕਾਰਾ

ਨਿਰਪ—ਸੰ: ਨ੍ਰਿਪ; ਬਾਦਸ਼ਾਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਿਰਭਉ]
ਨਿਰਭਇ]
ਨਿਰਭਏ] ਨਿਰਭਯ
ਨਿਰਭੁਯ]
ਨਿਰਭੈ]

ਨਿਰਮਾਇਲ---ਸੰ: ਨਿਰਮਾਲਯ; ਦੇਵਤਾ ਉਤੇ ਚੜ੍ਹੀ ਹੋਈ ਵਸਤੂ

ਨਿਝਰ--ਸੰ: ਨਿਰਝਰ; ਝਰਨਾ

ਨਿਰਮਲ--ਸੰ: ਨਿਰਮਲ

ਨਿਰਲੱਜ, ਨਿਲੱਜ--ਸੰ: ਨਿਰਲੱਜ

ਨਿਰਮੋਲ]
ਨਿਰਮੋਲਕ] ਸੰ: ਅਮੂਲਯ
ਨਿਰਮੋਲ]

ਨਿਰੰਜਨ--ਸੰ: ਨਿਰਜਨ; ਦਾਗ਼ ਤੋਂ ਰਹਿਤ

ਨਿਰਵੈਰ--ਸੰ: ਨਿਰਵੈਰ

ਨਿਰੰਕਾਰ—ਸੰ: ਨਿਰਾਕਾਰ, ਆਕਾਰ-ਰਹਿਤ

ਨਿਉਲੀ, ਨਿਵਲੀ—ਸੰ: ਨੌਲਿ

ਨਾਂਵ--ਸੰ: ਨਾਮ

ਨੀਘਰਿਆ--ਸੰ: ਗ੍ਰਿਹਿ-ਹੀਨ

ਨੰਗਾ--ਸੰ: ਨਗਨ

ਪੰਥ--ਸੰ: ਮਯ; ਮਾਰਗ

ਪਦਮ--ਸੰ: ਪਦਮ; ਕਮਲ

ਪਨਿਹਾਰੀ—ਪਾਨੀਹਾਰ; ਜਲ ਢੋਣ ਵਾਲਾ
ਸੰ: ਪਨਯਹਾਰੀ; ਸੌਦਾ ਲੈ ਜਾਣ ਵਾਲਾ (ਸੌਦਾਗਰ)

ਪਉਣ--ਸੰ: ਪਵਨ

ਪਉੜੀ--'ਪਾਯ' (ਪੈਰ) ਰਖਣ ਦੀ ਥਾਂ

ਪਇਆਲ—ਸੰ: ਪਾਤਾਲ

ਪਸਾਉ, ਪਸਾਇ--ਸੰ: ਪ੍ਰਸਾਰ; ਵਿਸਥਾਰ

ਪਸੁ--ਸੰ: ਪਸ਼ੁ

ਪਹਿਲਾ--ਸੰ: ਪ੍ਰਥਮ

ਪਖਾਣ--ਸੰ: ਪਾਖਾਣ; ਪੱਥਰ

ਪਚ—ਸੰ: ਪਚੁ; ਪਕਾਉਣਾ, ਨਾਸ਼ ਹੋਣਾ

ਪਚਾਰ--ਸੰ: ਉਪਚਾਰ

ਪਛਤਾਪ--ਸੰ: ਪਸ਼ਚਾਤਾਪ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਟ—ਸੰ: ਪਟੁ; ਲਪੇਟਣਾ, ਹਿਸੇ ਕਰਨਾ
(੨) ਕਪੜਾ (੩) ਰੇਸ਼ਮ

ਪਟਵਾਰੀ—ਪੱਤੀਵਾਰ ਹਿਸਾਬ ਰਖਣ ਵਾਲਾ

ਪਤਨ—ਸੰ: ਪਤ; ਡਿਗਣਾ, ਇਸੇ ਤੋਂ ਪਤਿਤ ਬਣਿਆ ਹੈ।

ਪਤੰਗ—ਸੰ: ਪਤੰਗ; ਉਡਣ ਵਾਲਾ

ਪਤੀਆਇ]
ਪਤੀਣੇ]
ਪਤੀਆਰ] ਸੰ: ਪ੍ਰਤਯਯ; (ਵਿਸ਼ਵਾਸ਼-ਸਹਿਤ ਹੁੰਦਾ) ਪਤੀਜਦਾ
ਪਤੀਆਰਾ]
ਪਤੀਆਰੁ]

ਪਰਸਣਾ—ਸੰ: ਸਪਰਸ਼ ਕਰਨਾ; ਛੁਹਣਾ

ਪਰਉਕਾਰ—ਸੰ: ਪਰੋਪਕਾਰ

ਪਰਉਪਕਾਰੀ—ਸੰ: ਪਰਉਪਕਾਰਿਨ

ਪਰਛੰਨਾ—ਸੰ: ਪਰਿਛੰਨ; ਢਕਿਆ ਹੋਇਆ

ਪਰਘਰ—ਸੰ: ਪਰ-ਗ੍ਰਹਿ

ਪਰਗਾਸ—ਸੰ: ਪ੍ਰਕਾਸ਼

ਪਰਗਟ—ਸੰ: ਪ੍ਰਕਟ

ਪਰਤਾਪ—ਸੰ: ਪ੍ਰਤਾਪ

ਪਠਾਇਆ—ਸੰ: ਪ੍ਰਸਥਾਨ; ਭੇਜਿਆ

ਪਰਜਾ—ਸੰ: ਪ੍ਰਜਾ

ਪਰਚਾ—ਸੰ: ਪਰਿਚਯ

ਪਰਤੱਖ—ਸੰ: ਪ੍ਰਤਯਖ; ਅੱਖ ਦੇ ਸਾਹਮਣੇ

ਪਰਫੜੁ]
ਪਰਫੁਲਿਤ]
ਪਰਫੁੜਾ] ਸੰ: ਪ੍ਰਫੁੱਲ; ਖਿੜਿਆ ਹੋਇਆ
ਪਰਫੁਲਤਾ]
ਪਰਫੁੱਲਿਤ]

ਪਰਬਤ—ਸੰ: ਪ੍ਰਵਤ; ਪਹਾੜ

ਪਰਬੀਨ—ਸੰ: ਪ੍ਰਵੀਣ

ਪਰਬੋਧੈ—ਸੰ: ਪ੍ਰਬੋਧ ਗਿਆਨ-ਅਵਸਥਾ, ਜਾਗਣ ਦਾ ਭਾਵ

ਪਰਮੇਸੁਰ, ਪਰਮੇਸਰੁ—ਪਰਮ-ਈਸ਼; ਪਰਮੇਸ਼ੁਰ

ਪਰਲੋਕ—ਸੰ: ਪਰਲੋਕ

ਪਰਵਰਿਓ—ਸੰ: ਪਰਿਵਰਤਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੱਲਰ--ਸੰ: ਪਲਾਲ; ਦਾਣੇ ਰਹਿਤ ਫੂਸ
ਸੰ: ਪਲਲ; ਪੱਥਰ
ਸੰ: ਪਲ੍ਵਲ; ਤਲਾਬ, ਸ੍ਰੋਵਰ
ਸੰ: ਪਲਰਨ; ਤਿਆਗ

ਪਲੰਘ--ਸੰ: ਪਲਯੰਗ
ਸੰ: ਪਰਯੰਕ

ਪਵਣ--ਸੰ: ਪਵਨ

ਪਵਿਤ--ਸੰ: ਪਵਿਤ੍ਰ

ਪਾਹੁਣਾ]
ਪਾਹੁਨ] ਸੰ: ਪ੍ਰਾਘੁਣ; ਮਿਹਮਾਨ
ਪਾਹੁਨੜਾ]

ਪਖਾਣ--ਸੰ: ਪਾਖਾਣ; ਪੱਥਰ

ਪੁਰਖ--ਸੰ: ਪੁਰਸ਼

ਪੁੰਨਿਆ--ਸੰ: ਪੂਰਣਮਾ; ਪੂਰਨਮਾਸ਼ੀ

ਪੁੰਨੀਆ--ਸੰ: ਪੂਰਣ; ਪੂਰਾ

ਪਾਤਣ--ਸੰ: ਪੋਤਸਥਾਨ; ਕਿਸ਼ਤੀਆਂ ਦੇ ਅਡੇ ਤੇ ਰਹਿਣ ਵਾਲਾ

ਪਾਤੀ--ਸੰ: ਪਤ੍ਰਕਾ
ਸੰ: ਪਾਤ੍ਰਿਨ; ਪਾਤ੍ਰ ਵਾਲਾ
ਸੰ: ਪਾਤਿਨ; ਡਿਗਣ ਵਾਲਾ

ਪਾਧਰ--ਸੰ: ਪਦ੍ਰ; ਪਿੰਡ
ਸੰ: ਪਦ੍ਵ; ਰਸਤਾ

ਪਾਪੀ--ਸੰ: ਪਾਪਿਨ

ਪਾਪ--ਸੰ: ਪਾਪ

ਪਰਵਰਦਿਗਾਰ--ਫ਼ਾ: ਪਾਲਣ ਵਾਲਾ, ਰੱਬ

ਪਰਾਕਉ--ਸੰ: ਪ੍ਰਾਕ੍ਰਮ; ਉਦਮ

ਪਾਰਖੀ, ਪਾਰਖੂ--ਸੰ: ਪਰੀਖਕ

ਪਾਰਗਿਰਾਮੀ--ਸੰ: ਪਾਰਗਿਰਾਮਿਨ;
(ਸੰਸਾਰ ਤੋਂ ਪਾਰ ਜਾਣ ਵਾਲਾ)

ਪਾਰੰਗਤ--ਸੰ: ਪਾਰ ਗਿਆ ਹੋਇਆ

ਪਾਲਣਾ--ਸੰ: ਪਾਲ; ਪਾਲਣਾ ਕਰਨੀ

ਪਾਵਕ--ਸੰ: ਪਾਵਕ; ਜੋ ਪਵਿਤ੍ਰ ਕਰੇ, ਅੱਗ

ਪਾਵਨ--ਸੰ: ਪਾਵਨ; ਪਵਿੱਤ੍ਰ ਕਰਨ ਵਾਲਾ ਜਾਂ ਪਵਿੱਤ੍ਰ

ਪਯਾਨ--ਹਿੰਦੀ; ਚਲੇ ਜਾਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿਆਰਾ]
ਪਿਆਰੜਾ] ਸੰ: ਪ੍ਰਿਯ
ਪਿਰ]

ਪਿਆਲਾ—ਫ਼ਾ: ਪਯਾਲਹ, ਕਟੋਰਾ

ਪਿੰਗਲ]
ਪਿੰਗੁਰੀਆ] ਸੰ: ਪਿੰਗੁ; ਲੰਗੜਾ
ਪਿੰਗੁਲਾ]

ਪਿਰਹੜੀ—ਸੰ: ਪ੍ਰਿਯਤਾ; ਪ੍ਰੀਤ

ਪਿਰਾਣਿ, ਪਿਰਾਣੁ—ਸੰ: ਪ੍ਰਗਯਾਨ; ਬੋਧ; ਸਮਝ
ਸੰ: ਪ੍ਰਯਾਣ, ਜਾਣਾ
ਸੰ: ਪ੍ਰਾਣੀ; ਜੀਵ

ਪਿਰੰਮ—ਸੰ: ਪ੍ਰਿਯਤਮ; ਅਤਿ ਪਿਆਰਾ

ਪਿਰਥਮੀ, ਪਿਰਥਵੀ—ਸੰ: ਪ੍ਰਿਥਵੀ

ਪੀਰ—ਸੰ: ਪੀੜਾ; ਪੀੜ

ਪੁੰਡਰ—ਸੰ: ਪਾਂਡੁਰ; ਚਿਟਾ; ਪੀਲਾ

ਪੁਨੀਤ—ਸੰ: ਪੁਨੀਤ; ਪਵਿਤ੍ਰ ਕੀਤਾ ਹੋਇਆ

ਪੋਤਾ—ਫ਼ਾ: ਖ਼ਜ਼ਾਨਾ

ਪੰਦ—ਫ਼ਾ: ਨਸੀਹਤ

ਪ੍ਰਪੰਚ—ਸੰ: ਪਾਖੰਡ

ਪੁਰਬ—ਸੰ: ਪੂਰਵ; ਪਹਿਲਾਂ
ਸੰ: ਪਰਣ; ਪੁਰਬ

ਪੂਰਬਲਾ, ਪੂਰਬਲੋ—ਵੇਖੋ 'ਪੁਰਬ'

ਪੰਖੀ]
ਪੰਖੀਆ]
ਪੰਖੀਅਲੋ] ਸੰ: ਪਖਿਣ; ਪੰਖ-ਧਾਰੀ
ਪੰਖਣੂ]
ਪੰਖ]

ਪੰਚ—ਸੰ: ਪੰਚ; ਪ੍ਰਸਿੱਧ ਕਰਨਾ, ਫੈਲਾਣਾ, ਪੰਜ, ਚੌਧਰੀ, ਗੁਰਮੁਖ

ਪੰਥ, ਪੰਥੁ—ਸੰ: ਪੰਥ; ਰਸਤਾ

ਪੰਧ]
ਪੰਧਾਊ]
ਪੰਧਾਣੂ] ਸੰ: ਪਥ; ਰਸਤਾ
ਪੰਧੀ]
ਪੰਧਾਅ]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਰਬ੍ਰਹਮ—ਸੰ: ਪਾਰਬ੍ਰਹਮ

ਪ੍ਰਸਾਦ--ਸੰ: ਪ੍ਰਸਾਦ; ਖ਼ੁਸ਼ੀ
ਸੰ: ਪ੍ਰਸਾਦਿਨ; ਕ੍ਰਿਪਾ ਕਰਨ ਵਾਲਾ
ਸੰ: ਪ੍ਰਸੰਨਤਾ; ਪ੍ਰਸੰਨ ਹੋ ਕੇ ਦਿਤਾ ਭੋਜਨ

ਪ੍ਰਗਾਸ--ਸੰ: ਪ੍ਰਕਾਸ਼

ਪਰਤਾਪ--ਸੰ: ਪ੍ਰਤਾਪ

ਪ੍ਰਿਥਮੀ--ਸੰ: ਪ੍ਰਿਥਵੀ; ਫੈਲ ਜਾਣ ਵਾਲੀ

ਫੁਰਮਾਇਸ--ਫ਼ਾ: ਫ਼ਰਮਾਇਸ਼

ਫ਼ੁਰਮਾਣ, ਫ਼ੁਰਮਾਨ--ਫ਼ਾ: ਫ਼ਰਮਾਨ

ਫ਼ੁਹਾਰ--ਫ਼ਾ: ਫ਼ੱਵਾਰਾ

ਫੱਲ--ਸੰ: ਫੁੱਲ, ਖਿੜਨਾ, ਪੁਸ਼ਪ, ਹੌਲਾ

ਬੁਝਣਾ--ਸਿੰਧੀ: ਬੁਝਣ; ਵੇਖਣਾ

ਬਉਰਾ, ਬਉਰਾਨਾ--ਸੰ: ਵਾਤੂਲ-ਪਾਗਲ

ਬਸਨ--ਸੰ: ਵਸਨਯ; ਕੀਮਤੀ
ਸੰ: ਵਯਸਨ; ਵਿਸ਼ਾ

ਬਖਸਿੰਦ, ਬਖਸਿੰਦਾ--ਫ਼ਾ: ਬਖ਼ਸ਼ਿੰਦਹ

ਬਖਸ, ਬਖਸੀਸ--ਫ਼ਾ: ਬਖ਼ਸ਼ਿਸ਼

ਬਜਰ--ਸੰ: ਵਜ੍ਰ ; ਇੰਦਰ ਦੀ ਗਦਾ (੨) ਕਰੜਾ, ਸਖ਼ਤ

ਬਦਨ--ਸੰ: ਵਦਨ; ਮੁਖ

ਬਦਨਾਉ--ਫ਼ਾ: ਬਦਨਾਮ

ਬਨਜ
ਬਨਜਾਰਾ] ਸੰ: ਵਾਣਿਜਯ; ਵਪਾਰ (ਜਿਥੋਂ ਵਪਾਰੀ ਬਣਿਆ ਹੈ)
ਬਨਜਨਹਾਰਾ

ਬਪੁਰਾ, ਬਪੁੜਾ--ਸੰ: ਵਪੁ; (ਸੁੰਦਰਤਾ ਰਹਿਤ) ਕਰੂਪ, ਭਾਵ ਗੰਵਾਰ ।

ਬਰਸ--ਸੰ: ਵਰਸ਼

ਬਰਨ—ਸੰ: ਵਰਣ;
ਰੂਪ; ਸ਼ਕਲ

ਬਹੁੜ--ਬਹੁਰ; ਫਿਰ

ਬਹੁਰੀਆ--ਸ: ਵਧੂਟਿਕਾ, ਵਹੁਟੀ

ਬਹੁੜਨਾ--ਬਹੁਰ ਆਣਾ; ਫਿਰ ਆਣਾ

ਬਹੁਰੂਪਿ, ਬਹੁਰੂਪੀਆ—ਸੰ: ਬਹੁਰੂਪਿਨ

ਬਾਬਲ, ਬਾਬਾ--ਸੰ: ਸਿੰਧੀ; ਪਿਤਾ
ਫ਼ਾ: ਬਾਬਾ

ਬਾਲ, ਵਾਲ—ਫ਼ਾ: ਬਾਲ; ਵਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਉਹਾਰੀ—ਸੰ: ਵਯਵਹਾਰਿਨ; ਵਿਹਾਰੀ; ਵਯਾਪਾਰੀ, ਵਪਾਰੀ
ਬਿਸਮਾਦ, ਬਿਸਮ—ਵਿਸਮਯਪ੍ਰਦ, ਹੈਰਾਨੀ ਦੇਣ ਵਾਲਾ, ਸਹਿਜ ਅਨੰਦ
ਬਿਸਮ--ਵਿਸਮਯ
ਬਿਸਰਾਮ-- ਵਿਸ਼੍ਰਾਮ
ਬਿਖਾਦ--ਸੰ: ਵਿਖਾਦ; ਜੜ੍ਹਤਾ; ਵਿਵਾਦ
ਬਿਗਾਸ—ਵਿਕਾਸ; ਖਿੜਨਾ

ਬਿਜੁਰੀ
ਬਿਜੁਲ } ਸੰ: ਵਿਦਯੁਤ; ਬਹੁਤ ਚਮਕਣ ਵਾਲੀ
ਬਿਜੁਲੀ

ਵਿਡਾਣੀ
ਬਿਡਾਨੀ } ਸੰ: ਵਿਡੰਬਨ; ਦਿਖਾਵਾ ਕਰਨਾ
ਵਿਡਾਣੀ ਧੋਖਾ ਦੇਣਾ

ਬਿਪ੍ਰੀਤ—ਸੰ: ਵਿਪਰੀਤ; ਉਲਟਾ, ਵਿਰੁਧ
ਬਿਥਾਰ—ਸੰ: ਵਿਸਤਾਰ
ਬਿਰੁਧਉ, ਬਿਰੂਧੀ—ਸੰ: ਰੁੱਧ; ਰੁਝਿਆ
ਬਿਰਧ—ਸੰ: ਵ੍ਰਿਧੀ; ਵਾਧਾ
ਬਿਲਾਈ—ਸੰ: ਵਿਡਾਲੀ; ਬਿਲੀ
ਬੀਠਲਾ—ਸੰ: ਮਰਾਠੀ: ਵਿਠਲ (ਇਸ਼ਟ ਦੇਵ), ਜੋ ਮੂਰਖਾਂ ਨੂੰ ਵੀ ਅਪਣਾਇ
ਬੀਚਾਰ—ਸੰ: ਵਿਚਾਰ
ਬੁਧ--ਸੰ: ਬੁੱਧ; ਜਾਗਿਆ ਹੋਇਆ; ਗਿਆਨੀ
ਬੇਦ—ਸੰ: ਵੇਦ; ਗਿਆਨ
ਬੰਕ, ਬੰਕੜਾ—ਸੰ: ਵੰਕ; ਬਾਂਕਾ
ਬਾਂਛਤ—ਸੰ: ਵਾਂਛਤ; ਮਨ-ਇੱਛਤ
ਬੀਨਾ—ਫ਼ਾ: ਸੁਜਾਖਾ, ਵੇਖਣ ਵਾਲਾ, ਦੂਰ-ਦ੍ਰਿਸ਼ਟਾ
ਬਿਧਾਤਾ—ਸੰ: ਵਿਧਾਤ੍ਰੀ; ਕਰਤਾਰ
ਬੈ—ਅ: ਮੁਲ ਲੈਣਾ
ਭਉਰ, ਭਉਰਾ—ਸੰ: ਭ੍ਰਮਰ; ਭੌਰਾ

ਭਉਣ]
ਭਉਦਾ] ਸੰ: ਭ੍ਰਮਣ
ਭਉਦੀਆ]

ਭਇਓ—ਸੰ: ਭੂ; ਹੋਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਇਆਨ]
ਭਇਆਣ] ਸੰ: ਭਯਾਨਕ
ਭਇਆਨਕ]

ਭਸਮ—ਸੰ: ਭਸਮਨ; ਸੁਆਹ

ਭਗਤ—ਸੰ: ਭਕਤ

ਭਜਨ—ਸੰ: ਭਜਨ; ਪੂਜਣਾ

ਭਗਤ-ਵਛਲ—ਸੰ: ਭਕਤ ਵਤਸਲ; ਭਗਤਾਂ ਦਾ ਪ੍ਰੇਮੀ

ਭਰਾਂਤਿ]
ਭਰਾਂਤਿ]
ਭਰਾਂਦਿ] ਸੰ: ਭ੍ਰਾਂਤਿ; ਭ੍ਰਮਣ
ਭਰਾਂਨਿ]

ਭਵਣਾ—ਸੰ: ਭ੍ਰਮਣਾ

ਭਵ—ਸੰ: ਭੂ; ਹੋਣਾ, ਹਸਤੀ

ਭਵਸਾਗਰ, ਭਵਜਲ—ਸੰ: ਸੰਸਾਰ-ਸਾਗਰ

ਭਵਰਾ—ਸੰ: ਭ੍ਰਮਰ

ਭਾਂਡਾ—ਸੰ: ਭਾਂਡ

ਭਾਂਡ—ਸੰ: ਭੰਡ

ਭਿਖਿਆ—ਸੰ: ਭਿਖਾ

ਭਿਖਾਰੀ, ਭੇਖਾਰੀ—ਭਿੱਖਕ

ਭੁਗਤ—ਸੰ: ਭੁਕਤਿ; ਭੋਗ, ਭੋਜਨ

ਭੁੰਚ, ਭੋਗ—ਸੰ: ਭੁਜ; ਪਾਲਣਾ, ਖਾਣਾ, ਅਨੰਦ ਲੈਣਾ

ਭੁਅੰਗ]
ਭੁਅੰਗਮ] ਸੰ: ਭੁਜੰਗ
ਭੁਅੰਗਾ]

ਮਹਿੰਜਾ, ਮਹਿੰਡਾ—ਸਿੰਧੀ: ਮਹਿੰਜੋ

ਮੂ—ਲਹਿੰਦੀ: ਮੈਂ

ਮਥਾਇ]
ਮਥਾਇਣਾ]
ਮਥਾਣੈ]
ਮਥਾਹੜੈ] ਸੰ: ਮਸਤਕ; ਮੱਥਾ
ਮਥਾਨਿ]
ਮਥਾਨਾ]
ਮਥਾਰੀਐ]
ਮਥਾਮਾ]

ਮੇਦਨੀ—ਸੰ: ਸ੍ਰਿਸ਼ਟੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਨਚਿੰਦਿਆ]
ਮਨਚਿੰਦਿਅੜਾ] ਸੰ: ਮਨਚਿੰਤਤ; ਮਨ-ਇੱਛਤ
ਮਨਚਿੰਤਤ]
ਮਨਬਾਂਛਤ, ਮਨਬੰਛਤ—ਸੰ: ਮਨਵਾਂਛਿਤ; ਮਨ-ਇੱਛਤ
ਮਨਮੁਖ—ਸੰ: ਵਿਮੁਖ
ਮਨ—ਸੰ: ਮਨਸ; ਦਿਲ

6934

ਮਹਲ—ਫ਼ਾ:
ਮੁਸਕ—ਫ਼ਾ: ਮੁਸ਼ਕ; ਕਸਤੂਰੀ
ਮੁਕਤਿ—ਸੰ: ਮੁਕਿਤ
ਮੁਠੜੀ, ਮੁਠੜਾ—ਸੰ: ਮੁਸਨ; ਲੁਟਿਆ

पुस्तकालय गुरुकुल कांगड़ी विश्वविद्यालय

ਮੋਖ—ਸੰ: ਮੁਕਤਿ
ਸੰ: ਮੋਖਸ਼
ਜਗ—ਸੰ: ਯਗ
ਰੇਖਿਆ—ਸੰ: ਰੇਖ; ਰੇਖਾ
ਰਣਝੁੰਝਣਾ]
ਰਣਝੁੰਝਨਣਾ] ਸੰ: ਰਣਤਕਾਰ, ਘੁੰਘਰੂ ਆਦਿ ਦੀ ਛਣਕਾਰ,
ਰਣਝੁਣਕਾਰ] ਜੰਗ ਦੇ ਵਾਜੇ ਜਾਂ ਸ਼ਸਤ੍ਰ ਦੀ ਧੁਨੀ
ਰੰਵਾਣੈ—ਫ਼ਾ: ਰੰਜ, ਦੁਖ
ਰੂਪ—ਸੰ: ਰੂਪ
ਰਤਨਾਗਰ—ਸੰ: ਰਤਨਾਕਰ, ਰਤਨ ਪੈਦਾ ਕਰਨ ਵਾਲਾ (ਗੁਰੂ, ਰੱਬ)
ਰਾਜਸ—ਸੰ: ਰਜਸ, ਮਾਯਾ ਦਾ ਤਿੰਨ ਗੁਣਾਂ ਵਿਚੋਂ ਇਕ ਗੁਣ, ਜੋ ਮੋਹ ਤੇ ਹੰਕਾਰ ਦਾ ਕਾਰਣ ਹੈ।
ਲਾਲਾ—ਫ਼ਾ: ਲਾਲਹ, ਸੇਵਕ
ਵਰਨ—ਸੰ: ਵ੍ਰਣ, ਰੰਗ
ਵਿਗਸਾਤ]
ਵਿਗਸਤ]
ਵਿਗਸੈ] ਸੰ: ਵਿਕਾਸ਼
ਵਿਗਸੰਦਾ]
ਵਿਗਸਾਵਗੋ]
ਵਿਗਸਿਆ] ਸੰ: ਵਿਕਾਸ਼
ਵਿਜੋਗ—ਵਿਯੋਗ
ਵੇਸ—ਸੰ: ਵੇਸ਼, ਲਿਬਾਸ
ਵਰਭੰਡ—ਸੰ: ਬ੍ਰਹਮਾਂਡ
ਵਿਡਾਣ—ਸੰ: ਵਿਡੰਬਨ, ਅਸਚਰਜ, ਹੈਰਾਨ ਕਰਨ ਵਾਲਾ, ਧੋਖਾ ਦੇਣ ਦੀ ਕਿਰਿਆ ਜਾਂ ਆਸ
ਵੰਞਾਂ—ਲਹਿੰਦੀ, ਜਾਵਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY
Acces on
Class on
Cat on
Tag etc.
Checked
Any Other

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਨਹਦ ਨਾਦ (ਕਵਿਤਾ)

''ਇਹ ਇਕ ਮਹਾਨ ਕਵੀ ਦੀ ਕ੍ਰਿਤ ਹੈ''—
ਡਾ: ਜ਼ਾਕਿਰ ਹੁਸੈਨ ''ਇਹ ਭਵਿਖ ਦੀ ਕਵਿਤਾ ਹੈ।''
ਇਸ ਦਾ ਪ੍ਰਭਾਵ ਆਉਂਦੀਆਂ ਸਦੀਆਂ ਤੀਕ ਰਹੇਗਾ।''

[ਆਲ ਇੰਡੀਆ ਰੇਡੀਓ, ਦਿਲੀ]

ਹਨੇਰੇ ਸਵੇਰੇ (ਕਵਿਤਾ)

''ਡਾ: ਗੋਪਾਲ ਸਿੰਘ ਨੇ ਇਕ ਨਵੀਂ ਭਾਂਤ ਦੀ ਕਵਿਤਾ ਨੂੰ ਜਨਮ ਦਿਤਾ ਹੈ, ਜੋ ਅਗੇ ਕਿਸੇ ਕਵੀ ਨੇ ਨਹੀਂ ਸੀ ਕੀਤਾ। ਉਸ ਦੇ ਅਲੰਕਾਰ, ਉਸ ਦੇ ਤਿਖੇ ਕਟਾਖ਼ਸ਼, ਉਸ ਦੇ ਵਿਚਾਰ ਮਨ ਵਿਚ ਇਕ ਅਨੋਖੀ ਹਿਲਜੁਲ ਪੈਦਾ ਕਰ ਦੇਂਦੇ ਹਨ।...ਇਸ ਕਵਿਤਾ ਦੀ ਦਾਦ ਨਾ ਦੇਣੀ ਕ੍ਰਿਤਘਣਤਾ ਹੋਵੇਗੀ।''

[ਸੰਤ ਸਿੰਘ ਸੇਖੋਂ]

"ਪੰਜਾਬੀ ਸਾਹਿਤ ਦਾ ਇਤਿਹਾਸ"

''ਡਾ: ਗੋਪਾਲ ਸਿੰਘ ਨੇ ਪੰਜਾਬੀ ਨੂੰ ਸਾਇੰਸੀ ਤੇ ਟਕਸਾਲੀ ਸਾਹਿਤਿਕ ਪਰਖ ਵਿਚ ਸਭ ਦੀ ਅਗਵਾਈ ਕੀਤੀ ਹੈ। ਉਸ ਨੇ ਪਰਖ ਦੀ ਨਵੀਂ ਸ਼ਬਦਾਵਲੀ ਘੜੀ ਤੇ ਸਾਡੇ ਸਾਹਿਤ ਨੂੰ ਨਵੇਂ, ਅਜੋਕੇ ਸੋਹਜਵੰਦ ਅਰਥ ਦਿਤੇ ਹਨ।'' [ਗੁਰਬਚਨ ਸਿੰਘ ਤਾਲਿਬ]

"ਗੁਰੂ ਗ੍ਰੰਥ ਸਾ: ਦੀ ਸਾਹਿਤਿਕ ਵਿਸ਼ੇਸ਼ਤਾ"

''ਇਕ ਅਤੀ ਉਤਮ ਸਾਹਿਤਿਕ ਪਰਖ ਦਾ ਨਮੂਨਾ''

[ਇੰਡੀਅਨ ਲਿਟ੍ਰੇਚਰ]

ਮਾਇਆ ਤੇ ਬ੍ਰਹਮ (ਕਹਾਣੀਆਂ)

''ਇਤਨੀ ਸਚਿਆਈ, ਇਤਨੀ ਗਹਿਰਾਈ, ਅਜੇਹੀ ਹੁਨਰੀ ਤਕਨੀਕ—ਮੈਂ ਪੜ੍ਹਕੇ ਮੁਗਧ ਹੋ ਗਿਆ ਹਾਂ।''

[ਡਾ: ਮੋਹਨ ਸਿੰਘ]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਸੰਸਾਰ ਪ੍ਰਸਿਧ ਕਵੀ, ਵਿਚਾਰਵਾਨ, ਇਤਿਹਾਸਕਾਰ ਤੇ ਸਾਹਿਤਿਕ ਪਾਰਖੂ, ਡਾ: ਗੋਪਾਲ ਸਿੰਘ (ਜਨਮ : 29 ਨਵੰਬਰ 1917) ਨੇ ਪੰਜਾਬੀ ਤੇ ਅੰਗ੍ਰੇਜ਼ੀ ਦੋਹਾਂ ਦੇ ਸਾਹਿਤ ਨੂੰ ਭਰਪੂਰ ਭਾਗ ਲਾਏ ਹਨ। ਉਨ੍ਹਾਂ ਦਾ ਸਮੁਚੇ ਗੁਰੂ ਗ੍ਰੰਥ ਸਾਹਿਬ ਦਾ ਅੰਗ੍ਰੇਜ਼ੀ, ਛੰਦ-ਮੁਕਤ ਕਵਿਤਾ ਵਿਚ ਸਭ ਤੋਂ ਪਹਿਲਾਂ ਅਨੁਵਾਦ (ਜੋ ਹੁਣੇ-ਹੁਣੇ ਛੇਵੀਂ ਵਾਰ, ਚਾਰ ਜਿਲਦਾਂ ਵਿਚ ਛਪਿਆ ਹੈ) ਸਿੱਖ ਤੇ ਸਾਰੇ ਸਾਹਿਤਿਕ ਤੇ ਧਾਰਮਕ ਜਗਤ ਨੂੰ ਇਕ ਅਨੂਪਮ ਦੇਣ ਹੈ। ਇਸ ਤੋਂ ਬਿਨਾਂ ਪੰਜਾਬੀ ਕਵਿਤਾ ਦੀਆਂ ਪੰਜ ਕਿਤਾਬਾਂ (ਝਨਾਂ, ਹਨੇਰੇ ਸਵੇਰੇ, ਅਨਹਦ ਨਾਦ, ਚਾਨਣ ਦਾ ਪਹਾੜ, ਸਦ-ਜੀਊਂਦਾ ਮਨੁਖ); ਤੇ ਅੰਗ੍ਰੇਜ਼ੀ ਵਿਚ ਦੋ, ਉਨ੍ਹਾਂ ਨੂੰ ਕਵਿਤਾ ਦੇ ਖੇਤਰ ਵਿਚ ਵੀ ਅਤਿ ਉਤਮ ਅਸਥਾਨ ਦਿਵਾਂਦੀਆਂ ਹਨ। ਇਸ ਕਵਿਤਾ ਨੂੰ ਜਰਮਨ ਮਹਾਂ ਕਵੀ ਗੋਇਟੇ ਤੇ ਅੰਗ੍ਰੇਜ਼ੀ ਦੇ ਮਹਾਂਕਵੀ ਕੀਟਸ ਦੇ ਟਾਕਰੇ ਦੀ ਆਖਿਆ ਗਿਆ ਹੈ।

ਆਪ ਰਾਸ਼ਟਰਪਤੀ ਵਲੋਂ ਭਾਰਤ ਦੀ ਪਾਰਲੀਮੈਂਟ ਦੇ ਨਾਮਜ਼ਦ ਮੈਂਬਰ ਵੀ ਰਹਿ ਚੁਕੇ ਹਨ, ਐਂਬੇਸੇਡਰ (ਰਾਜਦੂਤ) ਵੀ, ਤੇ ਘੱਟ-ਗਿਣਤੀ ਕਮਿਸ਼ਨ ਦੇ ਚੇਅਰਮੈਨ ਵੀ। ਆਪ ਅਜਕਲ੍ਹ ਗੋਆ ਦੇ ਗਵਰਨਰ (ਰਾਜਪਾਲ) ਹਨ। ਸਾਹਿਤਿਕ ਸੇਵਾ ਲਈ ਆਪ ਨੂੰ ਅਨੇਕਾਂ ਹੀ ਡਿਗਰੀਆਂ, ਸੋਨੇ ਦੇ ਤਮਗੇ, ਅਭਿਨੰਦਨ ਗ੍ਰੰਥ ਤੇ ਸਨਮਾਨ ਪੱਤਰ ਮਿਲ ਚੁਕੇ ਹਨ।

CC-0. In Public Domain. Gurukul Kangri Collection, Haridwar